ਟ੍ਰਸਟ ਵੱਲੋਂ ਇਹ ਪੁਸਤਕਾਂ ਛਪ ਚੁਕੀਆਂ ਹਨ ਤੇ ਕੁਝ ਛਪ ਰਹੀਆਂ ਹਨ

1. ਸਰਲ ਅਤੇ ਅਨੁਭਵੀ ਅਰਥ ਸ੍ਰੀ ਜਪੁ ਜੀ ਸਾਹਿਬ (ਛਪ ਚੁਕੀ ਹੈ।)
2. ਸਰਲ ਅਤੇ ਅਨੁਭਵੀ ਅਰਥ ਸ੍ਰੀ ਜਾਪੁ ਸਾਹਿਬ ਜੀ ਅਤੇ ਸੁਧਾ ਸਵਯੇ (ਛਪ ਚੁਕੀ ਹੈ।)
3. ਕਥਾ ਸ੍ਰੀ ਜਪੁ ਜੀ ਸਾਹਿਬ (ਸੰਤ ਸੰਗਤ ਸਿੰਘ ਜੀ ਮਹਾਰਾਜ ਦੀ ਆਪਣੀ ਰਸਨਾ ਤੋਂ) (ਛਪ ਚੁਕੀ ਹੈ।)
4. ਸ੍ਰੀ ਸੁਖਮਨੀ ਸਾਹਿਬ (ਹਰ ਤੁਕ ਦੇ ਸਾਹਮਣੇ ਸੁਗਮ ਅਰਥ) (ਛਪ ਚੁਕੀ ਹੈ।)
5. ਸ੍ਰੀ ਚੌਪਈ ਸਾਹਿਬ (ਛਪ ਚੁਕੀ ਹੈ।)
6. ਸਵਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੧੩੮੫ ਤੋਂ ੧੪੦੯ (ਛਪ ਚੁਕੀ ਹੈ।)
7. ਜੀਵਨ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਂਰਾਜ (ਕਥੜੀਆ ਸੰਤਾਹ ੪ ਭਾਗਾਂ ਵਿਚ) (ਛਪ ਚੁਕੀ ਹੈ।)
8. ਧਯਾਨ ਹਿਰਦੇ (ਛਪ ਚੁਕੀ ਹੈ।)
9. ਕਰਮ ਨਾਮ ਬਰਣਤ ਸੁਮਤਿ (ਛਪ ਚੁਕੀ ਹੈ।)
10. ਕਥਾ ਸ੍ਰੀ ਬਾਰਹ ਮਾਹਾ (ਛਪ ਚੁਕੀ ਹੈ।)

ਜੋ ਪੁਸਤਕਾਂ ਛਪਣ ਲਈ ਤਿਆਰ ਹਨ

1. ਸੋ ਦਰੁ ਰਹਰਾਸਿ ਸਾਹਿਬ, ਸ੍ਰੀ ਅਨੰਦੁ ਸਾਹਿਬ, ਸ੍ਰੀ ਆਸਾ ਜੀ ਦੀ ਵਾਰ, ਸਹਿਸਕ੍ਰਿਤੀ ਅਤੇ ਮੁਸ਼ਕਲ ਸ਼ਬਦਾਂ ਦੇ ਸੁਗਮ ਅਰਥ (ਜੋ ਸ੍ਰੀਮਾਨ ਸੰਤ ਜੀ ਮਹਾਰਾਜ ਕਮਾਲੀਏ ਵਾਲਿਆਂ ਨੇ ਪਟਿਆਲੇ ਸੰਗਤਾਂ ਵਿਚ ਕੀਤੇ ਸਨ)
2. ਕਾਨਫਰੰਸਾਂ ਅਤੇ ਦੀਵਾਨਾਂ ਤੇ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਦੇ ਭਾਸ਼ਣ।
3. ਗੁਰਮਤਿ ਵਿਚ ਵਾਹਿਗੁਰੂ ਜੀ ਦੀ ਪ੍ਰਾਪਤੀ ਦੇ ਸਾਧਨ।

ਪੁਸਤਕਾਂ ਮਿਲਣ ਦਾ ਪਤਾ

ਸ੍ਰ.ਬੀ.ਟੀ ਸਿੰਘ (ਐਡਵੋਕੇਟ)
ਏ-28 ਨੀਤੀ ਬਾਗ,
ਨਵੀਂ ਦਿੱਲੀ-110049
ਫੋਨ : 011-32932856

ਭਾਈ ਪ੍ਰਕਾਸ਼ ਸਿੰਘ
76-ਬੀ, ਮਾਡਲ ਟਾਊਨ,
ਪਟਿਆਲਾ-147001
ਫੋਨ : 0175-2200241

ਨਾਮੁ ਨ ਵਿਸਰੈ ਸੰਤ ਪ੍ਰਸਾਦਿ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ
ਆਲੌਕਿਕ ਪ੍ਰਸੰਗ

ਲਿਖਤ
ਸੰਤ ਕਰਤਾਰ ਸਿੰਘ ਜੀ ਕਮਾਲੀਏ ਵਾਲੇ

ਸਭ ਹੱਕ ਰਾਖਵੇਂ ਹਨ।

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਨਾਮੁ ਨ ਵਿਸਰੈ ਸੰਤ ਪ੍ਰਸਾਦਿ

ਲਿਖਤ :
ਸੰਤ ਕਰਤਾਰ ਸਿੰਘ ਜੀ ਕਮਾਲੀਏ ਵਾਲੇ

ਪ੍ਰਕਾਸ਼ਕ :
ਟਰੱਸਟ ਯਾਦਗਾਰੀ ਅਸਥਾਨ:
ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਕਮਾਲੀਏ ਵਾਲੇ
76-ਬੀ ਮਾਡਲ ਟਾਊਨ, ਪਟਿਆਲਾ। (ਪੰਜਾਬ)

ਸਮਰਪਨ

ਉਨ੍ਹਾਂ ਗੁਰਮੁਖ ਆਤਮਾਵਾਂ ਨੂੰ

"ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥"



ਨਾਮ - ਰਸ ਦੇ ਚਸ਼ਮੇ, ਸਦਾਰੱਬੀ ਰੰਗ ਰਤੇ
ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ

ਲੇਖ ਸੂਚੀ

ਵਿਸ਼ਾ	ਪੰਨਾ
ਪ੍ਰਾਰੰਭਕ ਬਿਨੈ	ੳ
ਦੂਸਰੀ ਵੇਰ	ਹ
ਹੋ ਗਏ	1
ਲਗਨ ਉਤੇਜਨਾ	3
ਜਪੀਐ ਨਾਮੁ ਅੰਨਿ ਕੈ ਸਾਦਿ	7
ਤਾਜ਼ਿਆਨਾ	9
ਨਾਮੁ ਨ ਵਿਸਰੈ	12
ਲੈ ਨਰਜਾ ਮਨੁ ਤੋਲੈ ਦੇਵ	15
ਨਾਮ ਰਸ ਤੇ ਸੂਖਸ਼ਮ ਮੇਲ	17
ਹਮ ਕਭੀ ਨਹੀਂ ਆਵੇਂਗੇ	20
ਨਾਮੁ ਨ ਵਿਸਰਉ ਇਕੁ ਖਿਨੁ ਸਚਾ ਇਹੁ ਕੀਜੈ ਦਾਨਾ	22
ਬਾਣੀ ਗੁਰੂ ਗੁਰੂ ਹੈ ਬਾਣੀ	25
ਅਬ ਕਭੀ ਨਹੀਂ ਭੂਲੇਗਾ	27
ਇਛਾ ਪੂਰਕੁ ਸਰਬ ਸੁਖ ਦਾਤਾ ਹਰਿ	31
ਜਾਗਤ ਜੋਤਿ ਜਪੈ ਨਿਸ ਬਾਸੁਰ	33
ਗੁਰਮੁਖ ਸਉ ਕਰਿ ਦੋਸਤੀ	35
ਮੁਸਕਿ ਝਕੋਲਿਆ	37
ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹਿ ਕੋਈ	39
ਬਚਨੁ ਗੁਰੂ ਜੋ ਪੂਰੇ ਕਹਿਓ	42
ਰਵਿ ਮੈਲਾ ਮੈਲਾ ਹੈ ਚੰਦੁ	44
ਦਿਲ ਦਰਵਾਨੀ ਜੋ ਕਰੇ	48
ਵਿਛੜਿਆਂ ਮੇਲੇ ਭਾਗ–ਪਹਿਲਾ	50
ਵਿਛੜਿਆਂ ਮੇਲੇ ਭਾਗ–ਦੂਜਾ	53
ਸੁਪਨ–ਸੁਨੇਹਾ	59
ਗੁਰਮੁਖ–ਮੇਲ	63
ਮਾਇਆ ਸਾਖ਼ਸ਼ੀ	73
ਨਾਨਕ ਕੈ ਘਰਿ ਕੇਵਲ ਨਾਮੁ	75

੧ੳ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਪ੍ਰਾਰੰਭਕ ਬਿਨੈ

ਸੱਤਵੀਂ ਗੁਰਜੋਤ, ਸ੍ਰੀ ਗੁਰੂ ਕਰਤਾ ਹਰਿ ਰਾਇ ਸਾਹਿਬ ਜੀ ਤੋਂ ਵਰੋਸਾਏ, ਸਤਯ ਭਾਈ ਸ਼ਾਮੂ ਸਚਿਆਰ ਜੀ ਦੀ ਬੰਸ ਵਿਚ ਆਏ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਦੇ ਸਪੁੱਤਰ ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਦੀ ਅਨੰਤ ਮਿਹਰ ਬਖਸ਼ਿਸ਼, ਪਿਆਰ-ਸਤਿਕਾਰ, ਸੰਗਤ ਅਤੇ ਨਿਕਟਵਰਤੀ ਹੋਣ ਦਾ ਸੁਭਾਗ, ਮਾਨੋ ਵਿਰਸੇ ਵਿਚ ਹੀ ਮਿਲਿਆ ਸੀ :

ਸੰਤ ਕਰਤਾਰ ਸਿੰਘ ਜੀ ਦੀ ਲਿਖਤ ਅਨੁਸਾਰ ਆਪ ਜੀ ਦੇ ਪਿਤਾ-ਸੰਤ ਸੰਗਤ ਸਿੰਘ ਜੀ ਮਹਾਰਾਜ ਦੀ ਜੀਭ ਤੋਂ ਇਹ ਅੱਖਰ ਸਦਾ ਹੀ ਗੁਰਮੁਖ ਸਤਿਪੁਰਸ਼ (ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ) ਦੇ ਆਲੌਕਿਕ ਪਿਆਰ ਵਿਚ ਨਿਕਲਦੇ ਸਨ :

"ਫਕਰੇ ਊ ਫਕਰ ਰਾ ਸਰਫਰਾਜ਼ੀ" (ਭਾਈ ਨੰਦ ਲਾਲ ਜੀ) ਅਰਥਾਤ-ਰੱਬ ਦਾ ਫਕੀਰ, ਫਕੀਰੀ ਨੂੰ ਚਾਰ ਚੰਨ੍ਹ ਲਗਾ ਦਿੰਦਾ ਹੈ।

ਸ੍ਰੀ ਸੰਤ ਜੀ ਮਹਾਰਾਜ ਦੇ ਕਥਨ ਅਨੁਸਾਰ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਨੂੰ ਸਤਿਪੁਰਸ਼ਾਂ ਦੇ ਪਵਿੱਤਰ ਦਰਸ਼ਨ ਸੰਨ 1907 ਵਿਚ ਹੋਏ। ਇਹ ਪ੍ਰੀਤ-ਤਾਰ ਵੱਧਦੀ ਵੱਧਦੀ 1915 ਜਾਂ 1916 ਵਿਚ ਪੀਡੀ-ਗੰਢ ਬਣ ਗਈ। ਤਕਰੀਬਨ 43-44 ਸਾਲ ਆਪ ਜੀ ਨੇ ਆਪਣੇ ਜੀਵਨ ਦੇ, ਸਤਿਪੁਰਸ਼ਾਂ ਦੀ ਛੁਹ ਵਿਚ ਸਫਲ ਕੀਤੇ। ਕੀ ਉਹ ਸਿਦਕ ਸੀ ? ਕੀ ਉਹ ਪਿਆਰ ਸੀ ? ਕੀ ਉਹ ਸਤਿਕਾਰ ਸੀ ? ਇਨ੍ਹਾਂ ਗੱਲਾਂ ਦਾ ਉਨ੍ਹਾਂ ਪਿਆਰਿਆਂ ਨੂੰ ਹੀ ਪਤਾ ਹੈ ਜਿਨ੍ਹਾਂ ਨੇ ਇਨ੍ਹਾਂ ਦ੍ਰਿਸ਼ਾਂ ਨੂੰ ਤੱਕਿਆ, ਵੇਖਿਆ ਤੇ ਮਾਣਿਆ।

ਸ੍ਰੀ ਸੰਤ ਜੀ ਮਹਾਰਾਜ ਨੇ ਸੰਨ 1972 ਦੇ ਆਸ ਪਾਸ ਕੁਝ ਲੇਖ ਪਰਮ ਸਤਿਕਾਰਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪਿਆਰ ਵਿਚ ਲਿਖੇ। ਅਸਲ ਵਿਚ ਇਨ੍ਹਾਂ ਲੇਖਾਂ ਦਾ ਮੂਲ ਭਾਈ ਸਾਹਿਬ ਮਹਾਰਾਜ ਜੀ ਦੇ ਆਪਣੇ ਬਚਨ ਸਨ ਜਿਸ ਵਿਚ ਉਨ੍ਹਾਂ ਨੇ ਆਪਣੀ ਪ੍ਰਮਾਰਥਕ ਘਾਲ ਵਿਚ ਆਈਆਂ ਮੁਸ਼ਕਲਾਂ ਤੇ ਰੁਕਾਵਟਾਂ ਨੂੰ ਪ੍ਰਗਟ ਕੀਤਾ। ਸੰਤ ਜੀ ਮਹਾਰਾਜ ਨੂੰ ਭਾਈ ਸਾਹਿਬ ਦੇ ਨੇੜੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਉਹ ਆਪ ਗੁਰਮਤਿ ਦੇ ਵਿਦਵਾਨ ਸਨ ਤੇ ਜੋ ਜੋ ਬਚਨ ਭਾਈ ਸਾਹਿਬ ਤੋਂ ਗੁਰਮਤਿ ਸਬੰਧੀ ਉਨ੍ਹਾਂ ਨੂੰ ਪ੍ਰਾਪਤ ਹੋਏ ਉਨ੍ਹਾਂ ਨੂੰ ਸਮਝਣ ਤੇ ਸਹੀ ਅਰਥ ਦੇਣ ਦੇ ਸਮਰੱਥ ਸਨ।

ਭਾਈ ਸਾਹਿਬ ਮਹਾਰਾਜ ਜੀ ਦੀ ਇਕ ਅਦੁੱਤੀ ਜ਼ਿੰਦਗੀ ਸੀ ਜਿਸ ਵਿਚ ਉਨ੍ਹਾਂ ਨੇ ਗੁਰਮਤਿ ਨੂੰ ਅਧਾਰ ਬਣਾ ਕੇ ਸਾਹਿਤਕ, ਵਿਦਿਅਕ ਤੇ ਸਮਾਜਿਕ ਖੇਤਰ ਵਿਚ ਕੰਮ ਕੀਤਾ। ਇਸ ਪੱਖ ਬਾਰੇ ਬਹੁਤ ਕੁਝ ਲਿਖਿਆ ਵੀ ਗਿਆ ਹੈ। ਪਰ ਉਨ੍ਹਾਂ ਦੀ ਪ੍ਰਮਾਰਥਕ ਘਾਲ ਤੇ ਅਧਿਆਤਮਕ ਸਫਰ ਦਾ ਜ਼ਿਕਰ ਬਹੁਤ ਹੀ ਘੱਟ ਆਇਆ ਹੈ। ਸ੍ਰੀ ਸੰਤ ਜੀ ਮਹਾਰਾਜ ਦੀ ਇਹ ਤੀਬਰ ਇੱਛਾ ਸੀ ਕਿ ਭਾਈ ਸਾਹਿਬ ਜੀ ਦੀ ਪੂਰੀ ਜੀਵਨੀ ਇਸ ਪੱਖ ਨੂੰ ਮੁੱਖ ਰੱਖ ਕੇ ਲਿਖੀ ਜਾਏ ਤਾਂ ਕਿ ਉਹ ਜਗਿਆਸੂ ਜੋ ਗੁਰਮਤਿ ਦੇ ਰਸਤੇ ਤੇ ਚਲੇ ਹਨ ਉਨ੍ਹਾਂ ਲਈ ਸਹਾਈ ਹੋ ਸਕੇ।

18-4-84 ਦੇ ਇਕ ਪੱਤਰ ਵਿਚ ਗਿਆਨੀ ਮਹਾਂ ਸਿੰਘ ਜੀ ਨੂੰ ਉਨ੍ਹਾਂ ਨੇ ਇਸ ਤਰ੍ਹਾਂ ਦੇ ਅੱਖਰ ਲਿਖੇ :-

"ਜਦ 1951-52 ਵਿਚ ਮੈਂ ਬੰਬਈ ਸਾਂ ਤਦੋਂ ਤੋਂ ਮੇਰੇ ਮਨ ਵਿਚ ਇਹ ਖਾਹਿਸ਼ ਸੀ ਕਿ ਐਸੇ ਸੁੱਚੇ ਤੇ ਉੱਚੇ ਮਹਾਪੁਰਸ਼ ਦਾ ਪ੍ਰਮਾਰਥਕ ਜੀਵਨ ਅਤੇ ਪ੍ਰਮਾਰਥਕ ਘਾਲ ਜ਼ਰੂਰ ਅੰਕਿਤ ਹੋ ਜਾਣੀ ਚਾਹੀਏ। ਇਸ ਆਸ਼ੇ ਨੂੰ ਮੁੱਖ ਰੱਖ ਕੇ ਮੈਂ ਤਦੋਂ ਤੋਂ ਹੀ ਨੋਟ ਰੱਖਣੇ ਸ਼ੁਰੂ ਕਰ ਦਿੱਤੇ ਸਨ। ਜਿਵੇਂ ਕਿ ਮੈਂ ਕਥੜੀਆ ਸੰਤਾਹ ਭਾਗ-੧ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਰੱਬ ਦੇ ਪਿਆਰੇ ਦਾ ਜੀਵਨ ਐਸਾ ਹੋਣਾ ਚਾਹੀਦਾ ਹੈ ਕਿ ਜਿਸ ਨੂੰ ਦੇਖ ਕੇ ਹਰੇਕ ਦਾ ਮਨ ਉਛਲੇ ਕਿ ਮੈਂ ਵੀ ਹੰਭਲਾ ਮਾਰ ਕੇ ਇਸ ਮਾਰਗ ਤੇ ਚੱਲ ਸਕਦਾ ਹਾਂ।"

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥

ਸੰਨ 1972 ਤੋਂ ਇਨ੍ਹਾਂ ਲੇਖਾਂ ਵਿਚੋਂ ਬਹੁਤੇ ਲੇਖ ਅਣਛਪੇ ਹੀ ਪਏ ਰਹੇ। ਸ਼ਾਇਦ ਸੰਤ ਜੀ ਮਹਾਰਾਜ ਇਨ੍ਹਾਂ ਨੂੰ ਇਕ ਵੱਡੀ ਕਿਤਾਬ ਦੀ ਸ਼ਕਲ ਦੇਣਾ ਚਾਹੁੰਦੇ ਸਨ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ "ਗੁਰਸਿਖੀ ਬਾਰੀਕ ਹੈ"। ਇਸ ਨੂੰ ਸਮਝਣਾ ਤੇ ਫਿਰ ਕਮਾਣਾ ਬਹੁਤ ਮੁਸ਼ਕਲ ਹੈ। ਇਨ੍ਹਾਂ ਹੀ ਲੇਖਾਂ ਵਿਚ ਇਕ ਥਾਂ ਤੇ ਆਇਆ ਹੈ :-

"ਪ੍ਰਮਾਰਥ ਦਾ ਰਸਤਾ ਇਕ ਮਹਾਨ ਮੁਸ਼ਕਲ ਅਤੇ ਬਾਰੀਕ ਰਸਤਾ ਹੈ। ਇਸ ਕਰ ਕੇ ਇਸ ਰਸਤੇ ਤੇ ਚੱਲਣ ਲਈ ਬੜੀ ਇਹਤਿਯਾਤ ਦੀ ਲੋੜ ਪੈਂਦੀ ਹੈ। ਨਿੱਕੇ ਜਿਹੇ ਨੁਕਤੇ ਤੋਂ ਖੁੰਝ ਜਾਣ ਕਰ ਕੇ ਪੈਂਡਾ ਦੁਰੇਡਾ ਅਤੇ ਕੇਂਦਰ ਤੋਂ ਦੂਰ ਹੋ ਜਾਂਦਾ ਹੈ। ਅਕਲ ਦਾ ਗਿਆਨ ਚਾਹੇ ਕਿਤਨਾ ਹੀ ਡੂੰਘਾ ਅਤੇ ਤੀਖਣ ਹੋਵੇ ਪਰ ਪ੍ਰਮਾਰਥ ਦੀਆਂ ਗੁੰਝਲਾਂ ਨੂੰ ਖੋਲ੍ਹਣਾ ਉਸ ਲਈ ਬਹੁਤ ਹੀ ਕਠਿਨ ਹੈ।"

ਇਹ ਹਥਲੀ ਪੁਸਤਕ ਗੁਰਸਿੱਖੀ ਦੀਆਂ ਮਹਾਨ ਬਾਰੀਕੀਆਂ ਤੇ ਰਮਜ਼ਾਂ ਨੂੰ ਖੋਲ੍ਹਣ ਦਾ ਨਿੱਕਾ ਜਿਹਾ ਉਪਰਾਲਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਤ ਕੌਣ ਹੈ ? ਗੁਰੂ ਨਾਨਕ ਸਾਹਿਬ ਜੀ ਦੇ ਸੰਤ ਦਾ ਕੋਈ ਭੇਖ ਨਹੀਂ, ਕੋਈ ਅਲੱਗ ਸਰੂਪ ਨਹੀਂ। ਗੁਰੂ ਨਾਨਕ ਦੇਵ ਜੀ ਦੇ ਸੰਤ ਨੂੰ ਲੱਭਣਾ ਤੇ ਪਛਾਨਣਾ ਅਤਿ ਕਠਿਨ ਹੈ। ਭਾਈ ਲਾਲੋ, ਭਾਈ ਮਨਸੁਖ, ਰਾਜਾ ਸ਼ਿਵਨਾਭ, ਇਹ ਸਭ ਗੁਰੂ ਸਾਹਿਬ ਜੀ ਦੇ ਵਰੋਸਾਏ ਹੋਏ ਸੰਤ ਸਨ। ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਚਰਨਾਂ ਵਿਚ ਇਕ ਸਿੱਖ ਆਇਆ ਤੇ ਕਹਿਣ ਲੱਗਾ, ਆਪ ਨੇ ਲਿਖਿਆ ਹੈ :-

"ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥"

"ਬਖਸ਼ਿਸ਼ ਕਰੋ, ਐਸੇ ਗੁਰਮੁਖ ਦੇ ਦਰਸ਼ਨ ਕਰਾਓ।" ਸਤਿਗੁਰ ਜੀ ਨੇ ਉਸ ਨੂੰ ਕਿਸੇ ਭੇਖੀ ਮਹਾਪੁਰਸ਼ ਕੋਲ ਯਾ ਪਰਬਤਾਂ ਤੇ ਜੰਗਲਾਂ ਵਿਚ ਤਪ ਕਰਨ ਵਾਲੇ ਕਿਸੇ ਸੰਤ ਕੋਲ ਨਹੀਂ ਭੇਜਿਆ ਸਗੋਂ ਇਕ ਘਿਓ ਦੇ ਵਪਾਰੀ ਭਾਈ ਬੰਨੋ ਜੀ ਵੱਲ ਭੇਜਿਆ ਜਿਨ੍ਹਾਂ ਦੇ ਰੋਮ ਰੋਮ ਵਿਚੋਂ ਨਿਕਲ ਰਿਹਾ ਸੀ "ਧੰਨ ਸ੍ਰੀ ਵਾਹਿਗੁਰੂ"।

ਸਿੱਖ ਧਰਮ ਵਿਚ ਸੰਤ ਨੂੰ ਲੱਭਣ ਲਈ ਇਕ ਹੋਰ ਮੁਸ਼ਕਲ ਹੈ :- ਜਿਤਨਾ ਕੋਈ ਜਗਿਆਸੂ ਵਾਹਿਗੁਰੂ ਜੀ ਦੇ ਨੇੜੇ ਜਾਵੇਗਾ ਤੇ ਆਤਮਕ ਪਹੁੰਚ ਪ੍ਰਾਪਤ ਹੋਵੇਗੀ ਉਤਨਾ ਹੀ ਉਹ ਉਸ ਨੂੰ ਛੁਪਾਣ ਦੀ ਕੋਸ਼ਿਸ਼ ਕਰੇਗਾ ਕਿਉਂਕਿ ਇਹ ਇਕ ਅਮੋਲਕ ਦਾਤ ਹੈ।

"ਜਿਨਿ ਹਰਿ ਪਾਇਓ ਤਿਨਹਿ ਛਪਾਇਓ॥"

ਪਰ ਲਾਲ ਰਾਜੇ ਦੇ ਮਹਿਲ ਵਿਚ ਪਿਆ, ਯਾ ਗੋਦੜੀ ਵਿਚ ਪਿਆ, ਲਾਲ ਹੀ ਹੈ।

"ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥"

ਇਕ ਹੋਰ ਕਮਜ਼ੋਰੀ ਜੋ ਸਾਡੇ ਅੰਦਰ ਦਿਨੋ-ਦਿਨ ਵੱਧ ਰਹੀ ਹੈ ਤੇ ਸਾਨੂੰ ਗੁਰਮਤਿ ਤੋਂ ਦੂਰ ਲਿਜਾ ਰਹੀ ਹੈ ਉਹ ਇਹ ਹੈ ਕਿ : ਜੋ ਪਿਆਰ, ਸਤਿਕਾਰ ਤੇ ਅਨਿੰਨ ਭਗਤੀ ਦਸੋ ਪਾਤਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਸਾਡੇ ਮਨ ਵਿਚ ਤੇ ਕਰਨੀ ਵਿਚ ਹੋਣੀ ਚਾਹੀਦੀ ਹੈ, ਉਸ ਤੋਂ ਅਸੀਂ ਬਹੁਤ ਦੁਰਾਡੇ ਜਾ ਰਹੇ ਹਾਂ।

"ਗੁਰਮਤਿ ਵਿਰਲਾ ਬੂਝੈ ਕੋਇ॥
ਨਾਨਕ ਨਾਮਿ ਸਮਾਵੈ ਸੋਇ॥"

ਇਕ ਸਿੱਖ ਦਾ ਗੁਰਸਿੱਖ ਨਾਲ, ਇਕ ਗੁਰਸਿੱਖ ਦਾ ਸੰਤ ਮਹਾਪੁਰਸ਼ ਨਾਲ, ਤੇ ਸੰਤ ਮਹਾਪੁਰਸ਼ ਦਾ ਗੁਰੂ ਨਾਲ ਕੀ ਸੰਬੰਧ ਹੈ ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਇਨ੍ਹਾਂ ਲੇਖਾਂ ਵਿਚੋਂ ਲਭਿਆ ਜਾ ਸਕਦਾ ਹੈ।

ਭਾਈ ਸਾਹਿਬ ਮਹਾਰਾਜ ਜੀ ਦੀ ਆਤਮਾ ਦੀ ਘਾੜਤ ਕਿਨ੍ਹਾਂ ਕਿਨ੍ਹਾਂ ਮਹਾਪੁਰਸ਼ਾਂ ਥੱਲੇ ਹੋਈ ਤੇ ਭਾਈ ਸਾਹਿਬ ਮਹਾਰਾਜ ਜੀ ਨੂੰ ਕਿਨ੍ਹਾਂ ਮਹਾਪੁਰਸ਼ਾਂ ਦੀ ਸੰਗਤ ਪ੍ਰਾਪਤ ਸੀ। ਇਨ੍ਹਾਂ ਲੇਖਾਂ ਦੁਆਰਾ ਸੰਤ ਜੀ ਮਹਾਰਾਜ ਨੇ ਭਾਈ ਸਾਹਿਬ ਮਹਾਰਾਜ ਜੀ ਦੀ ਅੰਤਰ ਆਤਮਾ ਦੇ ਦਰਸ਼ਨ ਕਰਾਏ ਹਨ।

ਭਾਈ ਸਾਹਿਬ ਮਹਾਰਾਜ ਇਕ ਰਸਿਕ ਬੈਰਾਗੀ ਫਕੀਰ ਸਨ। ਉਨ੍ਹਾਂ ਨੇ ਆਪ ਆਤਮ-ਰਸ ਨੂੰ ਮਾਣਿਆ। ਜਿਨ੍ਹਾਂ ਸੱਜਣਾਂ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਆਤਮ-ਰਸ ਉਨ੍ਹਾਂ ਦੇ ਰੋਮ-ਰੋਮ ਤੋਂ ਡੁੱਲ੍ਹ ਡੁੱਲ੍ਹ ਪੈਂਦਾ ਸੀ। ਇਹੀ ਤਾਸੀਰ ਉਨ੍ਹਾਂ ਦੀ ਪਵਿੱਤਰ ਲੇਖਣੀ ਵਿਚ ਮੌਜੂਦ ਹੈ। ਜੋ ਵੀ ਉਨ੍ਹਾਂ ਦੇ ਰਚੇ ਸਾਹਿਤ ਨੂੰ ਪੜ੍ਹਦਾ ਹੈ, ਵਿਸਮਾਦ ਵਿਚ ਚਲਾ ਜਾਂਦਾ ਹੈ।

ਭਾਈ ਸਾਹਿਬ ਮਹਾਰਾਜ ਖੇੜੇ ਦੇ ਭੰਡਾਰੀ ਸਨ। ਖੇੜਾ ਉਹ ਹੀ ਵੰਡ ਸਕਦਾ ਹੈ ਜੋ ਉਸ ਨਦਰੀ ਦੀ ਨਦਰਿ ਨਾਲ ਨਿਹਾਲ ਹੋ ਚੁੱਕਾ ਹੈ। ਆਓ ਐਸੇ ਮਹਾਪੁਰਸ਼ ਨੂੰ ਨਮਸਕਾਰ ਕਰੀਏ।

ਦੂਸਰੀ ਵੇਰ

"ਨਾਮੁ ਨ ਵਿਸਰੈ ਸੰਤ ਪ੍ਰਸਾਦਿ" ਦੂਸਰੀ ਵੇਰ ਛਪ ਰਹੀ ਹੈ। ਇਸ ਪੁਸਤਕ ਦੀ ਪਹਿਲੀ ਜਿਲਦ ਨੂੰ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਤੇ ਸੰਗਤਾਂ ਨੇ ਬਹੁਤ ਸਲਾਹਿਆ। ਸੰਗਤਾਂ ਦੀ ਮੰਗ ਤੇ ਦੂਸਰੀ ਵੇਰ ਛਪ ਕੇ ਇਹ ਪੁਸਤਕ ਆਪ ਜੀ ਦੇ ਹੱਥ ਵਿਚ ਹੈ। ਇਸ **Revised Edition** ਵਿਚ ਦੋ ਹੋਰ ਲੇਖ ਜੋੜੇ ਗਏ ਹਨ। ਪਹਿਲਾ ਹੈ "ਮਾਇਆ ਸ੍ਰਾਖਸ੍ਰੀ" ਜੋ ਕਿ ਭਾਈ ਸਾਹਿਬ ਦੇ ਆਪਣੇ ਬਚਨਾਂ ਤੇ ਆਧਾਰਿਤ ਹੈ, ਦੂਸਰਾ ਲੇਖ ਹੈ "ਨਾਨਕ ਕੈ ਘਰਿ ਕੇਵਲ ਨਾਮੁ"॥

ਜਿਵੇਂ ਕਿ ਅਸੀਂ ਮੁਖਬੰਦ ਵਿਚ ਦੱਸ ਆਏ ਹਾਂ ਕਿ "ਨਾਮੁ ਨ ਵਿਸਰੈ ਸੰਤ ਪ੍ਰਸਾਦਿ" ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਜੀਵਨ ਦੀ ਆਤਮਕ ਕਥਾ ਹੈ। ਜਿਨ੍ਹਾਂ ਨੇ ਭਾਈ ਸਾਹਿਬ ਮਹਾਰਾਜ ਦੇ ਦਰਸ਼ਨ ਕੀਤੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਭਾਈ ਸਾਹਿਬ ਦੇ ਚਿਹਰੇ ਤੋਂ ਹਰ ਵੇਲੇ ਜਾਹੋ ਜਲਾਲ ਝਲਕਦਾ ਸੀ। ਇਹ ਸਭ ਨਾਮ ਦੀ ਹੀ ਬਰਕਤ ਸੀ।

"ਨਾਮੁ ਨ ਵਿਸਰੈ ਸੰਤ ਪ੍ਰਸਾਦਿ" ਵਿਚ ਨਾਮ ਦੀ ਹੀ ਗੱਲ ਹੈ। ਮਨ ਵਿਚ ਵਿਚਾਰ ਆਇਆ ਕਿ ਜਿਸ 'ਨਾਮੁ' ਦੇ ਵਿਚ, ਭਾਈ ਸਾਹਿਬ ਜੀ ਵਿਚਰਦੇ ਸਨ, ਉਸ ਦੀ ਵਿਸਥਾਰ ਸਹਿਤ ਗੁਰਮਤਿ ਅਨੁਸਾਰ ਵਿਆਖਿਆ ਸੰਗਤਾਂ ਦੇ ਦ੍ਰਿਸ਼ਟੀਗੋਚਰ ਕੀਤੀ ਜਾਵੇ। ਸ੍ਰੀਮਾਨ ਸੰਤ ਸੰਗਤ ਸਿੰਘ ਜੀ ਨੇ ਭਾਈ ਸਾਹਿਬ ਮਹਾਰਾਜ ਦੀ ਸੰਗਤ ਕੀਤੀ। ਭਾਈ ਸਾਹਿਬ ਜੀ ਪ੍ਰਤੀ, ਸੰਤ ਜੀ ਮਹਾਰਾਜ ਦੀ ਅਪਾਰ ਸ਼ਰਧਾ ਸੀ ਅਤੇ ਭਾਈ ਸਾਹਿਬ ਜੀ, ਸੰਤ ਜੀ ਮਹਾਰਾਜ ਨੂੰ ਇਕ ਵਿਦਵਾਨ ਹੋਣ ਦੇ ਨਾਤੇ, ਗੁਰਮਤਿ ਦੇ ਵਿਆਖਿਆਕਾਰ ਹੋਣ ਦੇ ਨਾਤੇ ਤੇ ਸੰਤ ਹੋਣ ਦੇ ਨਾਤੇ ਬਹੁਤ ਸਤਿਕਾਰ ਦਿੰਦੇ ਸਨ।

''ਨਾਨਕ ਕੈ ਘਰਿ ਕੇਵਲ ਨਾਮੁ'' ਲੇਖ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਦੀ ਉਚਾਰਣ ਕੀਤੀ ਹੋਈ 'ਜਪੁ ਜੀ ਕਥਾ' ਤੇ ਆਧਾਰਿਤ ਹੈ। ਜਿਥੇ ਵੀ 'ਜਪੁ ਜੀ ਕਥਾ' ਵਿਚ ਨਾਮ ਦੀ ਵਿਆਖਿਆ ਆਈ ਹੈ, ਉਸ ਨੂੰ ਤਰਤੀਬਵਾਰ ਕਰ ਕੇ ਲੇਖ ਦੀ ਸ਼ਕਲ ਦੇ ਦਿੱਤੀ ਹੈ।

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥

ਇਸ ਲੇਖ ਵਿਚ ਆਏ ਹੋਏ ਬਚਨ, ਉਨ੍ਹਾਂ ਦੇ ਆਪਣੇ ਮੁਖਾਰਬਿੰਦ ਤੋਂ ਉਚਾਰੇ ਹੋਏ ਬਚਨ ਹਨ।

ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲੁ ਏਹਿ ਰਤਨ॥
ਸੁਨਤ ਕਮਾਵਤਿ ਹੋਤ ਉਧਾਰ॥ ਆਪਿ ਤਰੈ ਲੋਕਹ ਨਿਸਤਾਰ॥

ਤੁਸੀਂ ਇਹ ਵਾਰਤਾ ਬਹੁਤ ਵਾਰੀ ਸੁਣੀ ਹੋਣੀ ਹੈ ਕਿ ਇੱਕ ਮਾਂ ਆਪਣੇ ਬੱਚੇ ਨੂੰ ਸੰਤਾਂ ਕੋਲ ਲੈ ਗਈ ਤੇ ਕਹਿਣ ਲਗੀ ਮਹਾਰਾਜ, ਕਿਰਪਾ ਕਰੋ, ਇਹ ਬੱਚਾ ਗੁੜ ਬਹੁਤ ਖਾਂਦਾ ਹੈ। ਇਸ ਨੂੰ ਕਹੋ ਕਿ ਬਹੁਤਾ ਗੁੜ ਨਾ ਖਾਇਆ ਕਰੇ। ਸੰਤ ਜੀ ਕਹਿਣ ਲੱਗੇ, ਮਾਈ 15 ਦਿਨਾਂ ਬਾਅਦ ਬੱਚੇ ਨੂੰ ਲੈ ਕੇ ਆਈਂ। 15 ਦਿਨਾਂ ਬਾਅਦ ਮਾਈ ਬੱਚੇ ਨੂੰ ਫਿਰ ਸੰਤਾਂ ਕੋਲ ਲੈ ਕੇ ਗਈ। ਸੰਤਾਂ ਨੇ ਬੱਚੇ ਨੂੰ ਸਮਝਾਇਆ ਕਿ ਬਹੁਤਾ ਗੁੜ ਸਿਹਤ ਵਾਸਤੇ ਚੰਗਾ ਨਹੀਂ, ਥੋੜ੍ਹਾ ਗੁੜ ਖਾਇਆ ਕਰ, ਤੇ ਆਸ਼ੀਰਵਾਦ ਦਿੱਤਾ। ਮਾਈ ਕਹਿਣ ਲਗੀ ਕਿ ਮਹਾਰਾਜ ਜੇਕਰ ਇਤਨੀ ਹੀ ਗੱਲ ਕਹਿਣੀ ਸੀ ਤਾਂ 15 ਦਿਨ ਪਹਿਲਾਂ ਕਹਿ ਦੇਣੀ ਸੀ। ਸੰਤਾਂ ਨੇ ਫੁਰਮਾਇਆ ਕਿ ਮਾਈ ਮੈਨੂੰ ਆਪ ਬਹੁਤਾ ਗੁੜ ਖਾਣ ਦੀ ਆਦਤ ਸੀ ਮੈਂ 15 ਦਿਨ ਲਗਾ ਕੇ ਗੁੜ ਖਾਣ ਦੀ ਆਦਤ ਨੂੰ ਛੱਡਿਆ ਹੈ, ਤਾਂ ਕਿ ਮੈਂ ਬੱਚੇ ਨੂੰ ਕਹਿ ਸਕਾਂ ਕਿ ਗੁੜ ਨਾ ਖਾਇਆ ਕਰੇ, ਜਿਹੜਾ ਪੁਰਸ਼ ਆਪਣੇ ਬਚਨ ਦੀ ਕਮਾਈ ਨਹੀਂ ਕਰਦਾ ਉਸ ਦੇ ਬਚਨ ਦਾ ਕਿਸੇ ਹੋਰ ਤੇ ਕੋਈ ਅਸਰ ਨਹੀਂ ਹੁੰਦਾ। ਸੰਤ ਸੰਗਤ ਸਿੰਘ ਜੀ ਮਹਾਰਾਜ ਕਥਨੀ ਤੇ ਕਰਨੀ ਦੇ ਸੂਰੇ ਸਨ। ਆਪ ਅਨੁਭਵੀ ਮਹਾਪੁਰਸ਼ ਸਨ। ਨਾਮ ਉਨ੍ਹਾਂ ਦੇ ਅਨੁਭਵ ਵਿਚੋਂ ਲੰਘ ਚੁੱਕਾ ਸੀ। ਉਨ੍ਹਾਂ ਦੀ ਉਚਾਰੀ ਹੋਈ 'ਜਪੁ ਜੀ ਕਥਾ' ਤੇ ਆਧਾਰਿਤ 'ਨਾਨਕ ਕੈ ਘਰਿ ਕੇਵਲ ਨਾਮੁ' ਸੰਗਤ ਦੇ ਗਿਆਤ ਲਈ ਹਾਜ਼ਰ ਹੈ।

ਆਓ, ਨਿੱਤ ਦੀ ਅਰਦਾਸ ਵਿਚ ਜੁੜੀਏ

"ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੇਈ ਗੁਰੂ ਪਿਆਰੇ ਮੇਲੀਂ
ਜਿਨ੍ਹਾਂ ਮਿਲਿਆਂ ਤੇਰਾ ਨਾਮੁ ਚਿਤ ਆਵੇ"

ਭੁੱਲ ਚੁੱਕ ਲਈ ਖਿਮਾ ਦਾ ਯਾਚਕ ਹਾਂ।

ਦਾਸ
ਸੁਖਪਾਲ ਸਿੰਘ

ਹੋ ਗਏ

ਲਾਲ ਦੀ ਬਾਬਤ ਕਿਹਾ ਜਾਂਦਾ ਹੈ ਕਿ ਇਕ ਹਜ਼ਾਰ ਸਾਲ ਜਿਸ ਪੱਥਰ ਤੇ ਸੂਰਜ ਦੀ ਕਿਰਨ ਸਿੱਧੀ (ਆਮੂਦਨ) ਪੈਂਦੀ ਰਹੇ, ਉਹ ਲਾਲ ਬਣ ਜਾਂਦਾ ਹੈ। ਇਸੇ ਤਰ੍ਹਾਂ ਇਕ ਨਾਮ-ਰਤੀ ਰੂਹ, ਅਨੁਭਵਗਾਮੀ ਸੁਰਤ ਅਤੇ ਪੂਰਨ ਪੁਰਖ ਦੇ ਬਣਨ ਲਈ ਵੀ ਬਹੁਤ ਸਮਾਂ ਲੱਗ ਜਾਂਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਦੀ ਪਵਿੱਤਰ ਪਾਵਨ ਹਸਤੀ ਦੇ ਅਨੁਭਵ ਨੂੰ ਘੜਨ ਲਈ ਵੀ ਬੜਾ ਸਮਾਂ ਲੱਗਾ। ਕਈ ਮਹਾਪੁਰਖਾਂ ਤੇ ਪੂਰਨ ਪੁਰਖਾਂ ਨੇ ਬੜੀ ਘਾਲ ਘਾਲੀ। ਭਾਈ ਸਾਹਿਬ ਜੀ ਆਪ ਦੱਸਦੇ ਸਨ ਕਿ ਜਿਨ੍ਹਾਂ ਮਹਾਪੁਰਖਾਂ ਨੇ ਉਨ੍ਹਾਂ ਦੇ ਰੱਬੀ ਅਨੁਭਵ ਦੀ ਘਾੜਤ ਨੂੰ ਘੜਿਆ, ਉਹ ਉੱਚ ਪਾਏ ਦੇ ਫਕੀਰ ਆਤਮਰਸੀਏ ਅਨੁਭਵੀ ਮਹਾਪੁਰਸ਼ ਸਨ। ਉਨ੍ਹਾਂ ਉਚ ਵਿਅਕਤੀਆਂ ਵਿਚੋਂ ਇਕ ਮਹਾਨ ਅਤੇ ਉਚ ਪਵਿੱਤਰ ਹਸਤੀ ਸ੍ਰੀਮਾਨ ਗਿਆਨੀ ਹਜ਼ਾਰਾ ਸਿੰਘ ਜੀ, ਭਾਈ ਸਾਹਿਬ ਜੀ ਦੇ ਸਤਿਕਾਰਯੋਗ ਨਾਨਾ ਜੀ ਸਨ।

ਭਾਈ ਸਾਹਿਬ ਜੀ ਨੇ ਆਪਣੇ ਬਚਪਨ ਅਤੇ ਵਿਦਿਆ ਦਾ ਸਮਾਂ ਆਪਣੇ ਨਾਨਾ ਜੀ ਦੀ ਛਤ੍ਰ ਛਾਇਆ ਹੇਠ ਹੀ ਬਤੀਤ ਕੀਤਾ। ਪਠਨ-ਪਾਠਨ ਤੋਂ ਇਲਾਵਾ ਗਿਆਨੀ ਜੀ ਦੇ ਪਵਿੱਤਰ ਸਤਿਸੰਗ ਅਤੇ ਉਨ੍ਹਾਂ ਦੇ ਗ੍ਰਹਿ ਵਿਚ ਆਏ ਹੋਏ ਸਜਨ ਪੁਰਸ਼ਾਂ ਦੀਆਂ ਗੋਸ਼ਟੀਆਂ ਨੂੰ ਸੁਣਨ ਦਾ ਸਮਾਂ ਵੀ ਭਾਈ ਸਾਹਿਬ ਨੂੰ ਸਦਾ ਪ੍ਰਾਪਤ ਹੁੰਦਾ ਰਹਿੰਦਾ। ਗਿਆਨੀ ਜੀ, ਸੰਪਰਦਾਈ ਗਿਆਨੀ, ਟੀਕਾਕਾਰ, ਵੇਦਾਂ ਦੇ ਗਿਆਤਾ, ਸਿੱਖ ਅਧਿਆਤਮਕ ਜੀਵਨ ਦੇ ਪੂਰਨ ਗਿਆਤਾ ਮਹਾਪੁਰਸ਼ ਸਨ।

ਸਮਾਂ ਰੁਮਕਦੀ ਵਾਯੂ ਵਾਂਗ ਲੰਘਦਾ ਗਿਆ। ਭਾਈ ਸਾਹਿਬ ਜੀ ਬਾਲ ਵਰੇਸ ਤੋਂ ਲੰਘ, ਭਰ ਜੋਬਨ ਵਿਚ ਪਹੁੰਚ ਗਏ। ਨਾਮ ਰੰਗ, ਗੁਰਬਾਣੀ ਦਾ ਪੂਰਨ ਇਸ਼ਕ, ਰੱਬ ਦੇ ਪਿਆਰਿਆਂ ਦੀ ਸੰਗਤ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਤੇ ਸੇਵਾ, ਇਹ ਸਭ ਮਾਨਵਰ ਭਾਈ ਸਾਹਿਬ ਜੀ ਦੇ ਜੀਵਨ ਦੇ ਅੰਗ ਬਣ ਚੁੱਕੇ ਸਨ। ਉਹ ਧਰਮ ਦੀ ਕਿਰਤ ਕਰ ਕੇ ਵੰਡ ਛਕਣ ਨੂੰ ਸਿੱਖ ਪ੍ਰਮਾਰਥ ਦੀ ਮਾਨੋ ਪਹਿਲੀ ਮੰਜ਼ਲ ਸਮਝਦੇ ਸਨ। ਇਸ ਆਦਰਸ਼ ਨੂੰ ਆਪ ਨੇ ਆਪਣੇ ਪਵਿੱਤਰ ਰੱਬੀ ਜੀਵਨ ਵਿਚ ਸਦਾ ਸਫਲ ਕੀਤਾ। ਆਦਿ ਤੋਂ ਲੈ ਕੇ ਸਤਿਗੁਰ ਜੀ ਦਾ ਇਹ ਫੁਰਮਾਨ ਸਦਾ ਹੀ ਉਨ੍ਹਾਂ ਦੇ ਜੀਵਨ ਦਾ ਨਿਸ਼ਾਨਾ ਰਿਹਾ।

"ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ॥"

ਇਕ ਦਿਨ ਸੰਧਿਆ ਦਾ ਸਮਾਂ ਸੀ। ਆਪ ਛਾਪੇਖਾਨੇ ਦੇ ਕੰਮ ਤੋਂ ਫਾਰਗ ਹੋ ਕੇ ਸ੍ਰੀਮਾਨ ਸੰਤ ਲਖਬੀਰ ਸਿੰਘ ਜੀ ਮਹਾਰਾਜ ਦੇ ਨਾਲ ਸ੍ਰੀ ਦਰਬਾਰ ਸਾਹਿਬ ਜੀ ਦੀ ਪਾਵਨ ਯਾਤਰਾ ਲਈ ਜਾ ਰਹੇ ਸਨ। ਰਸਤੇ ਵਿਚ ਹਾਲ ਬਜ਼ਾਰ ਦੇ ਅੰਦਰ ਹੀ ਪੂਜਯ ਨਾਨਾ ਜੀ, ਸ੍ਰੀਮਾਨ ਗਿਆਨੀ ਹਜ਼ਾਰਾ ਸਿੰਘ ਜੀ, ਮਿਲ ਪਏ। ਭਾਈ ਸਾਹਿਬ ਨੇ ਗਿਆਨੀ ਜੀ ਨੂੰ ਸਤਿਕਾਰ ਸਹਿਤ ਨਮਸਕਾਰ ਕੀਤੀ ਅਤੇ ਗਿਆਨੀ ਜੀ, ਸੰਤ ਲਖਬੀਰ ਸਿੰਘ ਜੀ ਦੇ ਸਤਿਕਾਰ ਵਿਚ ਭਰ ਗਏ। ਦੁਵੱਲੀ ਸੁਖ ਸਾਂਦ ਪੁੱਛੀ ਗਈ। ਹੱਸ ਕੇ ਗਿਆਨੀ ਜੀ ਨੇ ਕਿਹਾ, "ਸੰਤ ਜੀ! ਇਸ ਮੁੰਡੇ ਨੂੰ ਸਮਝਾਓ ਕਿ ਮੇਰਾ ਕਿਹਾ ਮੰਨਿਆ ਕਰੇ।"

ਭਾਈ ਸਾਹਿਬ ਜੀ ਮਹਾਰਾਜ ਦਸਦੇ ਸਨ ਕਿ ਸੰਤ ਜੀ ਨੇ ਮੇਰੇ ਵੱਲ ਤਕਿਆ ਤੇ ਕਹਿਣ ਲਗੇ, "ਨਾਨਾ ਜੀ ਕੀ ਕਹਿੰਦੇ ਹਨ ?" ਆਪ ਦਸਦੇ ਸਨ ਕਿ ਮੈਂ ਸੰਤ ਜੀ ਮਹਾਰਾਜ ਨੂੰ ਬਿਨੈ ਕੀਤੀ ਕਿ ਮਹਾਰਾਜ ਜੀ ਮੈਂ ਕਦੇ ਵੀ ਨਾਨਾ ਜੀ ਦੀ ਆਗਿਆ ਨੂੰ ਇਨਕਾਰ ਨਹੀਂ ਕੀਤਾ। ਜੋ ਮੈਨੂੰ ਇਹ ਹੁਕਮ ਕਰਦੇ ਹਨ ਮੈਂ ਸਿਰ ਮੱਥੇ ਤੇ ਧਰਦਾ ਹਾਂ। ਤਾਂ ਗਿਆਨੀ ਜੀ ਕਹਿਣ ਲੱਗੇ, "ਅੱਛਾ, ਜੇਕਰ ਤੂੰ ਮੇਰਾ ਹੁਕਮ ਮੰਨਦਾ ਹੈਂ ਤਾਂ ਫਿਰ ਇਥੇ ਖਲੋ ਜਾ, ਅਤੇ ਜੋ ਮੈਂ ਕਰਦਾ ਹਾਂ ਮੈਨੂੰ ਕਰਨ ਦੇ।"

ਭਾਈ ਸਾਹਿਬ ਜੀ ਖੜੇ ਹੋ ਗਏ। ਨਾਨਾ ਜੀ ਨੇ ਭਾਈ ਸਾਹਿਬ ਜੀ ਦੀਆਂ ਸੱਤ ਪ੍ਰਕਰਮਾ ਕੀਤੀਆਂ। ਫਿਰ ਕਿਹਾ, "ਹੋ ਗਏ, ਹੋ ਗਏ" ਅਤੇ ਫਿਰ ਨਮਸਕਾਰ ਕਰ ਦਿੱਤੀ।

ਰੱਬੀ ਰੰਗ ਰਤੇ, ਸ੍ਰੀਮਾਨ ਭਾਈ ਸਾਹਿਬ ਜੀ ਦਸਦੇ ਸਨ ਕਿ ਉਸ ਦਿਨ ਤੋਂ ਮੇਰੇ ਮਨ ਅੰਦਰ ਗੁਰਬਾਣੀ ਦਾ ਪ੍ਰਕਾਸ਼ ਹੋ ਗਿਆ। ਅਰਥਾਂ ਦੀ ਅਨੁਭਵਤਾ ਸੁਤੇ ਸਿੱਧ ਪ੍ਰਾਪਤ ਹੋ ਗਈ। ਉਸ ਦਿਨ ਤੋਂ ਹੀ ਮੇਰੇ ਹਿਰਦੇ ਵਿਚ ਗੁਰਬਾਣੀ ਦੀ Reliance (ਪ੍ਰਤੀਤ) ਪੈਦਾ ਹੋ ਗਈ।

ਮੇਰੇ ਪਰਮ ਸਤਿਕਾਰਯੋਗ ਪਿਤਾ ਜੀ, ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਕਮਾਲੀਏ ਵਾਲੇ, ਕਹਿੰਦੇ ਸਨ ਕਿ ਸ੍ਰੀ ਮਾਨਵਰ ਭਾਈ ਸਾਹਿਬ ਨੇ ਜੋ ਗੁਰਬਾਣੀ ਦੇ ਟੀਕੇ ਕੀਤੇ ਹਨ, ਇਨ੍ਹਾਂ ਦੇ ਅਰਥ-ਭਾਵ, ਵਿਆਖਿਆ, ਅਰਸ਼ੀ ਹਨ, ਫਰਸ਼ੀ ਨਹੀਂ।

ਲਗਨ ਉਤੇਜਨਾ

ਰੂੰਈ ਵਿਚ ਅੱਗ ਹੈ ਪਰ ਉਸ ਵਿਚੋਂ ਅੱਗ ਪ੍ਰਗਟ ਨਹੀਂ ਹੋ ਸਕਦੀ ਜਦ ਤਕ ਅੱਗ ਦੀ ਛੋਹ ਉਸ ਨੂੰ ਨਾ ਮਿਲੇ। ਇਸੇ ਤਰ੍ਹਾਂ ਪ੍ਰਮਾਰਥ ਦੀ ਲਗਨ ਨੂੰ ਵੀ ਉਤੇਜਨਾ ਦੀ ਲੋੜ ਹੈ।

7-8-9 ਅਪ੍ਰੈਲ ਸੰਨ 1944 ਸਰਗੋਧੇ ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਸਮਾਗਮ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਅਤੇ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ, ਸਰਦਾਰ ਮਨੋਹਰ ਸਿੰਘ ਜੀ- ਬੀਬੀ ਰਣਜੀਤ ਕੌਰ ਜੀ ਦੀ ਕੋਠੀ ਵਿਚ ਠਹਿਰੇ ਹੋਏ ਸਨ।

ਕਾਨਫਰੰਸ ਦੇ 8 ਤਾਰੀਖ ਦਾ ਸੈਸ਼ਨ ਸਮਾਪਤ ਹੋ ਚੁੱਕਾ ਸੀ। ਭਾਈ ਸਾਹਿਬ ਉਸ ਕੋਠੀ ਦੇ ਡਰਾਇੰਗ ਰੂਮ ਵਿਚ ਸਜੇ ਹੋਏ ਸਨ। ਕਮਰਾ ਗਚਾਗਚ ਸੰਗਤਾਂ ਨਾਲ ਭਰਿਆ ਹੋਇਆ ਸੀ। ਸ੍ਰੀ ਕਲਗੀਧਰ ਜੀ ਮਹਾਰਾਜ ਦੇ ਖਾਲਸੇ ਦੇ ਦੀਦਾਰੇ, ਪੰਡਾਲ ਵਿਚੋਂ ਲੈ ਕੇ, ਭਾਈ ਸਾਹਿਬ ਜੀ ਦੇ ਮੁਖੜੇ ਦੀ ਆਭਾ ਅਲੌਕਿਕ ਸੀ। ਆਪ ਪੂਰਨ ਖੇੜੇ ਵਿਚ ਸਨ। ਮਹਾਪੁਰਖਾਂ ਨੇ ਸਰਦਾਰ ਗੁਰਦਿੱਤ ਸਿੰਘ ਵੱਲ ਮੂੰਹ ਕਰ ਕੇ ਕਿਹਾ ਕਿ ਦੇਖ ਗੁਰਦਿੱਤ ਸਿੰਘ! ਅੱਜ ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਨੂੰ ਰੱਬ ਦੇ ਪਿਆਰ ਦੀ ਲਗਨ ਕਿਸੇ ਤਰ੍ਹਾਂ ਲੱਗੀ ਸੀ।

"ਮੇਰੀ ਉਮਰ 15 ਸਾਲ ਦੇ ਲਗਭਗ ਸੀ। ਉਨ੍ਹਾਂ ਦਿਨਾਂ ਵਿਚ ਮੈਂ ਆਪਣੇ ਨਾਨਾ ਜੀ ਦੇ ਘਰ ਹੀ ਰਹਿੰਦਾ ਸਾਂ। ਮੈਂ ਆਪਣੇ ਸਕੂਲ ਦੀ ਪੜ੍ਹਾਈ ਵੀ ਉਥੇ ਹੀ ਕਰਦਾ ਸਾਂ। ਮੇਰੇ ਰਹਿਣ ਲਈ, ਪੜ੍ਹਨ ਲਈ ਇਕ ਕਮਰਾ ਮੈਨੂੰ ਮਿਲਿਆ ਹੋਇਆ ਸੀ। ਉਸ ਕਮਰੇ ਵਿਚ ਮੈਂ ਸੌਂਦਾ ਵੀ ਸਾਂ, ਪੜ੍ਹਦਾ ਵੀ ਸਾਂ।"

"ਇਕ ਦਿਨ ਅਚਾਨਕ ਮੈਂ ਸਕੂਲੋਂ ਆਇਆ ਤਾਂ ਕੀ ਤਕਿਆ ਕਿ ਮੇਰੇ ਕਮਰੇ ਵਿਚ ਇਕ ਹੋਰ ਬਿਸਤਰਾ ਵੀ ਲਗਾ ਹੋਇਆ ਹੈ। ਮੈਂ ਨਾਨੀ ਜੀ ਤੋਂ ਪੁੱਛਿਆ, "ਨਾਨੀ ਜੀ! ਮੇਰੇ ਕਮਰੇ ਵਿਚ ਕੌਣ ਆਇਆ ਹੈ" ? ਨਾਨੀ ਜੀ ਕਹਿਣ ਲਗੇ, "ਤੇਰੇ ਕਮਰੇ ਵਿਚ ਤੇਰੇ ਨਾਨਾ ਜੀ ਦਾ ਸੰਬੰਧੀ ਆਇਆ ਹੈ ਅਤੇ ਤੇਰੇ ਨਾਨਾ ਜੀ ਨੇ ਇਸ ਚੰਗੇ ਪੁਰਖ ਨੂੰ ਤੇਰੇ ਕਮਰੇ ਵਿਚ ਟਿਕਾਇਆ ਹੈ। ਇਹ ਕੁਝ ਦਿਨ ਰਹਿਣਗੇ।" ਸੰਧਿਆ ਪੈ ਗਈ, ਨਾਨਾ ਜੀ ਤੇ ਉਹ ਸੱਜਣ ਦਰਬਾਰ ਸਾਹਿਬ ਦੀ ਯਾਤਰਾ ਕਰ ਕੇ ਘਰ ਆਏ। ਮੈਂ ਆਪਣੇ ਕਮਰੇ ਵਿਚ ਬੈਠ ਕੇ ਪੜ੍ਹਾਈ ਕਰ ਰਿਹਾ ਸਾਂ। ਨਾਨਾ ਜੀ ਨੇ ਕਿਹਾ, "ਲਓ ਭਾਈ ਸਾਹਿਬ, ਇਹ ਤੁਹਾਡੇ ਵਿਸ਼ਰਾਮ ਕਰਨ ਦਾ ਕਮਰਾ ਹੈ। ਆਪ ਜਿਤਨੇ ਦਿਨ ਚਾਹੋ ਸੁਖ ਸੁਬੀਰੀ ਨਾਲ ਇਥੇ ਰਹੋ। ਇਹ ਕਾਕਾ ਤੁਹਾਡੇ ਪਾਸ ਹੈ, ਜੋ ਚੀਜ਼ ਤੁਹਾਨੂੰ ਵੇਲੇ ਕੁਵੇਲੇ ਲੋੜ ਹੋਵੇ ਇਸ ਕਾਕੇ ਤੋਂ ਮੰਗਵਾ ਲੈਣੀ" ਤੇ ਮੈਨੂੰ ਨਾਨਾ ਜੀ ਨੇ ਕਿਹਾ "ਕਾਕਾ ਇਹ ਹੜੱਪੇ ਤੋਂ ਆਏ ਹਨ, ਮੇਰੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਹਨ। ਇਹ

ਅੰਦਰੋਂ ਬਾਹਰੋਂ ਪੂਰਨ ਗੁਰਸਿੱਖ ਹਨ। ਇਨ੍ਹਾਂ ਦੇ ਪਵਿੱਤਰ ਪ੍ਰਭਾਵ ਤੇਰੇ ਕਮਰੇ ਵਿਚ ਸਦਾ ਰਹਿਣਗੇ। ਤੇਰੇ ਮਨ ਨੂੰ ਇਨ੍ਹਾਂ ਦਾ ਦਰਸ਼ਨ ਕਰ ਕੇ ਮਹਾਨ ਸੁੱਖ ਮਿਲੇਗਾ। ਜੋ ਚੀਜ਼ ਇਹ ਕਹਿਣ ਇਨ੍ਹਾਂ ਨੂੰ ਫੌਰਨ ਨਾਨੀ ਜੀ ਤੋਂ ਲਿਆ ਕੇ ਦੇ ਦੇਣੀ। ਪੁੱਤਰ, ਇਨ੍ਹਾਂ ਦੇ ਤੂੰ ਸੇਵਾ ਸਤਿਕਾਰ ਵਿਚ ਰਹੀਂ, ਅਦਬ ਵਿਚ ਰਹੀਂ।"

"ਨਾਨਾ ਜੀ ਮੈਨੂੰ ਸਮਝਾ ਕੇ ਚਲੇ ਗਏ। ਉਸ ਪੂਰਨ ਗੁਰਸਿੱਖ ਨੇ ਕੱਪੜੇ ਉਤਾਰ ਦਿੱਤੇ। ਛੋਟੀ ਦਸਤਾਰ ਅਤੇ ਚਾਦਰੇ ਨੂੰ ਲਪੇਟ ਕੇ ਉਨ੍ਹਾਂ ਨੇ ਸ੍ਰੀ ਰਹਰਾਸਿ ਸਾਹਿਬ ਜੀ ਦਾ ਪਾਠ ਬੜੇ ਰਸ ਅਤੇ ਸੁਆਦ ਵਿਚ ਕੀਤਾ। ਪਾਠ ਕਰਨ ਸਮੇਂ ਉਨ੍ਹਾਂ ਦੇ ਨੈਣ ਮਸਤ ਅਲਮਸਤ ਸਨ। ਉਨ੍ਹਾਂ ਦੇ ਮੂੰਹ ਤੇ ਲਾਲ ਸਿਓ ਵਾਂਗੂੰ ਲਾਲੀ ਸੀ। ਇੰਝ ਦਿਸਦਾ ਸੀ ਕਿ ਪਾਠ ਤਾਂ ਕਮਰੇ ਵਿਚ ਹੋ ਰਿਹਾ ਹੈ ਪਰ ਉਨ੍ਹਾਂ ਦੀ ਰੂਹ ਕਿਸੇ ਹੋਰ ਮੰਡਲ ਵਿਚ ਹੈ। ਇਸ ਅਲੌਕਿਕ ਦਿਵਯ ਦਰਸ਼ਨ ਨੇ ਮੇਰੇ ਮਨ ਤੇ ਬੜਾ ਡੂੰਘਾ ਪ੍ਰਭਾਵ ਪਾਇਆ। ਮੇਰੇ ਨੈਣ ਉਨ੍ਹਾਂ ਦੇ ਮੁਖੜੇ ਤੇ ਟਿਕ ਗਏ। ਜਿਉਂ ਜਿਉਂ ਮੈਂ ਤਕਦਾ ਸਾਂ, ਤਿਉਂ ਤਿਉਂ ਮੇਰੇ ਮਨ ਵਿਚ ਤੱਕਣ ਦੀ ਵਧੀਕ ਸਿੱਕ ਹੁੰਦੀ ਸੀ। ਪਾਠ ਸਮਾਪਤ ਹੋਇਆ,ਉਹ ਆਪਣੇ ਆਸਣ ਤੋਂ ਉਠ ਖਲੋਤੇ, ਗੱਲ ਵਿਚ ਉਨ੍ਹਾਂ ਨੇ ਦੁਪੱਟਾ ਪਾਇਆ ਤੇ ਉਨ੍ਹਾਂ ਮੁੰਦੇ ਨੈਣਾਂ ਨਾਲ ਹੀ ਅਰਦਾਸ ਵਿਚ ਖੜੇ ਹੋ ਗਏ। ਉਨ੍ਹਾਂ ਦਾ ਇਕ-ਇਕ ਅੱਖਰ ਮੇਰੇ ਮਨ ਨੂੰ ਖਿਚਦਾ ਸੀ। ਮੈਨੂੰ ਇੰਞ ਪ੍ਰਤੀਤ ਹੁੰਦਾ ਸੀ ਕਿ ਮੇਰੇ ਕਮਰੇ ਵਿਚ ਕੋਈ ਸੂਰਜੀ ਪ੍ਰਕਾਸ਼ ਪਸਰ ਰਿਹਾ ਹੈ। ਅਰਦਾਸਾ ਹੋ ਗਿਆ, ਉਨ੍ਹਾਂ ਨੇ ਮੱਥਾ ਟੇਕਿਆ, ਸਿਰ ਚੁਕਿਆ ਪ੍ਰੰਤੂ ਅਜੇ ਵੀ ਉਨ੍ਹਾਂ ਦੇ ਨੈਣ ਮਸਤ ਅਲਮਸਤ ਸਨ। ਇਸ ਪੂਰਨ ਗੁਰਸਿੱਖ ਦਾ ਝਲਕਾਰਾ ਮੇਰੇ ਹਿਰਦੇ ਦੇ ਡੂੰਘੇ ਅਸਥਾਨ ਤੇ ਚਿਤਰਿਤ ਹੋ ਗਿਆ।"

"ਸਵੇਰ ਹੋਈ, ਮੇਰੇ ਜਾਗਣ ਤੋਂ ਪਹਿਲਾਂ ਉਹ ਸ੍ਰੀ ਦਰਬਾਰ ਸਾਹਿਬ ਜਾ ਚੁੱਕੇ ਸਨ। ਮੈਂ ਬਸਤਾ ਲੈ ਕੇ, ਸਕੂਲ ਚਲਾ ਗਿਆ ਪ੍ਰੰਤੂ ਉਨ੍ਹਾਂ ਦੀ ਰਾਤ ਵਾਲੀ ਅਦਭੁਤ ਮੂਰਤ ਤੇ ਸੂਰਤ ਮੇਰੇ ਮਨ ਵਿਚ ਦਰਸ਼ਨ ਦੇ ਰਹੀ ਸੀ।ਘੜੀ ਘੜੀ ਮੈਨੂੰ ਉਹ ਯਾਦ ਆਉਂਦੇ ਸਨ। ਉਨ੍ਹਾਂ ਦੀ ਪਿਆਰ ਭਰੀ ਸੂਰਤ ਮੈਨੂੰ ਖਿਚ ਪਾਂਦੀ ਸੀ। ਸਕੂਲ ਤੋਂ ਛੁੱਟੀ ਹੋਈ। ਰਸਤੇ ਵਿਚ ਉਨ੍ਹਾਂ ਦੀ ਸੂਰਤ ਮੇਰੇ ਨਾਲ ਨਾਲ ਚੱਲ ਰਹੀ ਸੀ। ਮੈਂ ਘਰ ਪਹੁੰਚਿਆ ਤਾਂ ਨਾਨੀ ਜੀ ਨੇ ਦੱਸਿਆ ਕਿ ਉਹ ਦਰਬਾਰ ਸਾਹਿਬ ਗਏ ਹਨ। ਮੈਨੂੰ ਸਿਰਫ਼ ਸੰਧਿਆ ਸਮੇਂ ਹੀ ਉਨ੍ਹਾਂ ਦੇ ਦਰਸ਼ਨ ਪ੍ਰਾਪਤ ਹੁੰਦੇ ਸਨ ਜਦੋਂ ਕਿ ਉਹ ਰਹਰਾਸਿ ਸਾਹਿਬ ਦਾ ਪਾਠ ਕਰਦੇ ਸਨ।"

"ਇਕ ਦਿਨ ਕੁਦਰਤਨ ਮੇਰੀ ਅੱਧੀ ਰਾਤ ਜਾਗ ਖੁਲ੍ਹੀ ਤਾਂ ਮੈਂ ਕੀ ਦੇਖਿਆ ਕਿ ਉਹ ਮਨਮੋਹਨੀ ਸੂਰਤ ਅੱਖਾਂ ਮੀਟ ਕੇ, ਚੌਂਕੜਾ ਮਾਰ ਕੇ, ਅਡੋਲ ਬੈਠੀ ਹੈ। ਕਮਰੇ ਵਿਚ ਹਨੇਰਾ ਸੀ ਪਰ ਉਨ੍ਹਾਂ ਦੇ ਮਸਤਕ ਤੇ ਪ੍ਰਕਾਸ਼ ਦਗ ਦਗ ਕਰ ਰਿਹਾ ਸੀ। (ਨਾਮੁ ਜਪਤ ਕੋਟਿ ਸੂਰ ਉਜਾਰਾ) ਉਸ ਤੋਂ ਬਾਅਦ ਮੇਰੇ ਮਨ ਵਿਚ ਖਿਆਲ ਆਇਆ ਕਿ ਅਗਾਂਹ ਤਕਾਂ, ਉਹ ਕੀ ਕਰਦੇ ਹਨ। ਤ੍ਰਿਪਹਿਰਾ

ਵਜਿਆ, ਉਹ ਉਠ ਖਲੋਏ। ਉਨ੍ਹਾਂ ਨੇ ਖੂੰਡਾ ਹੱਥ ਵਿਚ ਲੈ ਲਿਆ। ਮੇਰੇ ਕਮਰੇ ਤੋਂ ਮਲਕੜੇ ਜਿਹੇ ਬਾਹਰ ਨਿਕਲੇ, ਇਕ ਨਿੱਕਾ ਜਿਹਾ ਖੰਘੂਰਾ ਮਾਰ ਕੇ ਕਿਹਾ, "ਗਿਆਨੀ ਜੀ ਮੈਂ ਦਰਬਾਰ ਸਾਹਿਬ ਚਲਿਆ ਜੇ।"

"ਇਹ ਸੱਜਣ ਕੁਝ ਕੁ ਦਿਨ ਸ੍ਰੀ ਅੰਮ੍ਰਿਤਸਰ ਜੀ ਰਹੇ। ਇਨ੍ਹਾਂ ਦੀ ਰਹਿਣੀ ਬਹਿਣੀ ਅਤੇ ਕਹਿਣੀ ਦਾ ਪ੍ਰਭਾਵ ਮੇਰੇ ਉੱਪਰ ਬਹੁਤ ਹੀ ਪਿਆ। ਇਕ ਦਿਨ ਐਤਵਾਰ ਸੀ। ਮੈਂ ਘਰ ਹੀ ਸਾਂ। 9 ਕੁ ਵਜੇ ਦਾ ਵੇਲਾ ਹੋਣਾ ਹੈ ਕਿ ਇਸ ਪੂਰਨ ਗੁਰਸਿੱਖ ਨੇ ਮੇਰੇ ਨਾਨਾ ਜੀ (ਪੰਡਤ ਹਜ਼ਾਰਾ ਸਿੰਘ ਜੀ) ਨੂੰ ਕਿਹਾ, "ਲਓ ਗਿਆਨੀ ਜੀ ਅੱਜ ਸਾਡੇ ਕਮਰਕਸੇ ਹਨ। ਮੇਰੇ ਮਨ ਵਿਚ ਇਕ ਸਿੱਕ ਸੀ ਕਿ ਮੈਂ ਦਰਬਾਰ ਸਾਹਿਬ ਦੇ ਰਜ ਰਜ ਕੇ ਦਰਸ਼ਨ ਕਰਾਂ। ਸੋ ਗੁਰੂ ਰਾਮਦਾਸ ਪਾਤਸ਼ਾਹ ਨੇ ਮੇਹਰ ਕਰ ਕੇ ਪੂਰਨ ਕਰ ਦਿੱਤੀ।" ਇਹ ਕਹਿੰਦਿਆਂ ਉਨ੍ਹਾਂ ਨੇ ਆਪਣਾ ਲਟਰ ਪਟਰ ਸਭ ਤਿਆਰ ਕਰ ਲਿਆ। ਯੱਕੇ ਵਾਲੇ ਨੂੰ ਬੁਲਾ ਕੇ ਬੂਹੇ ਤੇ ਖੜਾ ਕਰ ਦਿੱਤਾ। ਗਿਆਨੀ ਜੀ ਨੂੰ ਕਹਿਣ ਲਗੇ, "ਲਉ ਗਿਆਨੀ ਜੀ ਮੈਂ ਹੁਣ ਚਲਿਆ ਹਾਂ। ਹੜੱਪੇ ਜਾ ਕੇ ਮੈਂ ਆਪ ਨੂੰ ਖ਼ਤ ਪਾਵਾਂਗਾ। ਉਸ ਖ਼ਤ ਅਨੁਸਾਰ ਆਪ ਛੇਤੀ ਤੋਂ ਛੇਤੀ ਮੇਰੇ ਪਾਸ ਪਹੁੰਚ ਜਾਣਾ। ਢਿੱਲ ਨਹੀਂ ਕਰਨੀ। ਲਓ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ।"

"ਯੱਕੇ ਤੇ ਆਪ ਨੇ ਸਮਾਨ ਰਖਿਆ ਤੇ ਫਿਰ ਘਰ ਅੰਦਰ ਆ ਗਏ ਤੇ ਫਿਰ ਗੱਜ ਕੇ ਉਨ੍ਹਾਂ ਨੇ ਫ਼ਤਹਿ ਬੁਲਾਈ। ਮੈਂ ਤਕ ਕੇ ਹੈਰਾਨ ਹੋ ਰਿਹਾ ਸਾਂ। ਉਹ ਟਾਂਗੇ ਤੇ ਬੈਠ ਗਏ। ਥੋੜ੍ਹਾ ਜਿਹਾ ਟਾਂਗਾ ਚਲਿਆ, ਫਿਰ ਉਨ੍ਹਾਂ ਨੇ ਰੋਕ ਲਿਆ ਫਿਰ ਘਰ ਵਾਪਸ ਆਏ। ਗਿਆਨੀ ਜੀ ਨੂੰ ਤੀਜੀ ਵਾਰ ਗੱਜ ਕੇ ਬੁਲਾਇਆ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ।' ਮੈਂ ਚਕ੍ਰਿਤ ਹੋ ਗਿਆ ਕਿ ਇਹ ਸਜਣ ਕੀ ਕਰ ਰਿਹਾ ਹੈ। ਪਰ ਉਸ ਸਮੇਂ ਇਹ ਚੀਜ਼ ਮੇਰੀ ਸਮਝ ਤੋਂ ਬਾਹਰ ਸੀ। ਯੱਕਾ ਚਲਾ ਗਿਆ।"

"ਦੋ ਚਾਰ ਦਿਨ ਬੀਤੇ ਕਿ ਹੜੱਪੇ ਤੋਂ ਇਕ ਖ਼ਤ ਆਇਆ ਕਿ ਗਿਆਨੀ ਜੀ ਆਪ ਖ਼ਤ ਦੇਖ਼ਦਿਆਂ ਸਾਰ ਹੜੱਪੇ ਆ ਜਾਓ। ਦੂਜੀ ਭਲਕ ਗਿਆਨੀ ਜੀ ਸ੍ਰੀ ਅੰਮ੍ਰਿਤਸਰ ਤੋਂ ਹੜੱਪੇ ਚਲੇ ਗਏ। ਚੌਥੇ ਦਿਨ ਹੜੱਪੇ ਤੋਂ ਖ਼ਤ ਆਇਆ ਕਿ ਹੜੱਪੇ ਵਾਲੇ ਗੁਰੂ ਪਿਆਰੇ ਦਾ ਅਕਾਲ ਚਲਾਣਾ ਹੋ ਗਿਆ ਹੈ ਤੇ ਉਸ ਦੀ ਦਸਤਾਰਬੰਦੀ ਕਰ ਕੇ ਆਵਾਂਗੇ।"

"ਨਾਨਾ ਜੀ ਹੜੱਪੇ ਤੋਂ ਵਾਪਸ ਆ ਗਏ। ਘਰ ਆ ਕੇ ਉਸ ਗੁਰੂ ਪਿਆਰੇ ਦੇ ਚਲਾਣੇ ਦਾ ਹਾਲ ਪ੍ਰਵਾਰ ਨੂੰ ਦੱਸਿਆ ਕਿ ਉਹ ਸਤਿਗੁਰੂ ਦਾ ਲਾਲ "ਗੁਰਮੁਖਿ ਆਵੈ ਜਾਇ ਨਿਸੰਗੁ" ਵਾਂਗੂੰ ਹਸਦਾ ਖੇਡਦਾ ਸੰਸਾਰ ਤੋਂ ਟੁਰ ਗਿਆ।"

ਆਪ ਜੀ ਨੇ ਦੱਸਿਆ ਕਿ "ਮੈਂ ਨਾਨਾ ਜੀ ਨੂੰ ਪੁੱਛਿਆ ਕਿ ਮੈਨੂੰ ਦੋ ਗੱਲਾਂ ਦੀ ਸਮਝ ਨਹੀਂ ਆਈ। ਪਹਿਲੀ ਗੱਲ ਇਹ ਹੈ ਕਿ ਉਹ ਤੁਹਾਨੂੰ ਬਾਰੰਬਾਰ ਫ਼ਤਹਿ ਬੁਲਾਉਣ ਲਈ ਕਿਉਂ ਆਉਂਦਾ ਸੀ ? ਅਤੇ ਦੂਸਰਾ ਟੁਰਦਿਆਂ ਟੁਰਦਿਆਂ ਉਸ ਨੇ ਆਪ ਨੂੰ ਇਹ ਕਿਉਂ ਕਿਹਾ ਸੀ ਕਿ ਤੁਸੀਂ ਮੇਰੀ ਚਿੱਠੀ ਮਿਲਦਿਆਂ ਹੀ ਹੜੱਪੇ ਆ ਜਾਣਾ, ਦੇਰੀ ਨਹੀਂ ਕਰਨੀ।" ਨਾਨਾ ਜੀ ਹੱਸ ਕੇ ਕਹਿਣ ਲਗੇ ਕਿ "ਬੇਟਾ ਉਸ ਨੂੰ ਆਪਣੀ ਮੌਤ ਦਾ ਪਤਾ ਸੀ। ਇਸ ਲਈ ਉਹ ਬਾਰੰਬਾਰ ਫ਼ਤਹਿ ਬੁਲਾਉਂਦਾ ਸੀ ਤੇ ਮੈਨੂੰ ਆਣ ਲਈ ਤਾਕੀਦ ਕਰਦਾ ਸੀ।" ਮੈਂ ਹੋਰ ਵੀ ਅਸਚਰਜ ਹੋਇਆ ਅਤੇ ਨਾਨਾ ਜੀ ਨੂੰ ਪੁੱਛਿਆ ਕਿ "ਨਾਨਾ ਜੀ, ਮੌਤ ਦਾ ਪਤਾ ਕਿਸੇ ਨੂੰ ਵੀ ਨਹੀਂ ਹੈ, ਉਸ ਨੂੰ ਆਪਣੀ ਮੌਤ ਦੀ ਲਖਤਾ ਕਿਸ ਤਰ੍ਹਾਂ ਹੋ ਗਈ ?" ਨਾਨਾ ਜੀ ਨੇ ਮੇਰੇ ਸਿਰ ਤੇ ਪਿਆਰ ਦਿੱਤਾ ਅਤੇ ਕਿਹਾ "ਬੇਟਾ ! ਜੋ ਨਾਮ ਬਾਣੀ ਦਾ ਘੁੱਟ ਕੇ ਪੱਲਾ ਪਕੜਦੇ ਹਨ ਅਤੇ ਪਵਿੱਤਰ ਕਰਮ ਸੰਸਾਰ ਵਿਚ ਕਰਦੇ ਹਨ, ਉਨ੍ਹਾਂ ਦਾ ਜੀਵ ਆਤਮਾ ਪਵਿੱਤਰ ਅਤੇ ਨਿਰਮਲ ਹੋ ਜਾਂਦਾ ਹੈ। ਫਿਰ ਉਨ੍ਹਾਂ ਨੂੰ ਜੋ ਕੁਝ ਅਗਾਮੀ ਵਰਤਣਾ ਹੋਵੇ, ਉਸ ਦੀ ਲਖਤਾ ਹੋ ਜਾਂਦੀ ਹੈ।"

"ਇਹ ਸਨ ਅੱਖਰ ਜਿਨ੍ਹਾਂ ਨੇ ਮੇਰੇ ਅੰਦਰ ਛੁਪੀ ਪ੍ਰਭੂ ਲਗਨ ਨੂੰ ਉਤੇਜਿਤ ਕਰ ਦਿੱਤਾ। ਉਸ ਗੁਰਸਿੱਖ ਦੀ ਮਧੁਰ ਮੂਰਤ, ਅੰਮ੍ਰਿਤ ਵੇਲੇ ਬੁੱਕਲ ਮਾਰ ਕੇ ਬਹਿਣਾ, ਦਰਬਾਰ ਸਾਹਿਬ ਦੀ ਯਾਤਰਾ ਕਰਨੀ, ਰਹਰਾਸਿ ਸਾਹਿਬ ਜੀ ਦਾ ਪਾਠ ਤੇ ਉਸ ਵਿਚ ਤਦਰੂਪਤਾ ਹੋ ਜਾਣੀ, ਇਹ ਐਸੀਆਂ ਚੀਜ਼ਾਂ ਸਨ ਜਿਹੜੀਆਂ ਕਿ ਮੇਰੇ ਮਨ ਤੇ ਉਸ ਛੋਟੀ ਜਿਹੀ ਉਮਰ ਵਿਚ ਉਕਰ ਗਈਆਂ। ਮੇਰੇ ਮਨ ਅੰਦਰ ਵੀ ਇਕ ਸ਼ੌਕ ਜਿਹਾ ਪੈਦਾ ਹੋ ਗਿਆ ਕਿ ਜੇਕਰ ਮੈਂ ਇਸੇ ਤਰ੍ਹਾਂ ਘਾਲ ਕਮਾਈ ਕਰਾਂਗਾ ਤਾਂ ਮੇਰੇ ਅੰਦਰ ਵੀ ਅਵੱਸ਼ ਪਵਿੱਤਰਤਾ ਹੋ ਜਾਵੇਗੀ ਅਤੇ ਮੈਨੂੰ ਵੀ ਅਗਾਮੀ ਮੌਤ ਦੀ ਲਖਤਾ ਹੋ ਜਾਵੇਗੀ।"

"ਇਹ ਸੀ ਮੇਰੀ ਪ੍ਰਮਾਰਥਕ ਲਗਨ ਦਾ ਮੂਲ ਕਾਰਨ।" ਜਿਤਨੇ ਸ੍ਰੋਤਾ ਉਸ ਵਕਤ ਭਾਈ ਸਾਹਿਬ ਜੀ ਦੇ ਹਜ਼ੂਰੀ ਵਿਚ ਹਾਜ਼ਰ ਸਨ, ਉਹ ਸਾਰੇ ਇਨ੍ਹਾਂ ਬਚਨਾਂ ਨੂੰ ਸੁਣ ਕੇ ਚਕ੍ਰਿਤ ਹੋ ਰਹੇ ਸਨ। ਉਨ੍ਹਾਂ ਦੇ ਹਜ਼ੂਰੀ ਸੱਜਣਾਂ ਵਿਚ ਚੰਗੇ ਚੰਗੇ ਪ੍ਰਮਾਰਥਕ ਘਾਲੀ ਮਹਾਪੁਰਸ਼ ਵੀ ਬੈਠੇ ਹੋਏ ਸਨ।

ਜਪੀਐ ਨਾਮੁ ਅੰਨਿ ਕੈ ਸਾਦਿ

ਗੁਰਮੁਖ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਦੀ ਨੇਸ਼ਟਾ ਨਾਮ ਤੇ ਸੀ। ਉਹ ਇਸ ਨਾਮ ਦੇ ਸਾਧਨ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਪ੍ਰਕ੍ਰਿਆ ਅਨੁਸਾਰ ਪੂਰੇ ਕਰਨ ਦੇ ਪ੍ਰਯਤਨ ਵਿਚ ਰਹੇ। ਛੋਟੀ ਉਮਰ ਤੋਂ ਹੀ ਉਨ੍ਹਾਂ ਦੀ ਨਾਮ ਵੱਲ ਲਗਨ ਪਰਪੱਕ ਹੋ ਕੇ ਲਗੀ ਅਤੇ ਹਰ ਦਿਨ ਉਸ ਪਰਪਕਤਾ ਵਿਚ ਵਾਧਾ ਹੀ ਵਾਧਾ ਹੋਇਆ।

ਆਪ ਦਸਦੇ ਸਨ ਕਿ ਇਕ ਸਮੇਂ ਛਾਪੇਖਾਨੇ ਦੇ ਭਾਈਵਾਲ ਭਾਈ ਵਜ਼ੀਰ ਸਿੰਘ ਜੀ ਨੇ ਮੈਨੂੰ ਕਿਹਾ ਕਿ ਛਾਪੇਖਾਨੇ ਵਿਚ ਛਪਾਈ ਦਾ ਕੰਮ ਕੇਵਲ ਇਕ ਹਫਤਾ ਹੀ ਚਲੇਗਾ। ਉਸ ਤੋਂ ਬਾਅਦ ਛਾਪਾਖਾਨਾ ਸ਼ਾਇਦ ਬੰਦ ਕਰਨਾ ਪਏ ਕਿਉਂਕਿ ਸਾਡੇ ਪਾਸ ਕੋਈ ਹੋਰ ਮੈਟਰ ਛਾਪਣ ਲਈ ਨਹੀਂ ਹੈ।

ਦੂਜੀ ਭਲਕ ਮੈਂ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਕਰ ਕੇ ਵਾਪਸ ਆਇਆ ਅਤੇ ਸ੍ਰੀ ਪੰਜ ਗ੍ਰੰਥੀ ਸਾਹਿਬ ਦਾ ਸਰਲ ਟੀਕਾ ਲਿਖਣਾ ਸ਼ੁਰੂ ਕਰ ਦਿੱਤਾ। ਸਾਰਾ ਟੀਕਾ 8 ਕੁ ਦਿਨ ਦੇ ਅੰਦਰ ਅੰਦਰ ਪੂਰਾ ਕਰ ਕੇ ਮੈਂ ਭਾਈ ਵਜ਼ੀਰ ਸਿੰਘ ਨੂੰ ਛਾਪਣ ਲਈ ਦੇ ਦਿੱਤਾ। ਭਾਈ ਵਜ਼ੀਰ ਸਿੰਘ ਜੀ ਦਾ ਕੰਮ ਛਪਾਈ ਦਾ ਚਲ ਪਿਆ ਪ੍ਰੰਤੂ ਮੇਰੇ ਅੰਦਰ ਜੋ ਨਾਮ ਦਾ ਰਸ ਚਲਦਾ ਸੀ, ਉਹ ਰੁਕ ਗਿਆ। ਸੁਰਤ ਉਟਾਟਰੀ ਹੋ ਗਈ।

ਤੀਜੇ ਦਿਨ ਮੈਂ ਸੰਤ ਲਖਬੀਰ ਸਿੰਘ ਜੀ ਨੂੰ ਦੱਸਿਆ ਕਿ "ਸੁਰਤ ਵਿਚੋਂ ਨਾਮ-ਰਸ ਚਲਾ ਗਿਆ ਹੈ। ਆਪਣਾ ਆਪ ਖਾਲੀ ਦਿਸਦਾ ਹੈ।" ਆਪ ਪੁੱਛਣ ਲਗੇ, "ਕੀ ਕਾਰਨ ਹੈ ?" ਮੈਂ ਕਿਹਾ, ਮੈਨੂੰ ਤੇ ਕੋਈ ਖਾਸ ਕਾਰਨ ਦਿਸਦਾ ਨਹੀਂ ਬਲਕਿ ਮੈਂ ਤਾਂ ਇਨ੍ਹਾਂ ਦਿਨਾਂ ਵਿਚ ਗੁਰਬਾਣੀ ਦੇ ਟੀਕੇ ਦਾ ਕੰਮ ਹੀ ਕਰਦਾ ਰਿਹਾ ਹਾਂ, ਜੋ ਮਹਾਨ ਪਵਿੱਤਰ ਅਤੇ ਪਾਵਨ ਸਤਿਗੁਰਾਂ ਦੀ ਸੇਵਾ ਸੀ"। ਕਹਿਣ ਲੱਗੇ ਕਿ, "ਆਪ ਛਕਦੇ ਕੀ ਰਹੇ ਹੋ ?" ਮੈਂ ਉਨ੍ਹਾਂ ਨੂੰ ਕਿਹਾ ਕਿ "ਸਵੇਰੇ ਦਹੀਂ ਖਿਚੜੀ ਤੇ ਰਾਤ ਨੂੰ ਕੇਵਲ ਦੁੱਧ।" ਕਹਿਣ ਲਗੇ, "ਅੱਛਾ"। ਇਸ ਦਾ ਉਪਾਵ ਕਰਦੇ ਹਾਂ" ਆਪ ਦਰਬਾਰ ਸਾਹਿਬ ਤੋਂ ਮੇਰੇ ਨਾਲ ਛਾਪੇਖਾਨੇ ਆ ਗਏ ਅਤੇ ਮੇਰੇ ਘਰ ਵਾਲੀ (ਸ੍ਰੀ ਮਾਤਾ ਜੀ) ਨੂੰ ਕਹਿਣ ਲਗੇ ਕਿ, "ਅਜ ਮੈਂ ਪ੍ਰਸ਼ਾਦ ਤੁਹਾਡੇ ਹੱਥ ਦਾ ਛਕਣਾ ਹੈ ਪਰ ਮੈਂ ਘਿਓ ਨਾਲ ਤਰੋਤਰ ਪਰੌਂਠੇ ਖਾਣੇ ਹਨ।" ਪ੍ਰਸ਼ਾਦ ਤਿਆਰ ਹੋ ਗਿਆ। ਸੰਤ ਜੀ ਮਹਾਰਾਜ ਦੇ ਲਈ ਥਾਲ ਪਰੋਸ ਕੇ ਆਇਆ ਤੇ ਆਪ ਨੇ ਉਹ ਥਾਲ ਚੁਕ ਕੇ ਮੇਰੇ ਅਗੇ ਰੱਖ ਦਿੱਤਾ ਤੇ ਆਪਣੇ ਲਈ ਹੋਰ ਥਾਲ ਦੀ ਆਗਿਆ ਕੀਤੀ।

ਆਪ ਜੀ ਦਸਦੇ ਸਨ ਕਿ ਮੈਂ ਸੰਤ ਲਖਬੀਰ ਸਿੰਘ ਜੀ ਮਹਾਰਾਜ ਨੂੰ ਬਿਨੈ ਕੀਤੀ ਕਿ "ਇਤਨਾ ਸ਼ਾਨਦਾਰ ਪ੍ਰਸ਼ਾਦ ਸ਼ਾਇਦ ਮੈਂ ਨਹੀਂ ਖਾ ਸਕਾਂਗਾ" ਆਪ ਕਹਿਣ ਲਗੇ ਕਿ "ਅੱਜ ਤਾਂ ਮੇਰੇ ਨਾਲ ਆਪ ਨੂੰ ਐਸਾ ਭੋਜਨ ਰਜ ਕੇ ਛਕਣਾ ਹੀ ਪਏਗਾ।" ਮਹਾਪੁਰਸ਼ਾਂ ਦੀ ਆਗਿਆ ਅਨੁਸਾਰ ਮੈਂ ਪ੍ਰਸ਼ਾਦ ਛਕਣਾ ਸ਼ੁਰੂ ਕਰ ਦਿੱਤਾ ਅਤੇ ਜਿਵੇਂ ਉਨ੍ਹਾਂ ਆਗਿਆ ਕੀਤੀ ਸੀ ਰਜ ਕੇ ਭੋਜਨ ਛਕਿਆ। ਥੋੜ੍ਹਾ ਜਿਹਾ ਸਮਾਂ ਸੰਤ ਜੀ ਮਹਾਰਾਜ ਬਚਨ ਬਿਲਾਸ ਕਰਦੇ ਰਹੇ ਅਤੇ ਫਿਰ ਆਪ ਜੀ ਆਪਣੇ ਘਰ ਵੱਲ ਵਿਦਾ ਹੋਏ। ਰਾਤ ਨੂੰ ਜਦ ਮੈਂ ਸੁਤਾ ਤਾਂ ਮੈਨੂੰ ਬੜੀ ਹੀ ਡੂੰਘੀ ਨੀਂਦ ਆਈ। ਤ੍ਰਿਪਹਿਰੇ ਮੇਰੀ ਜਾਗ ਖੁਲ੍ਹੀ ਮੈਂ ਤਿਆਰ ਹੋ ਕੇ ਸ੍ਰੀ ਹਰਿਮੰਦਰ ਸਾਹਿਬ ਜਾ ਪਹੁੰਚਿਆ। ਉਥੇ ਬੈਠਦਿਆਂ ਹੀ ਅਕਹਿ ਰਸ ਦੇ ਝਰਨੇ ਮੇਰੇ ਅੰਦਰ ਚਲ ਪਏ। ਪੈਰਾਂ ਤੋਂ ਲੈ ਕੇ ਚੋਟੀ ਤਕ ਸਾਰਾ ਸਰੀਰ ਨਾਮ ਰਸ ਵਿਚ ਭਰ ਗਇਆ। ਮੈਂ ਦਾਤੇ ਦੀ ਇਸ ਮੇਹਰ ਦਾ ਅਨੰਤ ਹੀ ਸ਼ੁਕਰ ਕੀਤਾ। ਹਸਬ ਮਾਮੂਲ ਮੈਂ 9 ਵਜੇ ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲਿਆ ਤਾਂ ਦਰਸ਼ਨੀ ਡਿਉਢੀ ਤੋਂ ਬਾਹਰ ਸੰਤ ਜੀ ਮਹਾਰਾਜ ਖੜੇ ਸਨ। ਹੱਸ ਕੇ ਕਹਿਣ ਲਗੇ ਕਿ "ਮੈਂ ਬੜੇ ਸਮੇਂ ਤੋਂ ਇਸ ਅਸਥਾਨ ਤੇ ਖੜੇ ਹੋ ਕੇ ਤੇਰੀ ਇੰਤਜ਼ਾਰ ਕਰ ਰਿਹਾ ਹਾਂ।" ਮੈਂ ਨਮਸਕਾਰ ਕੀਤੀ ਤੇ ਬਿਨੈ ਕੀਤੀ, "ਅੱਜ ਤਾਂ ਨਾਮ ਰਸ ਨੇ ਮੈਨੂੰ ਤ੍ਰਿਬੁਢ ਹੀ ਕਰ ਦਿੱਤਾ ਹੈ। ਅਗਾਧ ਰਸ ਦੀ ਦਾਤ ਮਿਲੀ ਹੈ।" ਸੰਤ ਜੀ ਮਹਾਰਾਜ ਕਹਿਣ ਲਗੇ ਕਿ "ਕੱਲ੍ਹ ਤਾਂ ਤੁਸੀਂ ਕਹਿੰਦੇ ਸੀ ਕਿ ਸੁਰਤ ਰਸ ਤੋਂ ਖਾਲੀ ਹੈ ਅੱਜ ਕਿਵੇਂ ਤਬਦੀਲੀ ਹੋਈ ?" ਕਹਿਣ ਲਗੇ ਕਿ "ਮੈਨੂੰ ਤਾਂ ਇਹ ਸਮਝ ਨਹੀਂ।"

ਸੰਤ ਲਖਬੀਰ ਸਿੰਘ ਜੀ ਮਹਾਰਾਜ ਕਹਿਣ ਲਗੇ ਕਿ "ਨਾਮ ਰਸ ਇਕ ਅਜਰ ਰਸ ਹੈ। ਇਸ ਵਿਚ ਮਹਾਨ ਸ਼ਕਤੀ ਹੈ। ਸੋ ਇਸ ਦੇ ਜਰਨ ਲਈ ਵੀ ਸ਼ਕਤੀ ਦੀ ਲੋੜ ਹੈ। ਸੋ ਰਾਤ ਨੂੰ ਜੋ ਆਪ ਨੇ ਮੇਰੇ ਨਾਲ ਸਨਿਗਦ ਪ੍ਰਸ਼ਾਦ ਛਕਿਆ ਸੀ : ਇਹ ਸ਼ਕਤੀ ਉਸ ਪ੍ਰਸ਼ਾਦ ਦੀ ਹੈ ਜਿਸ ਨੇ ਨਾਮ ਦੇ ਅਜਰ ਰਸ ਨੂੰ ਟਿਕਣ ਲਈ ਸਰੀਰ ਨੂੰ ਮਜ਼ਬੂਤ ਕੀਤਾ ਅਤੇ ਇਸ ਦਾ ਜ਼ਿਕਰ ਸਤਿਗੁਰ ਸਚੇ ਪਾਤਸ਼ਾਹ ਨੇ ਗੁਰਬਾਣੀ ਵਿਚ ਵੀ ਕੀਤਾ ਹੈ। ਕਿ "ਜਪੀਐ ਨਾਮੁ ਅੰਨਿ ਕੈ ਸਾਦਿ" ਫਿਰ ਆਪ ਹੋਰ ਜਗ੍ਹਾ ਤੇ ਲਿਖ ਰਹੇ ਹਨ : "ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥"

"ਆਪ ਹਫ਼ਤਾ ਭਰ ਅਲਪਹਾਰੀ ਰਹੇ ਜਿਸ ਕਰ ਕੇ ਸਰੀਰ ਦਾ ਤਾਣ ਘਟਣਾ ਲਾਜ਼ਮੀ ਸੀ। ਸੋ ਉਧਰੋਂ ਦਾਤੇ ਨੇ ਆਪਣਾ ਅਜਰ ਰਸ ਆਪਣੇ ਹੱਥ ਵਿਚ ਕਰ ਲਿਆ ਕਿ ਜਿਸ ਭਾਂਡੇ ਵਿਚ ਮੈਂ ਇਹ ਅੰਮ੍ਰਿਤ ਰਸ ਪਾਣਾ ਹੈ, ਉਹ ਭਾਂਡਾ ਅਜੇ ਅਬਲ ਹੈ। ਸੋ ਇਸ ਭਾਂਡੇ ਨੂੰ ਸਦਾ ਹੀ ਸਬਲ ਰੱਖਣਾ।"

ਤਾਜ਼ਿਆਨਾ

"ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ॥"

ਇਕ ਵਾਰ ਦਾ ਜ਼ਿਕਰ ਹੈ ਕਿ ਭਾਈ ਸਾਹਿਬ ਜੀ ਮਹਾਰਾਜ 60 ਲਾਰੰਸ ਰੋਡ ਤੇ ਆਪਣੇ ਕਮਰੇ ਵਿਚ ਬੈਠੇ ਜ਼ਰੂਰੀ ਕੰਮ ਕਰ ਰਹੇ ਸਨ ਕਿ ਅਚਾਨਕ ਨੌਕਰ ਨੇ ਉਨ੍ਹਾਂ ਦੀ ਮੇਜ਼ ਤੇ ਇਕ ਚਿੱਟ ਰੱਖ ਦਿੱਤੀ। ਅਚਾਨਕ ਹੀ ਆਪ ਦੀ ਨਜ਼ਰ ਉਸ ਚਿੱਟ ਤੇ ਪਈ, ਉਸ ਨੂੰ ਪੜ੍ਹਿਆ। ਉਸੀ ਛਿਨ ਆਪ ਸਲੀਪਰਾਂ ਨਾਲ ਹੀ ਆਪਣੀ ਕੋਠੀ ਦੀ ਡਿਉਢੀ ਵਿਚ ਪਹੁੰਚ ਗਏ। ਆਣ ਵਾਲੇ ਸੱਜਣ ਨੂੰ ਆਪ ਬੜੇ ਪਿਆਰ ਨਾਲ ਮਿਲੇ, ਸੁਖ ਸਾਂਦ ਪੁੱਛੀ ਅਤੇ ਫਿਰ ਆਪ ਨੇ ਪੁੱਛਿਆ, "ਕੀ ਆਗਿਆ ਹੈ।"

ਆਣ ਵਾਲਾ ਸਜਣ ਇਕ ਪੁਰਾਣਾ ਲਿਖਾਰੀ ਅਤੇ ਐਡੀਟਰ ਸੀ। ਕਹਿਣ ਲੱਗਾ ਕਿ, "ਮੇਰਾ ਲੜਕਾ ਇੰਜੀਨੀਅਰ ਦੇ ਇਮਤਿਹਾਨ ਵਿਚੋਂ ਪਾਸ ਹੋ ਚੁੱਕਾ ਹੈ ਤੇ ਕਈ ਮਹੀਨਿਆਂ ਤੋਂ ਕਈ ਦਫਤਰਾਂ ਵਿਚ ਟੱਕਰਾਂ ਮਾਰ ਰਿਹਾ ਹੈ। ਹਰ ਜਗ੍ਹਾ ਤੋਂ ਨਿਰਾਸਤਾ, ਨਾਉਮੀਦੀ ਲੈ ਕੇ ਆਉਂਦਾ ਹੈ। ਦੋ, ਚਾਰ ਦਿਨਾਂ ਤੋਂ ਉਹ ਖਾਸ ਨਿਰਾਸਤਾ ਵਿਚ ਹੈ ਤੇ ਕਲ ਇਕ ਮਿੱਤਰ ਨੇ ਮੈਨੂੰ ਕਿਹਾ ਕਿ ਜੇਕਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਦੀ ਇਕ ਸਿਫਾਰਸ਼ੀ ਚਿੱਠੀ ਮਲਕ ਤੇਜਾ ਸਿੰਘ ਸਾਹਿਬ ਦੇ ਨਾਮ ਦੀ ਮਿਲ ਜਾਏ ਤਾਂ ਤੇਰਾ ਪੁੱਤਰ ਫੌਰਨ ਹੀ ਕੰਮ ਲੱਗ ਸਕਦਾ ਹੈ। ਸੋ ਇਸ ਖਿਆਲ ਨਾਲ ਮੈਂ ਆਪ ਪਾਸ ਆਇਆ ਹਾਂ। ਮੈਨੂੰ ਪੂਰਨ ਆਸ ਹੈ ਕਿ ਆਪ ਜੀ ਇਸ ਕੰਮ ਵਿਚ ਮੇਰੀ ਸਹਾਇਤਾ ਕਰੋਗੇ।"

ਭਾਈ ਸਾਹਿਬ ਜੀ ਨੇ ਆਪਣੇ ਨੌਕਰ ਨੂੰ ਚਾਹ ਪਿਲਾਉਣ ਦੀ ਆਗਿਆ ਦਿੱਤੀ ਤੇ ਆਪ ਆਪਣੇ ਕੰਮ ਕਰਨ ਵਾਲੇ ਕਮਰੇ ਵਿਚ ਆ ਗਏ। ਕਾਗਜ਼ ਲੈ ਕੇ ਇਕ ਪੁਰਜ਼ੋਰ ਅੱਖਰਾਂ ਵਿਚ ਚਿੱਠੀ ਆਪ ਨੇ ਮਲਕ ਸਾਹਿਬ ਦੇ ਨਾਮ ਲਿਖੀ ਅਤੇ ਇਸ ਚਿੱਠੀ ਵਿਚ ਇਹ ਵੀ ਅਖਰ ਆਪ ਨੇ ਲਿਖ ਦਿੱਤੇ ਕਿ "ਕੇਹਾ ਚੰਗਾ ਹੋਵੇ ਜੋ ਮੇਰੀ ਚਿੱਠੀ ਦੇ ਦੋ ਤਿੰਨ ਦਿਨਾਂ ਦੇ ਅੰਦਰ ਅੰਦਰ ਹੀ ਇਸ ਸਜਣ ਦਾ ਕਾਕਾ ਕੰਮ ਤੇ ਲੱਗ ਜਾਏ।"

ਚਿੱਠੀ ਬੰਦ ਕਰ ਕੇ ਭਾਈ ਸਾਹਿਬ ਜੀ ਮਹਾਰਾਜ ਨੇ ਡਿਉਢੀ ਵਿਚ ਆ ਕੇ ਉਸ ਸਜਣ ਦੇ ਹੱਥ ਦਿੱਤੀ ਅਤੇ ਨਾਲ ਹੀ ਕਹਿ ਦਿੱਤਾ ਕਿ ਗੁਰੂ ਭਾਵੇ ਆਪ ਦਾ ਕਾਰਜ ਛੇਤੀ ਤੋਂ ਛੇਤੀ ਹੋ ਜਾਣ ਦੀ ਸੰਭਾਵਨਾ ਹੈ।

ਚਿੱਠੀ ਲੈ ਕੇ ਉਹ ਲਿਖਾਰੀ ਘਰ ਆਇਆ ਤੇ ਆਪਣੇ ਕਾਕੇ ਨੂੰ ਨਾਲ ਲੈ ਕੇ ਇਕ ਦੋ ਦਿਨਾਂ ਵਿਚ ਦਿੱਲੀ ਪਹੁੰਚਿਆ।

ਉਨ੍ਹਾਂ ਦਿਨਾਂ ਵਿਚ ਮਲਕ ਸਾਹਿਬ ਸੈਂਟਰਲ ਗਵਰਨਮੈਂਟ ਸੀ.ਪੀ.ਡਬਲਿਊ. ਡੀ. ਵਿਚ ਬਤੌਰ ਚੀਫ ਇੰਜੀਨੀਅਰ ਕੰਮ ਕਰ ਰਹੇ ਸਨ। ਇਸ ਨੇ ਮਲਕ ਸਾਹਿਬ ਦੇ ਘਰ ਪਹੁੰਚ ਕੇ ਭਾਈ ਸਾਹਿਬ ਮਹਾਰਾਜ ਦਾ ਖ਼ਤ ਅਰਦਲੀ ਰਾਹੀਂ ਅੰਦਰ ਭੇਜਿਆ। ਕੁਝ ਮਿੰਟਾਂ ਅੰਦਰ ਹੀ ਮਲਕ ਸਾਹਿਬ ਬਾਹਰ ਆ ਗਏ। ਖ਼ਤ ਲਿਆਉਣ ਵਾਲੇ ਸਜਣਾਂ ਨੂੰ ਪੂਰਾ ਸਤਿਕਾਰ ਦਿੱਤਾ ਅਤੇ ਕਿਹਾ ਕੱਲ ਕਾਕਾ ਮੇਰੇ ਦਫਤਰ ਵਿਚ ਆ ਕੇ ਦਰਖਾਸਤ ਦੇ ਦੇਵੇ। ਮੈਂ ਕੋਸ਼ਿਸ਼ ਕਰਾਂਗਾ ਕਿ ਇਕ ਦੋ ਦਿਨਾਂ ਵਿਚ ਇਹ ਕੰਮ ਲਗ ਜਾਵੇਗਾ ਤਦ ਤਕ ਆਪ ਦਿੱਲੀ ਹੀ ਠਹਿਰੋ। ਦੂਸਰੀ ਭਲਕ ਲੜਕਾ ਮਲਕ ਸਾਹਿਬ ਦੇ ਦਫਤਰ ਗਿਆ ਅਤੇ ਦਰਖਾਸਤ ਦਿੱਤੀ। ਉਸ ਤੋਂ ਅਗਲੇ ਦਿਨ ਉਸ ਦੀ ਨਿਯੁਕਤੀ ਦੇ ਆਰਡਰ ਹੋ ਗਏ।

ਲੜਕਾ ਅਤੇ ਉਸ ਦਾ ਬਾਪ ਨਿਯੁਕਤੀ ਦੇ ਆਰਡਰ ਲੈ ਕੇ ਭਾਈ ਸਾਹਿਬ ਜੀ ਮਹਾਰਾਜ ਪਾਸ ਸ੍ਰੀ ਅੰਮ੍ਰਿਤਸਰ ਆਏ ਤੇ ਕਹਿਣ ਲਗੇ "ਆਪ ਦੀ ਮਿਹਰਬਾਨੀ ਕਰ ਕੇ ਇਸ ਨੂੰ ਨਿਯੁਕਤੀ ਦੇ ਆਰਡਰਜ਼ ਮਿਲ ਗਏ ਹਨ ਅਤੇ ਅਸੀਂ ਦੋਨੋਂ ਆਪ ਦੇ ਬੜੇ ਹੀ ਕ੍ਰਿਤਗਯ ਹਾਂ। ਤੁਸਾਂ ਅਸਾਂ ਤੇ ਬੜੀ ਹੀ ਕ੍ਰਿਪਾ ਕੀਤੀ ਹੈ। ਨਹੀਂ ਤਾਂ ਇਹ ਲੜਕਾ ਵਿਚਾਰਾ ਬਹੁਤ ਹੀ ਨਿਰਾਸਤਾ ਵਿਚ ਸੀ।"

ਭਾਈ ਸਾਹਿਬ ਜੀ ਮਹਾਰਾਜ ਕਹਿਣ ਲਗੇ ਕਿ "ਕਾਰਸਾਜ਼ ਤਾਂ ਵਾਹਿਗੁਰੂ ਹੈ ਬਾਕੀ ਵਾਹਿਗੂਰੂ ਜੀ ਨੇ ਇਹ ਕੰਮ ਮੇਰੇ ਰਾਹੀਂ ਕਰਾਇਆ ਹੈ ਸੋ ਇਹ ਉਸ ਦੀ ਮੇਹਰ ਹੈ।"

ਫਿਰ ਉਸ ਲਿਖਾਰੀ ਨੇ ਬੇਨਤੀ ਕੀਤੀ ਕਿ ਇਕ ਮੈਂ ਹੋਰ ਬੇਨਤੀ ਕਰਨੀ ਹੈ, ਉਹ ਇਹ ਹੈ ਕਿ "ਆਪ ਮੈਨੂੰ ਮਾਫ ਕਰ ਦਿਓ। ਮੈਂ ਤਾਂ ਕਈ ਸਾਲ ਲਗਾਤਾਰ ਕਲਮ ਰਾਹੀਂ, ਜ਼ੁਬਾਨ ਰਾਹੀਂ, ਆਪ ਦੀ ਨਿੰਦਿਆ ਕਰਦਾ ਰਿਹਾ ਹਾਂ। ਮੈਂ ਅਖਬਾਰ ਦੇ ਹਰ ਕਾਲਮ ਵਿਚ ਆਪ ਬਾਬਤ ਕੋੜੇ ਅੱਖਰ ਲਿਖਦਾ ਰਿਹਾ ਹਾਂ। ਹਰ ਸਭਾ ਵਿਚ, ਹਰ ਸੋਸਾਇਟੀ ਵਿਚ, ਹਰ ਮਜਮੇ ਵਿਚ ਮੈਂ ਆਪ ਦੀ ਨਿੰਦਿਆ, ਬਦਖੋਈ ਕਰਦਾ ਰਿਹਾ ਹਾਂ। ਸੋ ਅੱਜ ਮੈਂ ਬੜੀ ਨਿਮਰਤਾ ਨਾਲ ਆਪ ਤੋਂ ਇਹ ਅਵੱਗਿਆ ਬਖਸ਼ਾਣੀ ਚਾਹੁੰਦਾ ਹਾਂ। ਆਸ ਹੈ ਆਪ ਆਪਣੇ ਵਿਸ਼ਾਲ ਦਿਲ ਨਾਲ ਮੇਰੇ ਇਨ੍ਹਾਂ ਮਹਾਨ ਪਾਪਾਂ ਨੂੰ ਬਖਸ਼ ਦਿਉਗੇ ਅਤੇ ਮੈਨੂੰ ਸਦਾ ਲਈ ਮਾਫ ਕਰ ਦਿਉਗੇ।" ਇਹ ਕਹਿੰਦਿਆਂ ਉਹ ਆਪਣੀ ਜਗ੍ਹਾ ਤੋਂ ਉਠ ਖੜਾ

ਹੋਇਆ, ਅੱਖਾਂ ਜਲ ਨਾਲ ਭਰ ਗਈਆਂ ਤੇ ਭਾਈ ਸਾਹਿਬ ਜੀ ਮਹਾਰਾਜ ਦੇ ਚਰਨਾਂ ਨੂੰ ਪਕੜ ਕੇ, "ਮਾਫੀ, ਮਾਫੀ" ਕਹਿ ਕੇ ਕੂਕਣ ਲੱਗ ਪਿਆ।

ਭਾਈ ਸਾਹਿਬ ਜੀ ਮਹਾਰਾਜ ਨੇ ਉਸ ਨੂੰ ਬੜਾ ਪਿਆਰ ਕੀਤਾ, ਧੀਰਜ ਦਿੱਤਾ ਤੇ ਜਦੋਂ ਉਸ ਦਾ ਮਨ ਪੂਰਨ ਸ਼ਾਂਤ ਹੋ ਗਿਆ ਤਦ ਆਪ ਜੀ ਕਹਿਣ ਲਗੇ ਕਿ "ਮੈਨੂੰ ਤੇਰੇ ਹਰੇਕ ਲੇਖ ਦਾ ਪਤਾ ਲਗਦਾ ਰਿਹਾ ਹੈ ਜੋ ਤੂੰ ਮੇਰੀ ਬਾਬਤ ਅਖਬਾਰਾਂ ਵਿਚ ਦਿੰਦਾ ਰਿਹਾ ਹੈਂ। ਫਿਰ ਜੋ ਕੁਛ ਤੂੰ ਸਭਾ ਤੇ ਸੋਸਾਇਟੀਆਂ ਵਿਚ ਕਹਿੰਦਾ ਰਿਹਾ ਹੈਂ, ਉਸ ਦਾ ਪਤਾ ਵੀ ਮੈਨੂੰ ਪੂਰੀ ਤਰ੍ਹਾਂ ਹੈ। ਪ੍ਰੰਤੂ ਇਨ੍ਹਾਂ 37 ਸਾਲਾਂ ਵਿਚ ਮੇਰੇ ਮਨ ਵਿਚ ਕਦੇ ਵੀ ਤੇਰੀ ਬਾਬਤ ਘਿਰਨਾ ਨਹੀਂ ਆਈ ਅਤੇ ਨਾ ਹੀ ਮੇਰੇ ਮਨ ਵਿਚ ਤੇਰੀ ਬਾਬਤ ਕਦੇ ਵੈਰ ਵਿਰੋਧ ਦਾ ਫੁਰਨਾ ਉਪਜਿਆ ਹੈ। ਜਦ ਤੂੰ ਇਹ ਕੰਮ ਕਰਦਾ ਸੀ ਤਦੋਂ ਮੈਂ ਇਹ ਸਮਝਦਾ ਸਾਂ ਕਿ ਮੇਰੇ ਵਾਹਿਗੁਰੂ ਜੀ ਨੇ ਮੈਨੂੰ ਸਿੱਧਾ ਰੱਖਣ ਲਈ ਤੇਰੇ ਹੱਥ ਵਿਚ ਨਿੰਦਿਆ (ਸ਼ਿਕਾਇਤ) ਦਾ "ਤਾਜ਼ਿਆਨਾ" (ਚਾਬਕ) ਫੜਾ ਦਿੱਤਾ ਹੈ, ਅਤੇ ਹੁਣ ਜਦ ਇਸ ਦੀ ਲੋੜ ਨਹੀਂ ਤੈਨੂੰ ਮੇਰੇ ਪਾਸ ਲੈ ਆਂਦਾ ਹੈ। ਜੋ ਕੁਝ ਹੋਇਆ ਹੈ, ਮੇਰੇ ਭਲੇ ਲਈ ਹੋਇਆ ਹੈ। ਤੇਰਾ ਇਸ ਵਿਚ ਕੋਈ ਕਸੂਰ ਨਹੀਂ। ਵਾਹਿਗੁਰੂ ਸਦ-ਬਖਸ਼ਿੰਦ ਹੈ। ਉਹ ਮੈਨੂੰ ਵੀ ਬਖਸ਼ੇਗਾ, ਤੈਨੂੰ ਵੀ ਬਖਸ਼ੇਗਾ।" ਇਹ ਅੱਖਰ ਕਹਿ ਕੇ ਭਾਈ ਸਾਹਿਬ ਜੀ ਨੇ ਉਸ ਨੂੰ ਬਹੁਤ ਪਿਆਰ ਦਿੱਤਾ ਅਤੇ ਖੁਸ਼ੀ-ਖੁਸ਼ੀ ਉਸ ਨੂੰ ਵਿਦੈਗੀ ਦਿੱਤੀ।

ਨਾਮੁ ਨ ਵਿਸਰੇ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪ੍ਰਮਾਰਥ ਦੀ ਸਭ ਤੋਂ ਉੱਚੀ ਅਵਸਥਾ ਜੋ ਦੱਸੀ ਹੈ, ਉਹ ਹੈ ਰੱਬ ਦਾ ਨਾਮ ਨਾ ਭੁਲਣਾ। ਇਹ ਅਵਸਥਾ ਇਤਨੀ ਉੱਚੀ ਹੈ ਕਿ ਸਤਿਗੁਰੂ ਜੀ ਨੇ ਜਪੁ ਜੀ ਸਾਹਿਬ ਵਿਚ ਆਪਣੇ ਨਿਰੰਕਾਰ ਗੁਰੂਦੇਵ ਤੋਂ ਇਹੀ ਮੰਗ ਮੰਗੀ ਹੈ। "ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥"

(ਜਪੁ ਜੀ ਸਾਹਿਬ)

ਫਿਰ ਆਪ ਨੇ, ਜਿਸ ਜੀਵ ਨੂੰ ਇਹ ਅਵਸਥਾ ਪ੍ਰਾਪਤ ਹੋਈ ਹੈ, ਉਸ ਦੀ ਬਾਬਤ ਲਿਖਿਆ ਹੈ। "ਪ੍ਰਣਵਤਿ ਨਾਨਕ ਤਿਨ੍ ਕੀ ਸਰਣਾ ਜਿਨ੍ ਤੂ ਨਾਹੀ ਵੀਸਰਿਆ॥" ਅਰਥਾਤ ਜਿਨ੍ਹਾਂ ਨੂੰ ਨਾਮ ਨਾ ਵਿਸਰਣ ਦੀ ਉਚ ਅਵਸਥਾ ਪ੍ਰਾਪਤ ਹੋ ਚੁੱਕੀ ਹੈ, ਮੈਂ ਉਨ੍ਹਾਂ ਦੀ ਚਰਨ ਸ਼ਰਨ ਲੈਣਾ ਚਾਹੁੰਦਾ ਹਾਂ।

ਸ੍ਰੀ ਰਾਗ ਦੇ ਆਰੰਭ ਵਿਚ, ਪਹਿਲੇ ਸ਼ਬਦ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਫੁਰਮਾਇਆ ਹੈ ਕਿ ਇਸ ਸੰਸਾਰ ਦੇ ਵਿਚ ਜੀਵ ਦੇ ਪ੍ਰਲੋਭਨ ਕਰਨ ਲਈ ਕਈ ਚੀਜ਼ਾਂ ਹਨ, ਕਿਤੇ ਸੋਨੇ ਦੇ ਹੀਰੇ ਲਾਲ ਜੜਤ ਮੰਦਰ, ਕਿਤੇ ਹੀਰੇ ਲਾਲ ਜੜਤ ਪਲੰਘ, ਕਿਤੇ ਸੁੰਦਰ ਇਸਤਰੀਆਂ, ਕਿਤੇ ਰਿਧੀਆਂ ਸਿਧੀਆਂ ਕਰਾਮਾਤਾਂ ਅਤੇ ਸ਼ਕਤੀਆਂ, ਕਿਤੇ ਰਾਜਗੀਰੀਆਂ ਤੇ ਬਾਦਸ਼ਾਹਤਾਂ, ਪਰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉੱਪਰ ਹੈ ਨਾਮ ਦਾ ਨਾ ਵਿਸਰਣਾ।

ਆਪ ਸੱਚੇ ਜਗਿਆਸੂ ਨੂੰ ਖਬਰਦਾਰ ਕਰ ਰਹੇ ਹਨ, "ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥" ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਬਾਣੀ ਵਿਚ ਹੀ ਬੇਅੰਤ ਹੀ ਅਰਦਾਸਾਂ ਸਤਿਗੁਰੂ ਜੀ ਨੇ ਆਪਣੇ ਲਈ, ਆਪਣੇ ਰਸਤੇ ਤੇ ਚਲਣ ਵਾਲੇ ਗੁਰਸਿੱਖਾਂ ਲਈ ਕੀਤੀਆਂ ਹਨ। "ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥" ਫਿਰ ਮਹਾਰਾਜ ਅਰਦਾਸ ਕਰ ਰਹੇ ਹਨ- "ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ॥ ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ॥" ਇਥੋਂ ਤਕ ਆਪ ਦਸ ਰਹੇ ਹਨ ਕਿ ਜਿਨ੍ਹਾਂ ਨੂੰ ਨਾਮ ਨਹੀਂ ਵਿਸਰਦਾ, ਉਹ ਕਿਸ ਅਵਸਥਾ ਤੇ ਪਹੁੰਚ ਗਏ ਹਨ। ਮਹਾਰਾਜ ਦਾ ਸਿਦਕ ਹੈ ਕਿ ਨਾਮ ਦੀ ਇਸ ਅਵਸਥਾ ਵਾਲਾ ਪੁਰਖ ਰੱਬ ਰੂਪ ਹੀ ਹੋ ਜਾਂਦਾ ਹੈ- "ਜਿਨ੍ਹਾਂ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥" ਇਸ ਅਵਸਥਾ ਦੀ ਪ੍ਰਾਪਤੀ ਲਈ ਗੁਰੂ ਪਰਮੇਸ਼ਰ ਅਤੇ ਸੰਤ ਦੀ ਬਖਸ਼ਿਸ਼ ਅਤੇ ਮੇਹਰ ਦੀ ਅਤਿ ਹੀ ਲੋੜ ਹੈ।

ਸੰਨ 1954-55 ਦਾ ਜ਼ਿਕਰ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਬੰਬਈ ਭਾਗ ਲਾ ਰਹੇ ਸਨ। ਉਥੇ ਹਰ ਰੋਜ਼ ਸ਼ਾਮ ਦੇ ਵੇਲੇ ਆਪ ਨੂੰ ਇਕ ਸਜਣ ਜੋ ਸਿੰਧੀ ਸਨ, ਆਪਣੀ ਕਾਰ ਤੇ ਸੈਰ ਤੇ ਲੈ ਜਾਂਦੇ ਸਨ ਇਸ ਸਜਣ ਦਾ ਨਾਮ ਸ੍ਰੀ ਕੇ.ਸੀ. ਸੀ। ਇਹ ਬੰਦਾ ਇਕ ਸੱਚਾ ਤੇ ਸੁੱਚਾ ਜਗਿਆਸੂ ਸੀ। ਇਸ ਦੇ ਅੰਦਰ ਜੀਵਨ ਨੂੰ ਸਫਲ ਕਰਨ ਦੀ ਪੂਰਨ ਇੱਛਾ ਸੀ। ਸ੍ਰੀਮਾਨ ਸੰਤ ਬੁਢਾ ਸਿੰਘ ਜੀ ਮਹਾਰਾਜ ਤੋਂ ਇਸ ਨੇ ਨਾਮ ਦੀ ਬਖਸ਼ਿਸ਼ ਪ੍ਰਾਪਤ ਕੀਤੀ ਹੋਈ ਸੀ। ਉਨ੍ਹਾਂ ਦੀ ਆਗਿਆ ਅਨੁਸਾਰ ਹੀ ਇਸ ਦੇ ਮਨ ਵਿਚ ਭਾਈ ਸਾਹਿਬ ਜੀ ਮਹਾਰਾਜ ਦਾ ਡੂੰਘਾ ਪਿਆਰ ਪੈਦਾ ਹੋਇਆ। ਜਦੋਂ ਭੀ ਇਸ ਨੇ ਭਾਈ ਸਾਹਿਬ ਜੀ ਮਹਾਰਾਜ ਦੇ ਚਰਨਾਂ ਵਿਚ ਆਉਣਾ, ਅਤਿਅੰਤ ਹੀ ਨਿਮਰਤਾ ਵਿਚ ਹਾਜ਼ਰ ਹੋਣਾ, ਜਿਸ ਤਰ੍ਹਾਂ ਕਿ ਇਕ ਸੱਚੇ ਜਗਿਆਸੂ ਨੂੰ ਆਪਣੇ ਸਤਿਪੁਰਸ਼ ਦੀ ਹਜ਼ੂਰੀ ਵਿਚ ਆਉਣਾ ਚਾਹੀਦਾ ਹੈ।

ਇਕ ਦਿਨ ਜਦ ਆਪ ਸੈਰ ਤੋਂ (19-9-72) ਵਾਪਸ ਆਏ ਤਾਂ ਉਸ ਵੇਲੇ ਸ੍ਰੀ ਕੇ.ਸੀ. ਨੂੰ ਕਹਿ ਰਹੇ ਸਨ, "ਉਹ ਲੋਗ ਜਿਨ੍ਹਾਂ ਨੂੰ ਮੈਂ ਕੁਝ ਕਹਿ ਨਹੀਂ ਸਕਦਾ, ਉਨ੍ਹਾਂ ਨੂੰ ਮੇਰੇ ਪਾਸ ਆਉਣ ਤੇ ਕੀ ਲਾਭ ਹੋ ਸਕਦਾ ਹੈ?" ਆਪ ਇਹ ਅੱਖਰ ਕਹਿੰਦਿਆਂ ਕੁਰਸੀ ਤੇ ਬੈਠ ਗਏ। ਆਪ ਨੇ ਇਸ ਕੀਟ ਵੱਲ ਤੱਕਿਆ ਤੇ ਕਹਿਣ ਲਗੇ ਕਿ, "ਇਹ ਨਾਮ ਦੀ ਅਵਸਥਾ ਕਦੋਂ ਪ੍ਰਾਪਤ ਹੁੰਦੀ ਹੈ? ਜਦੋਂ ਕਿ ਨਾਮ ਨਾ ਵਿਸਰੇ?" ਨਿਮਰਤਾ ਸਹਿਤ ਦਾਸ ਨੇ ਬਿਨੈ ਕੀਤੀ ਕਿ, ਗੁਰੂ ਗ੍ਰੰਥ ਸਾਹਿਬ ਵਿਚ ਮਹਾਰਾਜ ਨੇ ਲਿਖਿਆ ਹੈ "ਨਾਮੁ ਨ ਵਿਸਰੈ ਸੰਤ ਪ੍ਰਸਾਦਿ॥"

ਆਪ ਜੀ ਨੇ ਸ੍ਰੀ ਕੇ.ਸੀ. ਜੀ ਨੂੰ ਦੱਸਿਆ ਕਿ "ਇਕੇਰਾਂ ਮੈਂ ਸ੍ਰੀ ਅੰਮ੍ਰਿਤਸਰ ਸਾਂ। ਕੁਦਰਤ ਨਾਲ ਸਾਰੇ ਪਰਿਵਾਰ ਦੇ ਮੈਂਬਰ ਦਿੱਲੀ ਗਏ ਹੋਏ ਸਨ। ਮੈਨੂੰ ਕੁਦਰਤਨ ਹੀ ਬੁਖਾਰ ਹੋ ਗਿਆ। ਉਸ ਵਕਤ ਘਰ ਵਿਚ ਸਰਦਾਰ ਜੋਧ ਸਿੰਘ ਜੀ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਲਾਜਾਂ ਮੇਰੇ ਪਾਸ ਸਨ। ਇਹ ਦੰਪਤੀ ਰਾਵਲਪਿੰਡੀ ਦੇ ਰਹਿਣ ਵਾਲੇ ਸਨ ਅਤੇ ਰੱਬ ਦੇ ਰਸਤੇ ਦੇ ਤਕੜੇ ਪੰਧਾਊ ਸਨ। ਜਦੋਂ ਵੀ ਮੈਂ ਰਾਵਲਪਿੰਡੀ ਦੇ ਰਸਤੇ ਕਸ਼ਮੀਰ ਵੱਲ ਜਾਂ ਹੋਰ ਕਿਸੇ ਪਾਸੇ ਲੰਘਣਾ ਹੁੰਦਾ ਸੀ, ਸਦਾ ਹੀ ਇਸ ਦੰਪਤੀ ਦੇ ਗ੍ਰਿਹਿ ਵਿਚ ਜਾ ਕੇ ਠਹਿਰਦਾ ਸਾਂ। ਮੇਰੀ ਦੇਖ ਭਾਲ ਦੰਪਤੀ ਨੇ ਤਨ-ਮਨ ਕਰ ਕੇ ਠੀਕ ਤੌਰ ਤੇ ਕੀਤੀ। ਜੇਕਰ ਮੈਂ ਕਿਹਾ ਮੈਂ ਦਵਾਈ ਨਹੀਂ ਪੀਣੀ ਤਾਂ ਮੇਰੇ ਅਗੇ ਸਤਿਬਚਨ ਕਿਹਾ। ਜੇਕਰ ਮੈਂ ਕਿਹਾ ਮੈਨੂੰ ਬਾਣੀ ਸੁਣਾਓ ਤਾਂ ਉਨ੍ਹਾਂ ਨੇ ਮੈਨੂੰ ਬਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ। ਭਾਵ ਕੀ- ਕਿ ਸਾਰੀ ਬਿਮਾਰੀ ਵਿਚ ਉਨ੍ਹਾਂ ਨੇ ਸੇਵਾ ਮੇਰੀ ਮਰਜ਼ੀ ਮੁਤਾਬਕ ਕੀਤੀ।"

"ਥੋੜ੍ਹੇ ਸਮੇਂ ਬਾਅਦ ਮੈਂ ਠੀਕ ਹੋ ਗਿਆ। ਦੰਪਤੀ ਰਾਵਲਪਿੰਡੀ ਚਲੇ ਗਏ।"

"ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਬਹੁਤ ਨਜ਼ਦੀਕ ਆ ਗਿਆ। ਮੈਂ ਆਪਣੇ ਕਮਰੇ ਵਿਚ ਬੈਠ ਕੇ ਟ੍ਰੈਕਟ ਲਿਖ ਰਿਹਾ ਸਾਂ। ਮਹਿਸੂਸ ਹੋਇਆ ਕਿ ਮੇਰੇ ਪੈਰਾਂ ਨੂੰ ਕੋਈ ਛੋਹ ਰਿਹਾ ਹੈ। ਮੈਂ ਮੇਜ਼ ਤੋਂ ਪਰ੍ਹੇ ਆਪਣੀ ਕੁਰਸੀ ਕੀਤੀ ਤੇ ਚਰਨਾਂ ਤੇ ਡਿਗੀ ਹੋਈ ਅਧਿਆਤਮਕ ਰੂਹ ਨੂੰ ਚੁੱਕਿਆ। ਕੀ ਦੇਖਿਆ, ਕਿ ਇਹ ਉਹੀ ਬੀਬੀ ਹੈ ਜਿਸ ਨੇ ਬਿਮਾਰੀ ਵਕਤ ਮੇਰੀ ਮਰਜ਼ੀ ਅਨੁਸਾਰ ਸੇਵਾ ਕੀਤੀ ਸੀ।"

"ਗੁਰਪੁਰਬ ਦੇ ਟ੍ਰੈਕਟ ਲਿਖਣ ਸਮੇਂ ਮੇਰੇ ਮਨ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਦਾ ਆਵੇਸ਼ ਸੀ। ਉਨ੍ਹਾਂ ਦਾ ਨੂਰਾਨੀ ਪ੍ਰਭਾਵ ਮੇਰੇ ਅੰਦਰ ਜਗਮਗ ਕਰ ਰਿਹਾ ਸੀ। ਅਚਾਨਕ ਹੀ ਮੇਰਾ ਹੱਥ ਲਾਜਾਂ ਜੀ ਦੇ ਸਿਰ ਤੇ ਛੋਹਿਆ ਤੇ ਮੂੰਹ ਤੋਂ ਅੱਖਰ ਨਿਕਲੇ। "ਮਿਹਰ ਗੁਰੂ ਨਾਨਕ ਦੀ ਤੈਨੂੰ ਨਾਮ ਨਾ ਵਿਸਰੇ"। ਇਤਨੇ ਅੱਖਰ ਕਹਿਣ ਦੀ ਦੇਰ ਸੀ ਕਿ ਰੱਬ ਜੀ ਦਾ ਪਵਿੱਤਰ ਨਾਮ, ਜਿਸ ਨੂੰ ਮਹਾਰਾਜ ਨੇ "ਸਾਈ ਨਾਮੁ ਅਮੋਲੁ" ਕਿਹਾ ਹੈ, ਉਸ ਬੀਬੀ ਦੇ ਘਟ ਅੰਦਰ ਪ੍ਰਵੇਸ਼ ਕਰ ਗਿਆ। ਲਗਾਤਾਰ ਨਾਮ ਦੀ ਨਿਰੰਤਰਤਾਈ ਇਕ ਛਿਨ ਵਿਚ ਉਸ ਨੂੰ ਪ੍ਰਾਪਤ ਹੋ ਗਈ। ਗੁਰੂ ਮੇਹਰ ਨਾਲ ਉਸ ਦੀ ਆਤਮਾ ਜਾਗ ਉਠੀ ਅਤੇ ਮਰਦੇ ਦਮ ਤਕ ਫਿਰ ਉਸ ਨੂੰ ਰੱਬ ਜੀ ਦਾ ਪਵਿੱਤਰ ਨਾਮ ਨਾ ਭੁਲਿਆ।"

ਆਪ ਜੀ ਦਸਦੇ ਸਨ ਕਿ "ਪਾਵਨ ਸਤਿਸੰਗ ਮੰਡਲ ਵਿਚੋਂ ਇਹ ਬੀਬੀ ਸਿਰੇ ਚੜ੍ਹ ਗਈ ਸੀ।" ਇਸ ਲਈ ਮਹਾਰਾਜ ਕਹਿ ਰਹੇ ਹਨ "ਨਾਮੁ ਨ ਵਿਸਰੈ ਸੰਤ ਪ੍ਰਸਾਦਿ॥"

ਲੈ ਨਰਜਾ ਮਨੁ ਤੋਲੈ ਦੇਵ

ਜਿਨ੍ਹਾਂ ਵਡਭਾਗੀਆਂ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਦੀ ਸੰਗਤ ਪ੍ਰਾਪਤ ਹੋਈ ਅਤੇ ਉਨ੍ਹਾਂ ਦੇ ਅਮੋਲਕ ਬਚਨ ਸੁਣਨ ਦਾ ਅਵਸਰ ਪ੍ਰਾਪਤ ਹੋਇਆ, ਉਨ੍ਹਾਂ ਨੂੰ ਭਾਈ ਸਾਹਿਬ ਜੀ ਮਹਾਰਾਜ ਦੇ ਇਹ ਅੱਖਰ ਸਦਾ ਕੰਨਾਂ ਵਿਚ ਗੂੰਜਦੇ ਹੋਣਗੇ "ਲੈ ਨਰਜਾ ਮਨੁ ਤੋਲੈ ਦੇਵ" ਇਸ ਮਨ ਨੂੰ ਵਿਚਾਰ ਦੇ ਤਰਾਜ਼ੂ ਤੇ ਰੱਖ ਕੇ ਹਰੇਕ ਜਗਿਆਸੂ ਨੂੰ, ਰੱਬ ਦੇ ਪਿਆਰੇ ਨੂੰ, ਸੰਤ ਮਹਾਪੁਰਸ਼ ਨੂੰ, ਸਦਾ ਹੀ ਤੋਲਦੇ ਰਹਿਣਾ ਚਾਹੀਦਾ ਹੈ, ਕਿਉਂਕਿ ਮਨ ਕਈ ਰੰਗਾਂ ਵਿਚ ਖੇਡਦਾ ਹੈ ਅਤੇ ਅਨਭੋਲੇ ਹੀ ਜਗਿਆਸੂ ਨੂੰ ਧੋਖਾ ਦਿੰਦਾ ਰਹਿੰਦਾ ਹੈ।

ਨਾ ਕੇਵਲ ਆਪ ਇਹ ਬਚਨ ਆਪਣੇ ਪਿਆਰਿਆਂ ਨੂੰ ਸੁਣਾਉਂਦੇ ਸਨ ਬਲਕਿ ਆਪ ਭੀ ਆਪਣੇ ਮਨ ਨੂੰ ਸਦਾ ਤੋਲਦੇ ਰਹਿੰਦੇ ਸਨ। ਆਪ ਨੇ ਇਕ ਵਾਕਿਆ ਸੰਨ 1956 ਦਾ ਸੁਣਾਇਆ ਸੀ। ਇਹ ਵਾਕਿਆ ਬੰਬਈ ਵਿਚ ਹੀ ਹੋਇਆ ਸੀ। ਆਪ ਦੱਸਦੇ ਸਨ ਕਿ ਬੰਬਈ ਦੇ ਹਰੇਕ ਗੁਰਸਿੱਖ ਮਾਈ-ਭਾਈ ਨੂੰ ਇਹ ਭਲੀ ਪ੍ਰਕਾਰ ਪਤਾ ਸੀ ਕਿ ਚੀਫ ਖਾਲਸਾ ਦੀਵਾਨ ਦੇ ਥਲੇ ਜੋ ਬੱਚਿਆਂ ਦਾ ਯਤੀਮਖਾਨਾ ਚੱਲ ਰਿਹਾ ਹੈ, ਉਸ ਆਸ਼ਰਮ ਨਾਲ ਮੇਰਾ ਖਾਸ ਪਿਆਰ ਹੈ। ਸੋ ਮੇਰੇ ਇਸ ਪਿਆਰ ਨੂੰ ਦੇਖ ਕੇ ਕਈ ਸੱਜਣ ਮਿੱਤਰ, ਪਿਆਰ ਵਾਲੇ, ਯਤੀਮਖਾਨੇ ਦੇ ਬੱਚਿਆਂ ਲਈ ਬਸਤਰ, ਮਾਇਆ, ਚੀਜ਼ਾਂ ਲਿਆਂਦੇ ਰਹਿੰਦੇ ਸਨ ਤੇ ਤੇ ਮੈਂ ਉਹ ਸਾਰੀਆਂ ਚੀਜ਼ਾਂ ਅਥਵਾ ਮਾਇਆ ਨਾਲੋ ਨਾਲ ਯਤੀਮਖਾਨੇ ਵਿਚ ਭੇਜਦਾ ਰਹਿੰਦਾ ਸਾਂ।

ਇਕ ਦਿਨ ਕੋਈ ਗੁਰਮੁਖ ਆਤਮਾ ਮੇਰੇ ਪਾਸ 1500/- ਰੁਪਏ ਲਿਆਈ ਅਤੇ ਕਹਿਣ ਲਗੀ ਕਿ, "ਇਹ ਮਾਇਆ ਯਤੀਮਖਾਨੇ ਵਿਚ ਆਪ ਆਪਣੀ ਮਰਜ਼ੀ ਅਨੁਸਾਰ ਸਫਲ ਕਰ ਦਿਓ।" ਮਾਇਆ ਮੈਂ ਲੈ ਲਈ। ਮੇਰੇ ਮਨ ਨੂੰ ਅਤਿਅੰਤ ਖੁਸ਼ੀ ਹੋਈ। ਮੈਂ ਉਸ ਮਾਇਆ ਦੇਣ ਵਾਲੇ ਨੂੰ ਬਹੁਤ ਪਿਆਰ ਕੀਤਾ। ਪਿਆਰ ਵਾਲੇ ਬਚਨ ਕਹੇ ਤੇ ਬੜੀ ਪ੍ਰਸੰਨਤਾ ਨਾਲ ਮੈਂ ਉਸ ਨੂੰ ਵਿਦਾ ਕੀਤਾ।

ਉਸ ਦੇ ਜਾਣ ਮਗਰੋਂ, ਜਦ ਮੈਂ ਇਕਾਂਤ ਹੋਇਆ, ਤਾਂ ਮੇਰੇ ਮਨ ਨੇ ਸੋਚਿਆ ਕਿ ਇਹ ਮਾਇਆ ਲੈ ਕੇ ਖੁਸ਼ ਹੋਣਾ, ਤੇ ਮਾਇਆ ਦੇਣ ਵਾਲੇ ਨਾਲ ਪਿਆਰ ਕਰਨਾ, ਕੀ ਇਹ ਮਾਇਆ ਦਾ ਰਾਗ ਨਹੀਂ ? ਮੈਂ ਆਪਣੇ ਮਨ ਨੂੰ ਕਈ ਦਿਨ ਵਿਚਾਰ ਦੀ ਤਕੜੀ ਤੇ ਲੈ ਕੇ ਤੋਲਦਾ ਰਿਹਾ, ਜੋਖਦਾ ਰਿਹਾ, ਪਰ ਕੁਛ ਤਸੱਲੀਬਖਸ਼ ਨਤੀਜਾ ਨਾ ਨਿਕਲਿਆ।

ਕਈ ਦਿਨਾਂ ਦੇ ਮਗਰੋਂ ਅਚਾਨਕ ਹੀ ਮੈਨੂੰ ਇਹ ਗੱਲ ਸਫੁਰਨ ਹੋਈ ਕਿ ਇਸ ਮਨ ਦੀ ਵਿਸਵਥਾ ਨੂੰ ਅਗਰ ਤੋਲਣਾ ਹੈ ਤਾਂ ਇਸ ਦਾ ਇਹ ਤਰੀਕਾ ਹੈ, ਕਿ ਜਿਸ ਨੇ ਆਸ਼ਰਮ ਲਈ ਕਦੇ ਕੁਝ ਨਹੀਂ ਦਿੱਤਾ ਅਤੇ ਜੋ ਬਹੁਤ ਕੁਝ ਦਿੰਦੇ

ਹਨ, ਇਨ੍ਹਾਂ ਦੇ ਨਾਲ ਮੇਰੇ ਮਨ ਦਾ ਵਰਤਾਵਾ ਕੈਸਾ ਹੈ। ਜੇਕਰ ਤਾਂ ਦੇਣ ਵਾਲੇ, ਮਨ ਨੂੰ ਚੰਗੇ ਅਤੇ ਪਿਆਰੇ ਲਗਦੇ ਹਨ ਤਾਂ ਮਨ ਨੂੰ ਮਾਇਆ ਦਾ ਰਾਗ ਲੱਗ ਗਿਆ ਹੈ ਅਤੇ ਜੇਕਰ ਨਾ ਦੇਣ ਵਾਲੇ ਵਿਚ ਵੀ ਤੇਰਾ ਉਸੇ ਤਰ੍ਹਾਂ ਦਾ ਪਿਆਰ ਹੈ ਤਾਂ ਫਿਰ ਮਾਇਆ ਦੀ ਲਾਗ ਨਹੀਂ ਲਗੀ।

ਆਪ ਫੁਰਮਾਉਂਦੇ ਸਨ ਕਿ ਮੈਨੂੰ ਤਰੀਕਬਨ 4 ਕੁ ਦਿਨ ਮਨ ਦੇ ਇਸ ਤਜਰਬੇ ਤੇ ਲਗੇ ਅਤੇ ਅਖੀਰ ਮੈਨੂੰ ਸਮ-ਅਵਸਥਾ ਨਜ਼ਰ ਆਈ ਭਾਵ ਜਿਨ੍ਹਾਂ ਕੁਛ ਨਹੀਂ ਦਿੱਤਾ ਅਤੇ ਜੋ ਯਤੀਮਖਾਨੇ ਲਈ ਬਹੁਤ ਦਿੰਦੇ ਹਨ, ਉਨ੍ਹਾਂ ਵਿਚ ਮੇਰੇ ਮਨ ਦੀ ਅਵਸਥਾ ਸਮ (ਇਕਤੁਲ) ਸੀ।

ਭਜਨ, ਪਾਠ ਕੀਰਤਨ, ਤਪ, ਗਿਆਨ ਇਹ ਸਭ ਕੁਝ ਕਰਦਿਆਂ ਕਰਾਂਦਿਆਂ ਮਨ ਦੀ ਅਵਸਥਾ ਅਬਦਲ (ਨਾ ਬਦਲਣ ਵਾਲੀ) ਰਹਿੰਦੀ ਹੈ। ਉਮਰ ਲੰਘ ਜਾਂਦੀ ਹੈ, ਪ੍ਰੰਤੂ ਮਨ ਦੀ ਅਵਸਥਾ ਵਿਚ ਜ਼ਰਾ ਵੀ ਫਰਕ ਨਹੀਂ ਪੈਂਦਾ। ਸੱਚੇ ਜਗਿਆਸੂ ਅਤੇ ਸੱਚੇ ਘਾਲੀ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਮਨ ਦੀ ਅਵਸਥਾ ਨੂੰ ਹਰ ਵੇਲੇ ਦੇਖਦਾ ਰਹੇ ਅਤੇ ਹਰ ਕਰਮ ਕਰਨ ਤੋਂ ਬਾਅਦ ਦੇਖੇ ਕਿ ਮਨ ਕਿਸ ਅਵਸਥਾ ਤੋਂ ਲੰਘ ਰਿਹਾ ਹੈ। ਜੋ ਇਸ ਮਾਰਗ ਤੇ ਚਲੇਗਾ, ਧੀਰੇ ਧੀਰੇ ਉਸ ਦੀ ਪ੍ਰਮਾਰਥਕ ਤਰੱਕੀ ਹੁੰਦੀ ਜਾਵੇਗੀ ਅਤੇ ਮਾਇਆ ਦੀ ਪਟਲ ਤੋਂ ਉਹ ਬਚ ਨਿਕਲੇਗਾ ਅਤੇ ਜੋ ਇਸ ਮਨ ਨੂੰ ਨਰਜਾ (ਤਰਾਜ਼ੂ) ਲੈ ਕੇ ਨਹੀਂ ਤੋਲੇਗਾ, ਉਸ ਦਾ ਮਨ ਸਦਾ ਹੀ ਮਾਇਆ ਜਾਲ ਵਿਚ ਫਸਿਆ ਰਹੇਗਾ ਅਤੇ ਸੁੰਨ ਅਵਸਥਾ ਤੋਂ ਉਹ ਵਿਰਵਾ ਰਹੇਗਾ ਜਿਵੇਂ ਕਿ ਭਗਤ ਕਬੀਰ ਜੀ ਕਹਿ ਰਹੇ ਹਨ "ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ॥"

ਆਪ ਦੀ ਰਸਨਾ ਤੇ ਸਦਾ ਹੀ ਗੁਰਬਾਨੀ ਦੀਆਂ ਇਹ ਤੁਕਾਂ ਟਿਕੀਆਂ ਰਹਿੰਦੀਆਂ ਸਨ "ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ॥ ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ॥" ਦਰਵੇਸ਼ ਉਹ ਹੈ ਜੋ ਆਪਣੇ ਮਨ ਦੀ ਨਿਗ੍ਰਾਬਾਨੀ ਕਰਦਾ ਹੈ ਅਤੇ ਨਿਗ੍ਰਾਬਾਨੀ ਕਰ ਕੇ ਜਿਥੇ ਜਿਥੇ ਮਨ ਵਿਚ ਵਿੰਗਾਪਨ ਅਥਵਾ ਟੇਢਾਪਨ ਤਕਦਾ ਹੈ ਉਥੋਂ ਉਸ ਨੂੰ ਸਦਾ ਸਿਧਾ ਕਰਦਾ ਰਹਿੰਦਾ ਹੈ। ਐਸੇ ਫਕੀਰ ਅਥਵਾ ਦਰਵੇਸ਼ ਦਾ ਲੇਖਾ ਕਰਤਾ ਪੁਰਖ ਪਾਸ ਹੀ ਰਹਿੰਦਾ ਹੈ।

———•———

ਨਾਮ ਰਸ ਤੇ ਸੂਖਸ਼ਮ ਮੈਲ

ਮਨ ਜਦੋਂ ਨਿਰਮਲ ਹੋ ਜਾਂਦਾ ਹੈ ਤਦੋਂ ਉਸ ਵਿਚ ਨਾਮ ਦਾ ਰਸ ਪ੍ਰਵੇਸ਼ ਕਰਦਾ ਹੈ। ਗੁਰਮਤਿ ਵਿਚ ਮਨ ਨੂੰ ਨਿਰਮਲ ਕਰਨ ਦੇ ਤਿੰਨ ਤਰੀਕੇ ਹਨ। ਸਤਿਸੰਗ, ਗੁਰਬਾਣੀ ਅਤੇ ਸਿਮਰਨ। ਸਤਿਗੁਰੂ ਜੀ ਦੇ ਖਿਆਲ ਵਿਚ ਹੋਰ ਕਿਸੇ ਵੀ ਸਾਧਨ ਨਾਲ ਮਨ ਦੀ ਮੈਲ ਨਹੀਂ ਉਤਰਦੀ, ਭਾਵੇਂ ਉਹ ਲੱਖਾਂ ਦੀ ਗਿਣਤੀ ਵਿਚ ਕੀਤੇ ਜਾਣ।

ਆਪ ਫੁਰਮਾਉਂਦੇ ਹਨ "ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥" ਸੋ ਗੁਰੂ ਨਾਨਕ ਪੰਥੀ ਮਨ ਦੀ ਮੈਲ ਉਤਾਰਨ ਲਈ ਤਿੰਨੇ ਹੀ ਸਾਧਨ ਕਰਦਾ ਰਹਿੰਦਾ ਹੈ ਅਤੇ ਇਹ ਤਿੰਨੇ ਸਾਧਨ ਮਹਾਰਾਜ ਨੇ ਆਪਣੀ ਬਾਣੀ ਵਿਚ ਦਸੇ ਹਨ। ਪਹਿਲੇ ਸਾਧਨ ਬਾਬਤ ਆਪ ਦਸਦੇ ਹਨ "ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥" ਦੂਜੇ ਸਾਧਨ ਬਾਬਤ ਆਪ ਦਸਦੇ ਹਨ "ਗੁਨ ਗਾਵਤ ਤੇਰੀ ਉਤਰਸਿ ਮੈਲੁ॥" ਤੀਜੇ ਸਾਧਨ ਬਾਬਤ ਆਪ ਦਸਦੇ ਹਨ "ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥"

ਸ੍ਰੀ ਭਾਈ ਸਾਹਿਬ ਮਹਾਰਾਜ ਨੇ ਇਨ੍ਹਾਂ ਤਿੰਨਾਂ ਹੀ ਸਾਧਨਾਂ ਰਾਹੀਂ ਮਨ ਦੀ ਮੈਲ ਨੂੰ ਦੂਰ ਕਰ ਦਿੱਤਾ ਸੀ। ਨਾਮ, ਰਸ ਰੂਪ ਹੋ ਕੇ, ਆਪ ਦੀ ਆਤਮਾ ਦੇ ਅੰਦਰ ਸਿੰਚ ਗਿਆ ਸੀ। ਇਸ ਅਕਹਿ ਰਸ ਵਿਚ ਆਪ ਸਦਾ ਹੀ ਮਖਮੂਰ ਰਹਿੰਦੇ ਸਨ।

ਸਮਾਂ ਲੰਘਦਾ ਗਿਆ। ਇਕ ਸਮੇਂ ਆਪ ਦੇ ਅੰਦਰ ਨਾਮ ਰਸ ਦੀ ਰਉਂ ਘਟਣ ਲੱਗ ਗਈ। ਇਕ ਦਿਨ ਆਪ ਨੇ ਦਾਤੇ ਲੋਗਾਂ ਨੂੰ ਬਿਨੈ ਕੀਤੀ ਕਿ "ਨਾਮ ਰਸ ਦੇ ਅੰਮ੍ਰਿਤ ਨੂੰ ਮੈਂ ਬਹੁਤ ਸਮਾਂ ਪੀਂਦਾ ਰਿਹਾ ਹਾਂ ਪਰ ਹੁਣ ਨਾਮ ਰਸ ਦੀ ਰਉਂ ਕੁਝ ਘਟਣ ਲੱਗ ਗਈ ਹੈ।" ਦਾਤਾ ਲੋਗ ਮੁਸਕਰਾਏ ਤੇ ਕਹਿਣ ਲਗੇ ਕਿ "ਤੁਸੀਂ ਅੰਮ੍ਰਿਤ ਵੇਲੇ ਕਿਥੇ ਬੈਠ ਕੇ ਨਾਮ ਦਾ ਅਭਿਆਸ ਕਰਦੇ ਹੋ ?" ਤਾਂ ਆਪ ਕਹਿਣ ਲਗੇ ਕਿ "ਮੈਂ ਸ੍ਰੀ ਦਰਬਾਰ ਸਾਹਿਬ ਜਾਂਦਾ ਹਾਂ। ਅਗੇ ਵੀ ਉਥੇ ਹੀ ਜਾਂਦਾ ਸਾਂ ਹੁਣ ਵੀ ਉਥੇ ਹੀ ਜਾਂਦਾ ਹਾਂ। ਸੋ ਪਤਾ ਨਹੀਂ ਕੀ ਕਾਰਨ ਹੋਇਆ ਹੈ ਕਿ ਹੁਣ ਨਾਮ ਰਸ ਮਿਲਦਾ ਨਹੀਂ।" ਤਾਂ ਆਪ ਕਹਿਣ ਲਗੇ ਕਿ "ਦਰਬਾਰ ਸਾਹਿਬ ਤਾਂ ਅੰਮ੍ਰਿਤਸਰ ਦਾ ਮਹਾਨ ਪਵਿੱਤਰ ਅਤੇ ਪਾਵਨ ਅਸਥਾਨ ਹੈ। ਉਥੇ ਤੇਰੇ ਵਰਗੇ ਮਾਇਆਧਾਰੀ ਵਿਹਾਰੀ ਦਾ ਕੀ ਹੱਕ ਹੈ, ਕਿ ਉਸ ਪਵਿੱਤਰ ਮੰਦਰ ਵਿਚ ਤੂੰ ਜਾ ਕੇ ਬੈਠੇਂ। ਤੇਰਾ ਕੰਮ ਹੈ ਕਿ ਤੂੰ ਅੰਮ੍ਰਿਤ ਵੇਲੇ ਜਾ ਕੇ ਕਿਸੇ ਬਾਗ ਵਿਚ ਜਾ ਬੈਠਾ ਕਰ ਤੇ ਉਥੇ ਪ੍ਰਭੂ ਸਿਮਰਨ ਦੀ ਘਾਲ ਘਾਲੀ ਕਰ।"

ਦੂਜੀ ਭਲਕ ਤੋਂ ਭਾਈ ਸਾਹਿਬ ਜੀ ਨੇ ਰਾਮ ਬਾਗ ਜਾਣਾ ਸ਼ੁਰੂ ਕਰ ਦਿੱਤਾ। ਸਾਈਂ ਦੀ ਮੇਹਰ ਨਾਲ ਉਸ ਅਸਥਾਨ ਤੇ ਪਹਿਲੇ ਦਿਨ ਤੋਂ ਹੀ ਸਵਾਦ ਅਤੇ ਰਸ ਆਉਣ ਲੱਗ ਪਿਆ। ਸੁਰਤ ਸਰਸ ਅਤੇ ਖੇੜੇ ਵਿਚ ਭਰ ਗਈ। ਆਪ ਬਹੁਤ ਪ੍ਰਸੰਨ ਹੋਏ। ਆਪ ਦਸਦੇ ਸਨ ਕਿ 6 ਮਹੀਨੇ ਮੈਂ ਲਗਾਤਾਰ ਰਾਮ ਬਾਗ ਵਿਚ ਅੰਮ੍ਰਿਤ ਵੇਲੇ ਜਾ ਬਹਿਣਾ ਅਤੇ ਉਥੇ ਨਾਮ ਦੀ ਘਾਲ ਤੋਂ ਅਮਿਓ ਰਸ ਪ੍ਰਾਪਤ ਹੋਣਾ।

6 ਕੁ ਮਹੀਨੇ ਬਾਅਦ ਇੰਝ ਪ੍ਰਤੀਤ ਹੋਇਆ ਕਿ ਉਹ ਰਸ ਫਿਰ ਅਲੋਪ ਹੋ ਰਿਹਾ ਹੈ। ਮਨ ਬਹੁਤ ਹੀ ਉਦਾਸ ਹੋਇਆ ਤੇ ਇਕ ਦਿਨ ਦਾਤਾ ਲੋਗਾਂ ਨੂੰ ਮੈਂ ਜਾ ਬੇਨਤੀ ਕੀਤੀ ਕਿ "ਗਰੀਬ ਨਿਵਾਜ ! ਅਗੇ ਤਾਂ ਰਾਮ ਬਾਗ ਵਿਚ ਸਵਾਦ ਅਤੇ ਬੜਾ ਰਸ ਆਉਂਦਾ ਰਿਹਾ ਹੈ ਪਰ ਹੁਣ ਉਥੇ ਵੀ ਸਵਾਦ ਨਹੀਂ ਆਉਂਦਾ। ਸੁਰਤ ਨਿਰਸੱਸ ਹੈ।"

ਆਪ ਫਿਰ ਮੁਸਕਰਾਏ ਤੇ ਕਹਿਣ ਲਗੇ, "ਹੋਵੇਂ ਸਿੱਖ ਘਰਾਣੇ ਦਾ ਜੰਮਪਾਲ, ਵਸੇਬਾ ਮਿਲਿਆ ਗੁਰੂ ਕੀ ਨਗਰੀ ਦਾ, ਜਨਮ ਹੋਇਆ ਸ੍ਰੀ ਅੰਮ੍ਰਿਤਸਰ ਵਿਚ, ਸਿੱਖੀ ਮਿਲੀ ਧੰਨ ਗੁਰੂ ਨਾਨਕ ਦੀ, ਇਤਨੀਆਂ ਦਾਤਾਂ ਲੈ ਕੇ, ਕੀ ਸਿੱਖ ਦੀ ਘਾਲ ਦਾ ਅਸਥਾਨ ਰਾਮ ਬਾਗ ਹੈ ਕਿ ਹਰਿਮੰਦਰ ਸਾਹਿਬ ? ਕੱਲ੍ਹ ਤੋਂ ਰਾਮ ਬਾਗ ਨਹੀਂ ਜਾਣਾ ਅਤੇ ਹਰਿਮੰਦਰ ਸਾਹਿਬ ਸਵੇਰੇ ਜਾਣਾ ਹੈ।"

ਦੂਸਰੇ ਦਿਨ ਜਿਵੇਂ ਹੁਕਮ ਹੋਇਆ ਸੀ, ਉਸ ਅਨੁਸਾਰ ਮੈਂ ਸ੍ਰੀ ਦਰਬਾਰ ਸਾਹਿਬ ਜਾਣਾ ਸ਼ੁਰੂ ਕਰ ਦਿੱਤਾ। ਜਾਂਦਿਆਂ ਹੀ ਸੁਰਤ ਵਿਚ ਅਕਹਿ ਰਸ ਪ੍ਰਾਪਤ ਹੋਇਆ। ਅਮੇਹ ਰਸ ਨਾਲ ਮਨ, ਇੰਦਰੇ, ਸਰੀਰ ਤ੍ਰਿਬੁਚ ਹੋ ਗਿਆ। ਮੈਂ ਆਪਣੇ ਨਿਤਨੇਮ ਅਨੁਸਾਰ ਤ੍ਰਿਪਹਿਰੇ ਸ੍ਰੀ ਦਰਬਾਰ ਸਾਹਿਬ ਚਲਾ ਜਾਂਦਾ ਅਤੇ ਘੰਟਿਆਂ ਬਧੀ ਨਾਮ ਰਸ ਨਾਲ ਲੀਨ ਰਹਿੰਦਾ ਸਾਂ।

ਸਮਾਂ ਲੰਘਦਾ ਗਿਆ। ਇਕ ਦਿਨ ਦਾਤਾ ਲੋਗ ਮਿਲੇ ਤੇ ਹੱਸ ਕੇ ਕਹਿਣ ਲਗੇ ਕਿ "ਮੈਂ ਕਈ ਦਿਨ ਤੋਂ ਇਹ ਸੋਚ ਰਿਹਾ ਸੀ ਕਿ ਮੈਂ ਤੇਰੇ ਤੋਂ ਪੁੱਛਾਂ, ਕਿ ਮੈਂ ਹੀ ਤੈਨੂੰ ਰਾਮ ਬਾਗ ਭੇਜਿਆ ਸੀ, ਮੈਂ ਹੀ ਦਰਬਾਰ ਸਾਹਿਬ ਤੋਂ ਰੋਕਿਆ ਸੀ। ਮੈਂ ਹੀ ਫਿਰ ਤੈਨੂੰ ਦਰਬਾਰ ਸਾਹਿਬ ਜਾਣ ਲਈ ਕਹਿ ਦਿੱਤਾ ਹੈ, ਪਰ ਤੁਸਾਂ ਮੈਥੋਂ ਕਦੇ ਵੀ ਨਹੀਂ ਪੁੱਛਿਆ ਜਾਂ ਕਿਹਾ ਕਿ ਮੈਨੂੰ ਆਪ ਹੀ ਦਰਬਾਰ ਸਾਹਿਬ ਤੋਂ ਰੋਕਿਆ ਹੈ ਤੇ ਫਿਰ ਆਪ ਹੀ ਦਰਬਾਰ ਸਾਹਿਬ ਜਾਣ ਲਈ ਆਗਿਆ ਕੀਤੀ।"

ਗੁਰਮੁਖ ਸ੍ਰੀਮਾਨ ਭਾਈ ਸਾਹਿਬ ਦਸਦੇ ਸਨ ਕਿ ਮੈਂ ਕਿਹਾ, "ਮੈਨੂੰ ਆਪ ਤੋਂ ਕੁਝ ਪੁਛਣੇ ਪੁਛਾਣੇ ਦੀ ਲੋੜ ਨਹੀਂ ਹੈ। ਮੇਰਾ ਕੰਮ ਤਾਂ ਇਹ ਹੈ ਕਿ ਜੋ ਆਪ ਹੁਕਮ ਕਰੋ ਉਸ ਤੇ ਮੈਂ ਚੱਲਦਾ ਜਾਵਾਂ।" ਆਪ ਕਹਿਣ ਲਗੇ ਕਿ, "ਤੈਨੂੰ ਸਮਝ ਹੈ ਕਿ ਤੇਰਾ ਰਸ ਕਿਉਂ ਦਰਬਾਰ ਸਾਹਿਬ ਜਾ ਕੇ ਬੰਦ ਹੋ ਗਿਆ ਅਤੇ ਰਾਮ ਬਾਗ ਜਾ ਕੇ ਆਣ ਲੱਗ ਪਿਆ ?" "ਮੈਂ ਕਿਹਾ, ਜੀ ਨਹੀਂ।"

ਆਪ ਜੀ ਨੇ ਫਿਰ ਮੈਨੂੰ ਸਮਝਾਇਆ ਕਿ, "ਜਦੋਂ ਦਰਬਾਰ ਸਾਹਿਬ ਕਈ ਸਾਲ ਰਸ ਆਉਂਦਾ ਰਿਹਾ, ਤਾਂ ਮਨ ਵਿਚ ਸੂਖਸ਼ਮ ਹੰਕਾਰ ਆ ਗਿਆ ਕਿ ਇਸ ਪਵਿੱਤਰ ਨਗਰੀ ਵਿਚ ਮੈਂ ਹੀ ਨੌਜਵਾਨ ਲੜਕਾ ਹਾਂ ਜੋ ਦਰਬਾਰ ਸਾਹਿਬ ਆ ਕੇ ਬਹਿੰਦਾ ਹਾਂ ਤੇ ਇਥੇ ਮੈਨੂੰ ਆਨੰਦ ਸੁਆਦ ਪ੍ਰਾਪਤ ਹੁੰਦਾ ਹੈ। ਇਹ ਸੂਖਸ਼ਮ ਹਉਮੈਂ ਦੀ ਅੰਸ਼ ਤੁਸਾਂ ਵਿਚ ਪੈਦਾ ਹੋ ਗਈ ਜਿਸ ਕਰ ਕੇ ਨਾਮ ਰਸ ਦੀ ਦਾਤ ਤੋਂ ਤੁਸੀਂ ਵਾਂਝੇ ਰਹੇ। ਜਦੋਂ ਆਪ ਨੇ ਰਾਮ ਬਾਗ ਜਾਣਾ ਸ਼ੁਰੂ ਕੀਤਾ ਫਿਰ ਉਥੇ ਰਸ ਆਉਣਾ ਸ਼ੁਰੂ ਹੋ ਗਿਆ ਪ੍ਰੰਤੂ ਕੁਝ ਸਮੇਂ ਬਾਦ ਫਿਰ ਤੁਸਾਂ ਦੇ ਮਨ ਵਿਚ ਖਿਆਲ ਆ ਗਿਆ ਕਿ ਲੋਗ ਦਰਬਾਰ ਸਾਹਿਬ ਐਵੇਂ ਜਾਂਦੇ ਹਨ। ਅਸਲ ਸੁਆਦ ਅਤੇ ਰਸ ਤਾਂ ਰਾਮ ਬਾਗ ਵਿਚ ਹੈ। ਸੋ ਇਸ ਹਉਮੈਂ ਨੇ ਆਪ ਨੂੰ ਉਥੇ ਵੀ ਰਸ ਤੋਂ ਨਿਰਸੱਸ ਕਰ ਦਿੱਤਾ।"

ਦਾਤਾ ਲੋਗ ਦੱਸਣ ਲਗੇ ਕਿ, "ਸਿੱਖ ਧਰਮ ਵਿਚ ਸਭ ਤੋਂ ਉੱਚੀ ਅਵਸਥਾ ਨਾਮ ਰਾਸ ਦੀ ਪ੍ਰਾਪਤੀ ਹੈ ਅਤੇ ਇਹ ਦਾਤ ਮੇਹਰ ਦੀ ਹੈ। ਬਖਸ਼ਿਸ਼ ਦੀ ਹੈ, ਨਦਰਿ ਦੀ ਹੈ। ਜਦੋਂ ਇਹ ਮਿਲ ਜਾਏ ਤਦੋਂ ਜੀਵਨ ਸਫ਼ਲ ਅਤੇ ਸੁਫਲ ਹੋ ਜਾਂਦਾ ਹੈ ਪਰ ਇਸ ਅਮੇਹ ਰਸ ਨੂੰ ਜਦੋਂ ਵੀ ਰੋਕ ਪੈਂਦੀ ਹੈ ਤਦੋਂ ਉਸ ਦਾ ਕਾਰਨ ਸੂਖਸ਼ਮ ਹਉਮੈਂ ਹੈ। ਤੁਸੀਂ ਸਦਾ ਹੀ ਇਸ ਸੂਖਸ਼ਮ ਹਉਮੈਂ ਦੇ ਉੱਪਰ ਪਹਿਰਾ ਦੇਣਾ ਹੈ। ਅਚਾਨਕ ਹੀ ਉਹ ਆ ਜਾਂਦੀ ਹੈ। ਸਾਈਂ ਰਸ ਤੋਂ ਨਿਖੇੜ ਦਿੰਦੀ ਹੈ। ਸੁਰਤ ਅਤੇ ਮਨ ਨੂੰ ਸ਼ੁਨ ਕਰ ਦਿੰਦੀ ਹੈ।"

ਹਮ ਕਭੀ ਨਹੀਂ ਆਵੇਂਗੇ

ਜਿਵੇਂ ਸੰਸਾਰੀ ਵਿਦਿਆ ਦੀ ਉਚ ਕੋਟੀ ਤੇ ਪਹੁੰਚਣ ਲਈ ਹਰੇਕ ਇਨਸਾਨ ਨੂੰ ਉਚ ਕੋਟੀ ਦੇ ਵਿਦਵਾਨਾਂ ਦੀ ਸਹਾਇਤਾ ਅਤੇ ਗਿਆਨਤਾ (Guidance) ਦੀ ਲੋੜ ਪੈਂਦੀ ਹੈ ਇਸੇ ਤਰਾਂ ਪ੍ਰਮਾਰਥ ਦੀ ਉਚ ਕੋਟੀ ਤੇ ਪਹੁੰਚਣ ਲਈ ਵੀ ਕਈ ਸਤਿਪੁਰਸ਼ਾਂ ਦੀ ਮਦਦ ਦੀ ਲੋੜ ਪੈਂਦੀ ਹੈ।

ਭਾਈ ਸਾਹਿਬ ਵੀਰ ਸਿੰਘ ਜੀ ਮਹਾਰਾਜ ਨੂੰ ਆਪਣੇ ਪ੍ਰਮਾਰਥੀ ਜੀਵਨ ਵਿਚ ਕਈ ਮਹਾਤਮਾਵਾਂ ਦੀ ਪਵਿੱਤਰ ਸੰਗਤ ਪ੍ਰਾਪਤ ਹੋਈ। ਆਪ ਨੇ ਉਨ੍ਹਾਂ ਤੋਂ ਬੜੇ ਚੰਗੇ ਪ੍ਰਮਾਰਥ ਦੇ ਨੁਕਤੇ ਅਤੇ ਮੇਹਰਾਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਉਨ੍ਹਾਂ ਉਚ ਕੋਟੀ ਦੇ ਮਹਾਪੁਰਸ਼ਾਂ ਦੇ ਨਾਮ ਉਹ ਕਈ ਵਾਰੀ ਆਪਣੀ ਰਸਨਾ ਤੋਂ ਦੱਸਦੇ ਸਨ ਜਿਵੇਂ ਕਿ ਬੁੰਦਿਆਂ ਵਾਲੇ ਮਹਾਪੁਰਸ਼, ਸ੍ਰੀਮਾਨ ਸੰਤ ਭਾਈ ਭੋਲਾ ਸਿੰਘ ਜੀ, ਸ੍ਰੀਮਾਨ ਸੰਤ ਲਖਬੀਰ ਸਿੰਘ ਜੀ ਇਤਿਆਦਿ।

ਬੁੰਦਿਆਂ ਵਾਲੇ ਮਹਾਪੁਰਸ਼ ਪਰਮਹੰਸ ਸਨ। ਉਹ ਕ੍ਰਿਸ਼ਨ ਉਪਾਸ਼ਕ ਭੀ ਸਨ। ਉਨ੍ਹਾਂ 22-23 ਵਰਸ਼ ਗੋਵਰਧਨ ਪਹਾੜ ਤੇ ਘਾਲ ਵਿਚ ਸਫਲ ਕੀਤੇ ਸਨ। ਉਹ ਯੋਗਾ ਅਭਿਆਸੀ ਵੀ ਸਨ। ਨਿੰਦਰਾ, ਭੁੱਖ, ਸਰੀਰਕ ਸ਼ੌਚ ਆਦਿਕ ਕ੍ਰਿਆ ਉੱਪਰ ਉਨ੍ਹਾਂ ਦਾ ਖਾਸ ਵਸੀਕਾਰ ਸੀ। ਦੋਨਾਂ ਕੰਨਾਂ ਦੇ ਵਿਚ ਉਹ ਬੁੰਦੇ ਲਟਕਾਈ ਰੱਖਦੇ ਸਨ, ਜਿਸ ਦੀ ਗੱਲ ਉਨ੍ਹਾਂ ਨੇ ਨਾ ਸੁਣਨੀ ਹੋਵੇ ਉਸ ਵੇਲੇ ਉਹ ਕੰਨਾਂ ਵਾਲੇ ਬੁੰਦੇ ਚੁਕ ਕੇ ਕੰਨਾਂ ਦੀਆਂ ਖੁਡਾਂ ਵਿਚ ਪਾ ਦਿੰਦੇ ਸਨ ਤੇ ਜਿਸ ਦੀ ਗੱਲ ਸੁਣਨੀ ਹੋਵੇ ਤਾਂ ਉਹ ਕੰਨਾਂ ਦੇ ਬੁੰਦੇ ਬਾਹਰ ਕੱਢ ਲੈਂਦੇ ਸਨ।

ਸ੍ਰੀ ਅੰਮ੍ਰਿਤਸਰ ਜੀ ਵਿਚ ਉਨ੍ਹਾਂ ਦੇ ਕਈ ਪ੍ਰੇਮੀ ਸਨ, ਇਸ ਕਰ ਕੇ ਉਹ ਅਕਸਰ ਸ੍ਰੀ ਅੰਮ੍ਰਿਤਸਰ ਜੀ ਆਇਆ ਕਰਦੇ ਸਨ। ਇਥੇ ਹੀ ਉਨ੍ਹਾਂ ਦਾ ਮੇਲ ਭਾਈ ਸਾਹਿਬ ਜੀ ਮਹਾਰਾਜ ਦੀ ਪਵਿੱਤਰ ਹਸਤੀ ਨਾਲ ਹੋਇਆ।

ਸ੍ਰੀ ਭਾਈ ਸਾਹਿਬ ਜੀ ਦੇ ਮਿਲਾਪ ਨੇ ਬੁੰਦਿਆਂ ਵਾਲੇ ਮਹਾਪੁਰਸ਼ ਦੇ ਅੰਦਰ ਸਤਿਗੁਰੂ ਦੀ ਬਾਣੀ ਦੀ ਖਿਚ ਅਤੇ ਪਿਆਰ ਪੈਦਾ ਕਰ ਦਿੱਤਾ। ਉਨ੍ਹਾਂ ਦੀ ਆਤਮਾ ਗੁਰਬਾਣੀ ਦੇ ਨਿਰਮਲ ਰਸ ਨੂੰ ਆਸਵਾਦਨ ਕਰਦੀ ਸੀ ਅਤੇ ਮਸਤ ਹੋ ਜਾਂਦੀ ਸੀ। ਆਪ, ਬੁੰਦਿਆਂ ਵਾਲੇ ਮਹਾਪੁਰਸ਼, ਕਈ ਕਈ ਘੰਟੇ ਸ੍ਰੀ ਹਰਿਮੰਦਰ ਸਾਹਿਬ ਦੇ ਉੱਪਰਲੇ ਅਸਥਾਨ ਤੇ ਬੈਠ ਕੇ ਸ੍ਰੀ ਅਖੰਡ ਪਾਠ ਸਾਹਿਬ ਲਗਾਤਾਰ ਸੁਣਦੇ ਰਹਿੰਦੇ ਸਨ। ਕੋਈ ਉਨ੍ਹਾਂ ਦਾ ਸ਼ਰਧਾਲੂ ਉਨ੍ਹਾਂ ਨੂੰ ਲੈ ਜਾਣ ਲਈ ਆਏ ਤਾਂ ਇਹੀ ਕਹਿੰਦੇ ਸਨ, "ਬਾਬਾ ਮੁਝੇ ਇਸ ਰਸ ਸੇ ਮਤ ਵਿਛੋੜੋ।"

ਧੀਰੇ ਧੀਰੇ ਆਪ ਦੀ ਨੇਸ਼ਟਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਤੇ ਵਧਦੀ ਗਈ। ਗੁਰਬਾਣੀ ਦੇ ਪ੍ਰਕਾਸ਼ ਨੇ ਉਨ੍ਹਾਂ ਦੀ ਆਤਮਾ ਅੰਦਰ ਇਹ ਨਿਸ਼ਚਾ ਕਰ ਦਿੱਤਾ ਕਿ ਇਹ ਬਾਣੀ ਹੀ ਗੁਰੂ ਹੈ।

ਸਮਾਂ ਲੰਘਦਾ ਗਿਆ। ਇਕ ਦਿਨ ਆਪ ਵਿਚਰਦੇ ਭਾਈ ਸਾਹਿਬ ਜੀ ਦੇ ਨਿਵਾਸ ਅਸਥਾਨ ਛਾਪੇਖਾਨੇ ਜਾ ਪਹੁੰਚੇ। ਬਾਹਰੋਂ ਬਾਹਰ ਹੀ ਆਪ ਪੌੜੀਆਂ ਤੇ ਚੜਦੇ ਉੱਪਰਲੇ ਕੋਠੇ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਕਮਰੇ ਵਿਚ ਜਾ ਪਹੁੰਚੇ। ਪੋਹ ਦਾ ਮਹੀਨਾ ਸੀ। ਅਤਿ ਦੀ ਠੰਡ ਪੈ ਰਹੀ ਸੀ। ਆਪ ਨੇ ਸਤਿਗੁਰੂ ਦੇ ਕਮਰੇ ਵਿਚ ਪਹੁੰਚ ਕੇ ਮਹਾਰਾਜ ਦੀ ਹਜ਼ੂਰੀ ਵਿਚ ਮੱਥਾ ਟੇਕਿਆ। ਫਿਰ ਆਪ ਦੀ ਅਚਾਨਕ ਨਜ਼ਰ ਮਹਾਰਾਜ ਦੇ ਪੌਸ਼ਾਕੇ ਤੇ ਪਈ। ਪੌਸ਼ਾਕਾ ਠੰਡਾ ਸੀ, ਅਰਥਾਤ ਗਰਮ ਨਹੀਂ ਸੀ। ਸੋ ਆਪ ਕੰਬ ਉਠੇ ਤੇ ਜ਼ੋਰ ਦੀ ਆਵਾਜ਼ ਮਾਤਾ ਜੀ ਨੂੰ, ਜਿਨ੍ਹਾਂ ਨੂੰ ਕਿ ਉਹ "ਮਈਆ ਰਾਨੀ" ਕਹਿੰਦੇ ਸਨ, ਮਾਰੀ। "ਮਈਆ ਰਾਨੀ! ਛੇਤੀ ਆਉ, ਜਲਦੀ ਆਉ।" ਮਾਤਾ ਜੀ ਉੱਪਰ ਪਹੁੰਚੇ। ਮਹਾਰਾਜ ਦੇ ਚਰਨਾਂ ਤੇ ਮੱਥਾ ਟੇਕਿਆ, ਬੁੰਦਿਆਂ ਵਾਲੇ ਮਹਾਪੁਰਸ਼ ਨੂੰ ਨਮਸਕਾਰ ਕੀਤੀ ਤੇ ਪੁੱਛਿਆ, "ਕੀ ਆਗਿਆ ਹੈ ?" ਆਪ ਕਹਿਣ ਲੱਗੇ ਕਿ, "ਮਈਆ ਰਾਨੀ ਆਪ ਨੇ ਇਹ ਗਰਮ ਕਪੜੇ ਕਿਉਂ ਪਹਿਨੇ ਹੁਏ ਹੈਂ ?" ਠੰਡੇ ਕਿਉਂ ਨਹੀਂ ਪਹਿਨਤੇ ? ਮਾਤਾ ਜੀ ਨੇ ਕਿਹਾ, "ਸਤਿਪੁਰਸ਼ੋ ! ਅੱਜਕੱਲ੍ਹ ਠੰਢ ਹੈ, ਸਰਦੀ ਲਗਦੀ ਹੈ। ਇਸ ਲਈ ਮੈਂ ਗਰਮ ਕਪੜੇ ਪਾਏ ਹੋਏ ਹਨ।" "ਅੱਛਾ! ਆਪ ਕੋ ਸਰਦੀ ਲਗਤੀ ਹੈ, ਠੰਡੇ ਕਪੜੋਂ ਮੇਂ। ਕਿਆ ਸਤਿਗੁਰੂ ਕੋ ਉਨ ਠੰਡੇ ਕਪੜੋਂ ਮੇਂ ਸਰਦੀ ਨਹੀਂ ਲਗਤੀ! ਕਿਆ ਉਨ ਕੇ ਲੀਏ ਸਰਦ ਰਿਤੂ ਨਹੀਂ ਹੈ ? ਹਮ ਅਬ ਆਪ ਕੇ ਘਰ ਕਭੀ ਨਹੀਂ ਆਵੇਂਗੇ।" ਇਤਨੇ ਸਮੇਂ ਵਿਚ ਭਾਈ ਵੀਰ ਸਿੰਘ ਜੀ ਮਹਾਰਾਜ ਆ ਗਏ ਤੇ ਬੁੰਦਿਆਂ ਵਾਲੇ ਮਹਾਪੁਰਸ਼ਾਂ ਦੇ ਬਚਨਾਂ ਨੂੰ ਸੁਣ ਕੇ ਕਹਿਣ ਲਗੇ, "ਮਹਾਰਾਜ! ਇਹ ਭੁੱਲ ਹੋਈ ਹੈ। ਅਗੋਂ ਭੁਲ ਨਹੀਂ ਕਰਾਂਗੇ। ਹੁਣ ਖਿਮਾ ਕਰੋ।"

ਜਿਸ ਦਿਨ ਤੋਂ ਬੁੰਦਿਆਂ ਵਾਲੇ ਮਹਾਪੁਰਸ਼ਾਂ ਨੇ ਇਹ ਬਚਨ ਕੀਤਾ ਉਸ ਦਿਨ ਤੋਂ ਲੈ ਕੇ ਅੱਜ ਦਿਨ ਤਕ ਭਾਈ ਸਾਹਿਬ ਮਹਾਰਾਜ ਦੇ ਅਸਥਾਨ ਤੇ ਮਹਾਰਾਜ ਦੇ ਪੁਸ਼ਾਕੇ ਸਦਾ ਹੀ ਮੌਸਮ ਦੇ ਅਨੁਕੂਲ ਬਦਲਦੇ ਰਹੇ।

ਭਾਈ ਸਾਹਿਬ ਦੀ ਵਿਅਕਤੀ ਹਰੇਕ ਨੂੰ ਪਾਰਸ ਕਰ ਦਿੰਦੀ ਸੀ। ਇਕ ਪਰਮਹੰਸ ਮਹਾਪੁਰਸ਼ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦਾ ਇਤਨਾ ਡੂੰਘਾ ਪਿਆਰ ਪਾ ਦੇਣਾ ਇਹ ਆਪ ਦੀ ਆਤਮਾ ਦਾ ਉੱਚਾ ਤੇ ਸੁੱਚਾ ਪ੍ਰਭਾਵ ਸੀ। ਆਪ ਦਸਦੇ ਹੁੰਦੇ ਸਨ ਕਿ, "ਇਸ ਮਹਾਪੁਰਸ਼ ਦਾ ਗੁਰਬਾਣੀ ਦੇ ਨਾਲ ਇਤਨਾ ਡੂੰਘਾ ਇਸ਼ਕ ਹੋ ਗਿਆ ਕਿ ਲਗਾਤਾਰ ਦੋ ਦੋ ਦਿਨ ਸ੍ਰੀ ਅਖੰਡ ਪਾਠ ਸਾਹਿਬ ਅਡੋਲ ਟਿਕ ਕੇ ਸੁਣੀ ਜਾਣਾ।" ਆਪ ਜੀ ਨੇ ਆਪਣੇ ਜੀਵਨ ਦਾ ਇਹੀ ਆਦਰਸ਼ ਖਾਲਸਾ ਸਮਾਚਾਰ ਵਿਚ ਅੰਕਿਤ ਕੀਤਾ, "ਧਰਮੁ ਹੇਤੁ ਗੁਰਦੇਵ ਪਠਾਏ।"

ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ

ਜਿਨ੍ਹਾਂ ਨੂੰ ਭਾਈ ਸਾਹਿਬ ਜੀ, ਭਾਈ ਵੀਰ ਸਿੰਘ ਜੀ ਮਹਾਰਾਜ ਦੇ ਸਾਹਿਤ ਦੇ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ ਹੈ, ਅਥਵਾ ਜਿਨ੍ਹਾਂ ਵਡਭਾਗੀਆਂ ਨੂੰ ਉਨ੍ਹਾਂ ਦੇ ਪਵਿੱਤਰ ਸ਼ਰੀਰ ਦੇ ਨਿਰਮਲ ਸਤਿਸੰਗ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ ਹੈ। ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਸਮਝ ਹੈ, ਕਿ ਭਾਈ ਸਾਹਿਬ ਦੇ ਸਾਰੇ ਸਾਹਿਤ, ਹਰ ਅੱਖਰ ਅਤੇ ਹਰ ਪ੍ਰਸੰਗ ਵਿਚ ਅਤੇ ਉਨ੍ਹਾਂ ਦੇ ਪਵਿੱਤਰ ਜੀਵਨ ਤੇ, ਸਤਿਗੁਰ ਦੀ ਪਵਿੱਤਰ ਬਾਣੀ ਦਾ ਪ੍ਰਭਾਵ ਦਿਸ ਰਿਹਾ ਹੈ। ਇੰਝ ਮਹਿਸੂਸ ਹੁੰਦਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਕਲਪ ਬ੍ਰਿਛ ਦੀ ਛਾਇਆ ਥਲੇ ਬੈਠੇ ਆਪਣੇ ਸਾਹਿਤ ਅਤੇ ਆਪਣੇ ਜੀਵਨ ਨੂੰ ਪ੍ਰਭਾਵਿਤ ਕਰ ਰਹੇ ਹਨ। ਉਨ੍ਹਾਂ ਲਈ ਗੁਰਬਾਣੀ ਗੁਰੂ ਸੀ, ਰੱਬ ਸੀ, ਉਸਤਾਦ ਸੀ। ਉਨ੍ਹਾਂ ਲਈ ਗੁਰਬਾਣੀ, 'ਪ੍ਰਮਾਰਥਕ ਆਤਮਾ' ਲਈ ਮਾਨੋ ਚਾਨਣ ਮੁਨਾਰਾ ਸੀ। ਉਨ੍ਹਾਂ ਨੇ ਆਪਣੇ ਅਮਲੀ ਜੀਵਨ ਨੂੰ ਗੁਰਬਾਣੀ ਦੇ ਸੱਚੇ ਸਾਂਚੇ ਵਿਚ ਢਾਲਿਆ ਅਤੇ ਜਿਨ੍ਹਾਂ ਆਤਮਕ ਅਵਸਥਾਵਾਂ ਦਾ ਜ਼ਿਕਰ ਗੁਰਬਾਣੀ ਕਰ ਰਹੀ ਹੈ, ਉਨ੍ਹਾਂ ਤੇ ਪਹੁੰਚਣ ਲਈ ਹੰਭਲੇ ਮਾਰੇ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਮਨ ਦੀ ਧੜਕਣ, ਗੁਰਬਾਣੀ ਦੀ ਧੜਕਣ ਦੇ ਨਾਲ, ਇਕਸੁਰ ਹੋ ਜਾਏ।

ਗੁਰੂ ਨਾਨਕ ਧਰਮ, ਸਿੱਖ ਧਰਮ, ਇਕ ਮੂਲਕ ਧਰਮ ਹੈ। ਭਾਵੇਂ ਇਸ ਵਿਚ ਕਈ ਧਰਮਾਂ ਦੇ ਕਰਮਾਂ, ਧਰਮਾਂ, ਸਾਧਨਾਂ ਦਾ ਨਿਰੂਪਨ ਹੈ, ਪ੍ਰੰਤੂ ਇਸ ਦੀ ਆਪਣੀ ਚਾਲ ਬਿਲਕੁਲ ਵੱਖਰੀ ਹੈ। ਇਸ ਦਾ ਸਾਧਨ ਵੀ ਵੱਖਰਾ ਹੈ, ਇਸ ਦੀ ਸੇਧ ਵੀ ਵੱਖਰੀ ਹੈ।

ਤਾਂਤ੍ਰਿਕ ਲੋਗਾਂ ਦੇ ਵਿਚ ਧਾਗੇ, ਤਵੀਤ, ਜਾਦੂ, ਟੂਣੇ ਦੀ ਮਹੱਤਤਾ ਹੈ, ਯੋਗੀ ਲੋਗਾਂ ਦੇ ਵਿਚ ਮਨ ਦੀ ਇਕਾਗਰਤਾ ਅਤੇ ਵਿਭੂਤੀ ਦੀ ਪ੍ਰਾਪਤੀ ਦੇ ਸਾਧਨਾਂ ਦੀ ਉੱਚਤਾ ਹੈ। ਵੇਦਾਂਤ ਵਿਚ ਬ੍ਰਹਮ ਹੋ ਜਾਣ ਦੀ ਮਹੱਤਤਾ ਹੈ, ਸੂਫੀਆਂ ਵਿਚ ਸਮਾਧ-ਇਸਥਿਤ ਹੋ ਜਾਣ ਦੀ ਮਹੱਤਤਾ ਹੈ। ਸ਼ਰਈ ਲੋਗਾਂ ਵਿਚ ਸ਼ਰੀਅਤ ਦੀ ਮਹੱਤਤਾ ਹੈ। ਕਰਮ ਕਾਂਡੀਆਂ ਵਿਚ ਕਰਮਾਂ ਦੀ ਨਿਰਮਲਤਾਈ ਦੀ ਮਹੱਤਤਾ ਹੈ। ਜੈਨੀਆਂ ਅਤੇ ਬੋਧੀਆਂ ਵਿਚ ਦਇਆ ਭਾਵ ਦੀ ਮਹੱਤਤਾ ਹੈ ਅਤੇ ਇਨ੍ਹਾਂ ਧਰਮਾਂ ਨੇ ਇਨ੍ਹਾਂ ਸਾਧਨਾਂ ਨੂੰ ਹੀ ਸਿੱਧੀ ਵਿਚ ਪਲਟ ਦਿੱਤਾ। ਗੁਰਮਤਿ ਵਿਚ ਕੇਵਲ ਨਾਮ ਹੀ ਸਾਧਨ ਹੈ ਅਤੇ ਨਾਮ ਦੀ ਪ੍ਰਾਪਤੀ ਹੀ ਸਿੱਧੀ ਹੈ।

"ਨਾਨਕ ਨਾਮੁ ਨਾ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ॥"

ਭਾਈ ਸਾਹਿਬ ਦਾ ਸਾਧਨ ਕੇਵਲ ਨਾਮ ਸੀ। ਉਹ ਨਾਮ ਦੇ ਸਾਧਨ ਨੂੰ ਸਦਾ Motion ਵਿਚ ਰੱਖਣ ਲਈ ਗੁਰਬਾਣੀ ਰਾਹੀਂ ਉਸ ਨੂੰ ਧੱਕਾ (Push) ਦੇਣ ਲਈ ਵਰਤਦੇ ਸਨ। ਸਰੀਰ ਦੀ ਸਫਲਤਾ ਲਈ ਉਨ੍ਹਾਂ ਨੇ ਪੰਥਕ ਸੇਵਾ ਨੂੰ

ਜ਼ਰੀਆ ਬਣਾਇਆ ਹੋਇਆ ਸੀ। ਉਹ ਨਾਮ ਦੀ ਸਾਧਨਾ ਵਿਚ, ਸਭ ਤੋਂ ਉੱਚੀ ਨਾਮ ਦੀ ਅਵਸਥਾ ਨੂੰ ਇਹੀ ਖਿਆਲ ਕਰਦੇ ਸਨ ਕਿ "ਨਾਮੁ ਨ ਵਿਸਰੈ"। ਉਨ੍ਹਾਂ ਦੇ ਜੀਵਨ ਦੀ ਸਾਰੀ ਪ੍ਰਮਾਰਥਕ ਘਾਲਣਾ ਇਸ "ਨਾਮ ਨਾ ਵਿਸਰਣ" ਤੇ ਹੀ ਰਹੀ ਹੈ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਪੁ ਜੀ ਸਾਹਿਬ ਵਿਚ ਕਿਹਾ ਹੈ, "ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰਿ ਨ ਜਾਈ॥" ਸਮਝ ਲਈ, ਖਿਆਲ ਲਈ, ਇਹ ਸਾਧਨ ਬਿਲਕੁਲ ਮਾਮੂਲੀ ਜਿਹਾ ਦਿਸਦਾ ਹੈ। ਪ੍ਰੰਤੂ ਜਦੋਂ ਇਸ ਸਾਧਨ ਨੂੰ ਘਾਲ ਵਿਚ, ਕਰਨੀ ਵਿਚ ਲਿਆਉਣਾ ਪੈਂਦਾ ਹੈ, ਤਦੋਂ ਪਤਾ ਲਗਦਾ ਹੈ ਕਿ ਇਹ ਸਾਧਨ ਕਿਤਨਾ ਬਿਖਮ ਅਤੇ ਔਖਾ ਹੈ। ਸਾਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਦਿਲ-ਧੜਕਣ ਇਸ 'ਨਾਮੁ ਨ ਵਿਸਰੈ' ਵਿਚ ਹੈ। ਹਰ ਤੁਕ ਵਿਚ, ਹਰ ਅੱਖਰ ਵਿਚ, ਹਰ ਸ਼ਬਦ ਵਿਚ, ਹਰ ਰਾਗ ਵਿਚ, ਹਰ ਸਲੋਕ ਵਿਚ, ਹਰ ਛੰਤੁ ਵਿਚ, ਹਰ ਅਸਟਪਦੀ ਵਿਚ, ਇਹ ਦਿਲ-ਧੜਕਣ ਲਗਾਤਾਰ ਚੱਲ ਰਹੀ ਹੈ।

ਜਨਵਰੀ, 1945 ਵਿਚ ਮੇਰੇ ਪਰਮ ਸਤਿਕਾਰਯੋਗ ਸੰਤ ਪਿਤਾ, ਸੰਤ ਸੰਗਤ ਸਿੰਘ ਜੀ ਮਹਾਰਾਜ, ਕਮਾਲੀਏ ਸਨ। ਆਪ ਦੀ ਦਿਨਚਰਿਆ ਦੀ ਵਿਉਂਤ ਬਹੁਤ ਹੀ ਅਨੂਪਮ ਸੀ। ਅੰਮ੍ਰਿਤ ਵੇਲੇ 3 ਤੋਂ 4 ਆਪ ਉਠ ਬਹਿੰਦੇ ਸਨ। ਸਰੀਰਕ ਕ੍ਰਿਆ ਨੂੰ ਕਰ ਕੇ ਆਪ ਆਪਣੇ ਨਿੱਜ ਆਨੰਦ ਵਿਚ ਨਾਮ ਅਭਿਆਸ ਰਾਹੀਂ ਟਿੱਕ ਜਾਂਦੇ ਸਨ। 7 ਤੋਂ 8 ਆਪ ਹਰ ਰੋਜ਼ ਗੁਰਬਾਣੀ ਦੀ ਕਥਾ ਕਰਦੇ ਸਨ। ਉਸ ਤੋਂ ਮਗਰੋਂ ਆਪ ਲੋੜ ਅਨੁਸਾਰ ਦੁੱਧ ਛਕ ਕੇ ਸੈਰ ਨੂੰ ਚਲੇ ਜਾਂਦੇ ਸਨ। ਆਪ ਸੈਰ ਵਿਚ ਕਿਸੇ ਨੂੰ ਵੀ ਨਹੀਂ ਲੈ ਕੇ ਜਾਂਦੇ ਸਨ। ਇਹ ਸੈਰ ਭੀ ਮਾਨੋ ਉਨ੍ਹਾਂ ਲਈ ਇਕਾਂਤ ਸੀ। 11 ਕੁ ਵਜੇ ਦੇ ਲਗਭਗ ਆਪ ਸੈਰ ਤੋਂ ਵਾਪਸ ਆ ਜਾਂਦੇ ਸਨ। ਵਾਪਸ ਆ ਕੇ ਆਪ ਘੰਟਾ ਭਰ ਡਾਕ ਦਾ ਕੰਮ ਕਰਦੇ ਸਨ ਤੇ ਫਿਰ ਆਪ ਪ੍ਰਸ਼ਾਦਾ ਛਕ ਕੇ ਆਰਾਮ ਕਰਨ ਲਈ ਇਕਾਂਤ ਹੋ ਜਾਂਦੇ ਸਨ। ਇਸ ਆਰਾਮ ਵਿਚ ਥੋੜ੍ਹਾ ਸਮਾਂ ਨੀਂਦ ਸੀ, ਕੁਝ ਸਮਾਂ ਨਾਮ ਅਭਿਆਸ ਸੀ, ਅਤੇ ਇਕ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੀ। 4 ਵਜੇ ਦੇ ਲਗਭਗ ਆਪ ਆਪਣੀ ਇਕਾਂਤ ਤੋਂ ਉਥਾਨ ਹੋ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਵਿਚ ਆ ਜਾਂਦੇ, ਤੇ ਤਕਰੀਬਨ ਇਕ ਘੰਟਾ, ਆਪ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਤਨੇਮ ਦੇ ਨਾਲ ਪਾਠ ਕਰਦੇ ਸਨ। 5 ਵਜੇ ਤੋਂ ਲੈ ਕੇ 6.30 ਵਜੇ ਤੱਕ ਆਪ ਫਿਰ ਸੈਰ ਲਈ ਟੁਰ ਜਾਂਦੇ ਸਨ, ਅਤੇ ਵਾਪਸੀ ਤੇ ਰਹਰਾਸਿ ਸਾਹਿਬ ਜੀ ਦਾ ਪਾਠ ਸੁਣਦੇ ਯਾ ਕਰਦੇ ਸਨ ਅਤੇ ਸਤਿਸੰਗ ਤੋਂ ਬਾਅਦ ਥੋੜ੍ਹਾ ਜਿਹਾ ਪ੍ਰਸ਼ਾਦ ਛਕ ਕੇ ਆਪ ਆਪਣੇ ਆਰਾਮ ਲਈ ਇਕਾਂਤ ਹੋ ਜਾਂਦੇ ਸਨ।

1945 ਦੇ ਅਖੀਰ ਵਿਚ ਆਪ ਜੀ ਅੰਮ੍ਰਿਤਸਰ ਭਾਈ ਸਾਹਿਬ ਜੀ ਮਹਾਰਾਜ ਦੇ ਪਾਸ ਗਏ। ਉਥੇ ਉਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਦਾ ਕੰਮ ਹੋ ਰਿਹਾ ਸੀ। ਆਪ ਉਥੇ ਕਈ ਦਿਨ ਟਿਕੇ ਰਹੇ ਤੇ ਸੰਨ 1946 ਜਨਵਰੀ ਵਿਚ ਆਪ ਵਾਪਸ ਕਮਾਲੀਏ ਆਏ।

ਇਕ ਦਿਨ ਆਪ ਸਵੇਰੇ 9 ਵਜੇ ਦੇ ਲਗਭਗ ਸੈਰ ਕਰਨ ਲਈ ਜਾਣ ਲਗੇ। ਉਨ੍ਹਾਂ ਨੇ ਮੇਹਰ ਕਰ ਕੇ ਮੈਨੂੰ ਵੀ ਨਾਲ ਚੱਲਣ ਲਈ ਆਗਿਆ ਕੀਤੀ। ਸ਼ਹਿਰ ਤੋਂ ਨਿਕਲ ਕੇ ਆਪ ਬਾਹਰ ਖੇਤਾਂ ਵਿਚ ਚਲੇ ਗਏ। ਸੂਰਜ ਦੀ ਧੁੱਪ ਪੈ ਰਹੀ ਸੀ। ਬਸੰਤ ਰੁੱਤ ਸੀ, ਇਸ ਕਰ ਕੇ ਹਰਿਆਵਲ ਹੀ ਹਰਿਆਵਲ ਨਜ਼ਰ ਪੈਂਦੀ ਸੀ। ਇਸ ਸੁੰਦਰਰਤਾ ਨੂੰ ਤੱਕ ਕੇ, ਆਪ ਸਰਬ-ਸੁੰਦਰ ਦੇ ਵਿਚ ਲੀਨ ਹੋ ਗਏ। ਆਪ ਅਗੇ ਅਗੇ ਸਨ, ਤੇ ਮੈਂ ਚੁੱਪ ਕਰ ਕੇ ਪਿੱਛੇ-ਪਿੱਛੇ ਜਾ ਰਿਹਾ ਸਾਂ। ਚਾਲ ਵਿਚ ਗੰਭੀਰਤਾ ਸੀ, ਨੈਣਾਂ ਵਿਚ ਸਰਸਤਾ ਸੀ। ਬੁਲ੍ਹਾਂ ਤੇ ਨਾਮ ਦੀ ਫੁਰਕਣਾ ਸੀ। ਬਹੁਤ ਦੂਰ ਜਾ ਕੇ ਆਪ ਪਿੱਛੇ ਪਰਤੇ ਅਤੇ ਸੂਰਜ ਵੱਲ ਮੂੰਹ ਕਰ ਕੇ ਖੜੇ ਹੋ ਗਏ।

ਕਹਿਣ ਲਗੇ ਕਿ, ਐਤਕਾਂ ਮੈਂ ਸ੍ਰੀ ਅੰਮ੍ਰਿਤਸਰ ਵਿਚ ਟਿਕਿਆ ਹੋਇਆ ਸਾਂ ਤਦੋਂ ਭਾਈ ਸਾਹਿਬ ਜੀ ਨੇ ਇਕ ਨਵਾਂ ਆਪਣਾ ਪ੍ਰਮਾਰਥਕ ਤਜਰਬਾ ਦਸਿਆ ਹੈ। ਅੱਖਰਾਂ ਨੂੰ ਜਾਰੀ ਰਖਦਿਆਂ ਉਨ੍ਹਾਂ ਕਿਹਾ ਕਿ, "ਆਪ (ਭਾਈ ਸਾਹਿਬ ਜੀ ਮਹਾਰਾਜ) ਨੇ ਦੱਸਿਆ ਕਿ ਕਿ ਜਾਗ੍ਰਤ ਅਵਸਥਾ ਵਿਚ ਤਾਂ ਨਾਮ ਭੁਲਦਾ ਹੀ ਨਹੀਂ। ਸੁਪਨ ਅਵਸਥਾ ਵਿਚ ਵੀ ਨਾਮ ਜਾਰੀ ਰਹਿੰਦਾ ਹੈ। ਨੀਂਦ ਦੀ ਤੀਸਰੀ ਅਵਸਥਾ ਜਿਸ ਨੂੰ ਸ਼ਾਸਤਰਕਾਰਾਂ ਨੇ ਸਖੋਪਤੀ ਕਿਹਾ ਹੈ, ਜੇਕਰ ਉਸ ਵਿਚ ਵੀ ਨਾਮ ਮੈਨੂੰ ਵਿਸਰ ਜਾਏ ਜਾਂ ਚਲਾ ਜਾਏ ਤਾਂ ਮੇਰੀ ਝਟ ਹੀ ਜਾਗ ਖੁੱਲ੍ਹ ਜਾਂਦੀ ਹੈ।"

ਸੰਤ ਜੀ ਮਹਾਰਾਜ ਕਹਿਣ ਲਗੇ ਕਿ, "ਮੈਂ ਪੁੱਛਿਆ ਕਿ ਸਖੋਪਤੀ ਵਿਚ ਤਾਂ ਆਪਣਾ ਆਪਾ ਹੀ ਇਨਸਾਨ ਨੂੰ ਭੁਲ ਜਾਂਦਾ ਹੈ। ਉਥੇ ਕਿੰਞ ਪਤਾ ਲਗਦਾ ਹੈ ਕਿ ਰੱਬ ਜੀ ਦਾ ਨਾਮ ਵਿਸਰ ਗਿਆ ਹੈ ?" ਆਪ ਕਹਿਣ ਲਗੇ ਕਿ, "ਜਿਸ ਤਰ੍ਹਾਂ ਪੋਹ ਦਾ ਮਹੀਨਾ ਹੋਵੇ, ਅੱਧੀ ਰਾਤ, ਸਖੋਪਤੀ ਦੀ ਨੀਂਦ ਹੋਵੇ, ਤੇ ਅਚਾਨਕ ਹੀ ਨਾਸਕਾਂ-ਬੁਟ (ਬੰਦ) ਹੋ ਜਾਣ ਤਾਂ ਯਕਲਖਤ ਇਨਸਾਨ ਜਾਗ ਉਠਦਾ ਹੈ। ਇਸੇ ਤਰ੍ਹਾਂ ਜਦੋਂ ਮੇਰੇ ਅੰਦਰੋਂ ਨਾਮ, ਸਖੋਪਤੀ ਵਿਚੋਂ ਵਿਸਰਦਾ ਹੈ, ਮੇਰੀ ਝਟ ਹੀ ਜਾਗ ਖੁਲ੍ਹ ਜਾਂਦੀ ਹੈ।"

ਇਸ ਉੱਚ ਅਵਸਥਾ ਤੇਂ ਭਾਈ ਸਾਹਿਬ ਜੀ ਮਹਾਰਾਜ ਸਤਿਗੁਰ ਦੀ ਬਖਸ਼ਿਸ਼ ਨਾਲ ਜਾ ਪੁੱਜੇ ਸਨ। ਉਨ੍ਹਾਂ ਦੇ ਅੰਦਰ ਨਾਮ ਦਾ ਅਤਿ ਹੀ ਡੂੰਘਾ ਪਿਆਰ ਸੀ। ਆਪ ਜੀ ਨਾਮ ਨੂੰ ਸਭ ਤੋਂ ਉੱਚਾ ਖਿਆਲ ਕਰਦੇ ਸਨ ਜਿਵੇਂ ਕਿ ਗੁਰਬਾਣੀ ਵਿਚ ਲਿਖਿਆ ਹੈ "ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ॥
ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ॥"

———•———

ਬਾਣੀ ਗੁਰੂ ਗੁਰੂ ਹੈ ਬਾਣੀ
(ਮੇਰਾ ਘਰ ਵਾਲਾ)

ਪ੍ਰਮਾਰਥ ਦੇ ਰਸਤੇ ਵਿਚ ਸਭ ਤੋਂ ਵੱਡੀ ਚੀਜ਼ ਸਿਦਕ ਹੈ। ਜਿਉਂ ਜਿਉਂ ਸਿਦਕ ਵਧਦਾ ਜਾਂਦਾ ਹੈ ਤਿਉਂ ਤਿਉਂ ਆਤਮਾ ਵਿਚ ਖੇੜਾ, ਖੁਸ਼ੀ ਅਤੇ ਚਾਅ ਵੀ ਵਧਦਾ ਜਾਂਦਾ ਹੈ।

ਸਿੱਖ ਧਰਮ ਵਿਚ ਜਿਤਨੇ ਵੀ ਸਾਧਨ ਅਸੀਂ ਕਰਦੇ ਕਰਾਂਦੇ ਹਾਂ, ਉਨ੍ਹਾਂ ਦਾ ਅੰਤ ਸਿਦਕ ਦੀ ਪ੍ਰਾਪਤੀ ਹੀ ਹੈ। ਚਾਹੇ ਭਜਨ ਕਰੀਏ, ਚਾਹੇ ਪਾਠ ਕਰੀਏ ਤੇ ਚਾਹੇ ਸਤਿਸੰਗ ਕਰੀਏ।

ਸ੍ਰੀ ਸੰਤ ਪਿਤਾ ਜੀ ਮਹਾਰਾਜ (ਸੰਤ ਸੰਗਤ ਸਿੰਘ ਜੀ ਮਹਾਰਾਜ) ਨੇ ਆਪਣੇ ਬਚਨਾਂ ਰਾਹੀਂ ਇਕ ਵੇਰ ਸੁਣਾਇਆ ਸੀ ਕਿ ਸਮਾਂ ਹੋਇਆ ਹੈ ਇਕ ਗੁਰਮੁਖ ਸੱਜਣ, ਭਾਈ ਸਾਹਿਬ ਵੀਰ ਸਿੰਘ ਜੀ ਮਹਾਰਾਜ, ਪਾਸ ਆਇਆ। ਇਹ ਸੱਜਣ ਭਾਈ ਸਾਹਿਬ ਨਾਲ ਮਿੱਤਰਤਾ ਭਾਵ ਰੱਖਦਾ ਸੀ। ਉਸ ਨੇ ਕਿਹਾ ਕਿ "ਭਾਈ ਸਾਹਿਬ ਜੀ ਮਹਾਰਾਜ ਮੈਂ ਆਪ ਜੀ ਨੂੰ ਇਕ ਖੇਚਲ ਦੇਣੀ ਹੈ। ਖੇਚਲ ਇਹ ਹੈ ਕਿ ਮੈਂ ਆਪ ਨੂੰ ਸਰਾਫ ਦੀ ਹੱਟ ਤੇ ਲੈ ਜਾਣਾ ਹੈ ਕਿਉਂਕਿ ਸ੍ਰੀ ਅੰਮ੍ਰਿਤਸਰ ਜੀ ਵਿਚ ਮੇਰੀ ਬਹੁਤ ਵਾਕਫੀਅਤ ਨਹੀਂ। ਇਸ ਲਈ ਮਜ਼ਬੂਰੀ ਆਪ ਨੂੰ ਖੇਚਲ ਦੇ ਰਿਹਾ ਹਾਂ। ਭਾਈ ਸਾਹਿਬ ਜੀ ਨੇ ਪੱਛਿਆ, "ਕਿਸ ਲਈ ਜਾਣਾ ਹੈ ?" ਤਾਂ ਉਹ ਮਿੱਤਰ ਕਹਿਣ ਲੱਗਾ ਕਿ, "ਮੈਨੂੰ ਆਪਣੀ ਸਰਵਿਸ ਵਿਚ ਤਰੱਕੀ ਮਿਲੀ ਹੈ, ਤੇ ਮੈਂ ਆਪਣੀ ਘਰ ਵਾਲੀ ਨੂੰ ਜਦੋਂ ਦੱਸਿਆ ਤਾਂ ਉਸ ਨੇ ਮੈਨੂੰ ਵਧਾਈ ਦਿੱਤੀ ਤੇ ਕਹਿਣ ਲਗੀ "ਸਰਦਾਰ ਸਾਹਿਬ ਮੈਨੂੰ ਕੀ ਇਨਾਮ ਮਿਲੇਗਾ ?" ਤਾਂ ਮੈਂ ਉਸ ਨੂੰ ਕਿਹਾ ਕਿ, "ਜੋ ਤੂੰ ਮੰਗੇਗੀ।" ਉਸ ਨੇ ਕਿਹਾ ਕਿ, "ਮੈਨੂੰ ਅੱਠ ਵੰਗਾਂ ਅਤੇ ਕੋਈ ਗਲੇ ਦਾ ਜ਼ੇਵਰ ਲੈ ਦਿਓ।" "ਸੋ ਇਸ ਕਾਰਜ ਦੀ ਪੂਰਤੀ ਲਈ ਆਪ ਮੇਰੇ ਨਾਲ ਚਲੋ।" ਭਾਈ ਸਾਹਿਬ, ਉਸ ਮਿੱਤਰ ਨਾਲ, ਟਾਂਗੇ ਤੇ ਚਲੇ ਗਏ ਤੇ ਨਿਜ-ਸਨੇਹੀ ਸਰਾਫ਼ ਦੀ ਦੁਕਾਨ ਤੇ ਪਹੁੰਚੇ। ਉਸ ਨੇ ਬੜੇ ਪਿਆਰ ਸਤਿਕਾਰ ਨਾਲ ਭਾਈ ਸਾਹਿਬ ਨੂੰ ਬਿਠਾਇਆ ਤੇ ਫਿਰ ਪੁੱਛਿਆ ਕਿ "ਕੀ ਆਗਿਆ ਹੈ ?"

ਆਪ ਨੇ ਦੱਸਿਆ ਕਿ, "ਇਹ ਮੇਰੇ ਮਿੱਤਰ ਹਨ, ਇਨ੍ਹਾਂ ਨੂੰ ਆਪਣੀ ਘਰ ਵਾਲੀ ਲਈ ਕੁਝ ਗਹਿਣੇ ਲੋੜ ਹਨ। ਸੋ ਆਪ ਡਿਜ਼ਾਈਨ ਦਿਖਾਉ ਤਾਂ ਕਿ ਪਸੰਦ ਕਰ ਲਈਏ।" ਸਰਾਫ਼ ਨੇ ਬਹੁਤ ਸਾਰੇ ਜ਼ੇਵਰਾਂ ਦੇ ਡਿਜ਼ਾਈਨ ਦਿਖਾਏ ਤੇ ਮਿੱਤਰ ਤੇ ਭਾਈ ਸਾਹਿਬ ਉਹ ਦੇਖਦੇ ਗਏ। ਉਨ੍ਹਾਂ ਡਿਜ਼ਾਈਨਾਂ ਵਿਚੋਂ ਸਭ ਤੋਂ ਸੁਹਣਾ ਡਿਜ਼ਾਈਨ ਪਸੰਦ ਕੀਤਾ ਅਤੇ ਸਰਾਫ਼ ਨੂੰ ਕਹਿਣ ਲਗੇ ਕਿ, "ਇਨ੍ਹਾਂ ਦਾ ਵਜ਼ਨ ਕਰ ਕੇ ਵਾਜਬੀ ਕੀਮਤ ਲਗਾਓ ਤੇ ਬਿੱਲ ਬਣਾ ਦਿਉ।"

ਜ਼ੇਵਰਾਂ ਦੀ ਕੀਮਤ ਲੱਗ ਗਈ, ਬਿੱਲ ਬਣ ਗਿਆ, ਮਿੱਤਰ ਨੇ ਰੁਪਏ ਅਦਾ ਕਰ ਦਿੱਤੇ ਤੇ ਭਾਈ ਸਾਹਿਬ ਨੂੰ ਕਹਿਣ ਲਗਾ, "ਚਲੋ ਚਲੀਏ।" ਭਾਈ ਸਾਹਿਬ ਜੀ ਕਹਿਣ ਲਗੇ ਕਿ, "ਤੁਸਾਂ ਆਪਣੀ ਘਰ ਵਾਲੀ ਲਈ ਭੂਸ਼ਨ ਲਏ ਹਨ, ਮੈਂ ਆਪਣੇ ਘਰ ਵਾਲੇ ਲਈ ਭੂਸ਼ਨ ਲੈਣੇ ਹਨ।" ਮਿੱਤਰ ਹੈਰਾਨ ਹੋ ਗਿਆ ਕਿ, "ਤੁਸੀਂ ਤਾਂ ਆਪ ਪੁਰਸ਼ ਹੋ, ਤੁਹਾਡਾ ਘਰ ਵਾਲਾ ਕੌਣ ਹੋ ਸਕਦਾ ਹੈ ?" ਤਾਂ ਭਾਈ ਸਾਹਿਬ ਨੇ ਕਿਹਾ ਕਿ, "ਆਪ ਨੂੰ ਹੁਣੇ ਹੀ ਪਤਾ ਲੱਗ ਜਾਏਗਾ ਕਿ ਮੇਰਾ ਘਰ ਵਾਲਾ ਕੌਣ ਹੈ ?"

ਆਪ ਨੇ ਆਪਣੇ ਸਨੇਹੀ ਸਰਾਫ਼ ਨੂੰ ਕਿਹਾ, "ਮਿੱਤਰਾ! ਇਸ ਨੇ ਤਾਂ ਘਰ ਵਾਲੀ ਲਈ ਭੂਸ਼ਨ ਲਏ ਹਨ, ਮੈਨੂੰ ਮੇਰੇ ਘਰ ਵਾਲੇ ਲਈ ਭੂਸ਼ਨ ਦੇਹ। ਭੂਸ਼ਨ ਇਹ ਹਨ, ਇਕ ਤਾਂ ਗੁਰੂ ਗ੍ਰੰਥ ਸਾਹਿਬ ਦਾ ਛੱਬਾ ਦੇ ਦੇ, ਇਕ ਚੌਰ ਦੇ ਦੇ, ਤੇ ਨਾਲ ਹੀ ਚਾਂਦੀ ਦੀ ਥਾਲੀ ਤੇ ਚਾਂਦੀ ਦਾ ਕੌਲਾ, ਬਹੁਤ ਸੁਹਣਾ ਦੇਹ" ਸਰਾਫ਼ ਨੇ ਭਾਈ ਸਾਹਿਬ ਦੇ ਪਵਿੱਤਰ ਸਿਦਕ ਦੇ ਭਾਵ ਨੂੰ ਤਕ ਕੇ ਵਧੀਆ ਤੋਂ ਵਧੀਆ ਚੀਜ਼ ਉਨ੍ਹਾਂ ਨੂੰ ਦਿੱਤੀ ਤੇ ਭਾਈ ਸਾਹਿਬ ਨੇ ਇਹ ਚੀਜ਼ਾਂ ਪੈਕ ਕਰਾ ਕੇ ਲੈ ਲਈਆਂ। ਆਪਣੇ ਮਿੱਤਰ ਨੂੰ ਕਹਿਣ ਲਗੇ ਕਿ, "ਤੂੰ ਵੀ ਆਪਣੇ ਭੂਸ਼ਨ ਲੈ ਕੇ ਆਪਣੀ ਘਰ ਵਾਲੀ ਦੀ ਪ੍ਰਸੰਨਤਾ ਲਏਂਗਾ ਤੇ ਮੈਂ ਆਪਣੇ ਘਰ ਵਾਲੇ ਦੀ ਪ੍ਰਸੰਨਤਾ ਲਵਾਂਗਾ।"

ਦੂਸਰੀ ਭਲਕ ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਹੋਈ ਤੇ ਭਾਈ ਸਾਹਿਬ ਨੇ ਉਹ ਸਾਰੀਆਂ ਚੀਜ਼ਾਂ ਲਿਆ ਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਭੇਟਾ ਰੱਖ ਕੇ ਅਰਦਾਸਾ ਸੋਧਿਆ। ਅਰਦਾਸ ਮਗਰੋਂ ਸਾਰੀਆਂ ਚੀਜ਼ਾਂ ਸਤਿਗੁਰੂ ਦੇ ਦਰਬਾਰ ਵਿਚ ਸੁਸ਼ੋਭਿਤ ਕਰ ਦਿੱਤੀਆਂ ਤੇ ਨਕ ਰਗੜ ਕੇ ਆਪ ਨੇ ਕਿਹਾ, "ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥"

———•———

ਅਬ ਕਭੀ ਨਹੀਂ ਭੂਲੇਗਾ

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਗੁਰਮੁਖ ਦੀ ਮਹਾਨ ਸ਼ਕਤੀ ਦਰਸਾਈ ਹੈ ਕਿ ਉਹ ਨਾਮ ਦਾ ਕਿਣਕਾ ਦੇ ਕੇ ਕਰੋੜਾਂ ਹੀ ਜੀਵਾਂ ਦਾ ਉਧਾਰ ਕਰਦਾ ਹੈ ਪਰਮ ਸਤਿਕਾਰਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਮਹਾਨ ਘਾਲ ਕਮਾਈ ਵਿਚੋਂ ਕਿੰਨੇ ਗੁਰੂ ਕੇ ਪਿਆਰਿਆਂ ਨੂੰ ਗੁਰਮਤਿ-ਨਾਮ ਦਾ ਕਿਣਕਾ ਬਖ਼ਸ਼ਿਆ, ਉਨ੍ਹਾਂ ਦੀ ਗਿਣਤੀ ਕਰਨੀ ਤਾਂ ਬਹੁਤ ਹੀ ਕਠਿਨ ਹੈ ਪ੍ਰੰਤੂ ਕਈ ਇਕ ਅਲੌਕਿਕ ਦ੍ਰਿਸ਼ਯ ਨੈਣਾਂ ਦੇ ਸਾਹਮਣੇ ਆਉਂਦੇ ਹਨ ਤਾਂ ਮਨ ਸੋਚ ਦੇ ਮੰਡਲ ਤੋਂ ਲੰਘ ਕੇ ਵਿਸਮਾਦ ਮੰਡਲ ਵਿਚ ਜਾ ਟਿਕਦਾ ਹੈ।

ਜਿਨ੍ਹਾਂ ਪ੍ਰੇਮੀਆਂ ਨੂੰ "ਸੰਤ ਰਹਤ ਰਤਨ ਮਾਲਾ" ਪੜ੍ਹਨ ਦਾ ਅਵਸਰ ਮਿਲਿਆ ਹੈ, ਉਨ੍ਹਾਂ ਨੇ ਸ੍ਰੀ ਮਹੰਤ ਕਰਮ ਚੰਦ ਜੀ ਦੇ ਤਿਆਗ ਵੈਰਾਗ ਦੇ ਅਸਚਰਜ ਪ੍ਰਸੰਗ ਉਸ ਪੁਸਤਕ ਵਿਚੋਂ ਪੜ੍ਹੇ ਹਨ। ਕਿਤਨੀ ਤਪੱਸਿਆ ਅਤੇ ਘੋਰ ਸਾਧਨਾ ਆਪ ਨੇ ਕੀਤੀ ਉਹ ਅਕਥਨੀਯ ਹੈ। ਸੰਨ 1933 ਜਾਂ 34 ਵਿਚ ਆਪ ਨੂੰ ਪਰਮ ਸਤਿਕਾਰਯੋਗ ਸ੍ਰੀਮਾਨ ਭਾਈ ਸਾਹਿਬ ਜੀ ਮਹਾਰਾਜ ਦੇ ਦਰਸ਼ਨ ਲਾਰੰਸ ਰੋਡ ਤੇ ਹੋਏ। ਉਸ ਮਿਲਾਪ ਨੇ ਆਪ ਦੇ ਪ੍ਰਮਾਰਥਕ ਜੀਵਨ ਦੇ ਰਾਹ ਨੂੰ ਬਦਲ ਦਿੱਤਾ। ਹਠ ਤੋਂ ਨਿਕਲ ਕੇ ਆਪ ਸਹਿਜ ਵਿਚ ਆ ਗਏ। ਉਦਾਸੀ ਤੋਂ ਨਿਕਲ ਕੇ ਆਪ ਵਿਗਾਸ ਵਿਚ ਆ ਗਏ। ਅੱਠ ਦਸ ਸਾਲ ਆਪ ਨੇ ਨਾਮ ਦਾ ਮਹਾਨ ਰਸ ਮਾਣਿਆ। ਸਰਗੋਧੇ ਸੰਨ 1944 ਵਿਚ ਸਿੱਖ ਵਿਦਿਅਕ ਕਾਨਫਰੰਸ ਸੀ। ਮਹੰਤ ਕਰਮ ਚੰਦ ਜੀ ਨੇ ਉਥੇ ਦਰਸ਼ਨ ਦਿੱਤੇ ਤੇ ਜੋ ਭਾਈ ਸਾਹਿਬ ਜੀ ਨੇ ਉਨ੍ਹਾਂ ਤੇ ਉਸ ਸਮੇਂ ਰਹਿਮਤ ਕੀਤੀ ਉਸ ਦਾ ਪ੍ਰਸੰਗ ਇਹ ਅਗੇ ਹੈ :-

"ਅਬ ਕਭੀ ਨਹੀਂ ਭੂਲੇਗਾ"

ਸਰਗੋਧੇ ਦੀ ਕਾਨਫਰੰਸ ਦਾ ਸਮਾਗਮ ਸਮਾਪਤ ਹੋ ਚੁੱਕਾ ਸੀ। ਮਹੰਤ ਕਰਮਚੰਦ ਜੀ ਸ਼ਾਹ ਜੀਵਣੇ ਵਾਲੇ ਮਹਾਪੁਰਸ਼ ਆਪਣੇ ਸਾਧੂ ਸਮਾਜ ਨੂੰ ਲੈ ਕੇ ਭਾਈ ਸਾਹਿਬ ਜੀ ਦੇ ਦਰਸ਼ਨਾਂ ਲਈ ਸ. ਮਨੋਹਰ ਸਿੰਘ ਦੀ ਕੋਠੀ ਪਹੁੰਚੇ। ਬਾਹਰ Lawn ਵਿਚ ਸੰਗਤਾਂ ਸਜ ਰਹੀਆਂ ਸਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵੀ ਉਸੇ ਅਸਥਾਨ ਤੇ ਟਿਕੇ ਹੋਏ ਸਨ। ਸ੍ਰੀਮਾਨ ਮਹੰਤ ਕਰਮ ਚੰਦ ਜੀ ਸ਼ਾਹ ਜੀਵਣੇ ਵਾਲੇ ਵੀ ਆ ਕੇ ਸਜ ਗਏ। ਸਿੱਖ ਵਿਦਿਅਕ ਕਾਨਫਰੰਸ ਦਾ ਸਮਾਗਮ ਭਾਈ ਸਾਹਿਬ ਜੀ ਨੂੰ ਬਹੁਤ ਹੀ ਪਿਆਰਾ ਸੀ। ਸੋ ਇਹ ਸਮਾਗਮ ਪੂਰਨ ਸਫਲਤਾ ਨਾਲ ਨਿਰਵਿਘਨ ਸਮਾਪਤ ਹੋਇਆ ਤੇ ਭਾਈ ਸਾਹਿਬ ਅੰਦਰੋਂ ਬਾਹਰੋਂ ਸ਼ੁਕਰ ਦੇ ਭਾਵਾਂ ਨਾਲ ਖਿੜੇ ਹੋਏ ਸਨ। ਅੱਜ ਦੇ ਬਚਨ ਆਪ ਦੇ ਬੜੇ ਡੂੰਘੇ ਅਤੇ ਅਤਿਅੰਤ ਰਸਦਾਇਕ ਸਨ। ਬਚਨ ਉਸ ਵਕਤ ਨਾਮ ਦੀ ਘਾਲ

ਮੁਅਤਲਕ ਹੋ ਰਹੇ ਸਨ ਤੇ ਉਸ ਵਿਸ਼ੇ ਤੇ ਆਪ ਨੇ ਹੇਠ ਲਿਖਿਆ ਪ੍ਰਸੰਗ ਸੁਣਾਇਆ :-

"ਬੰਗਾਲ ਦੇ ਇਕ ਬੜੇ ਉਚ ਕੋਟੀ ਦੇ ਮਹਾਪੁਰਸ਼ ਹੋਏ ਹਨ ਜਿਨ੍ਹਾਂ ਦਾ ਨਾਮ ਗੌਰੰਗ ਸੁਆਮੀ ਸੀ। ਗੌਰੰਗ ਨੇ 16-17 ਸਾਲ ਦੀ ਉਮਰ ਵਿਚ ਚਾਰ ਵੇਦ, ਛੇ ਸਾਸ਼ਤਰ ਤਕਰੀਬਨ ਜ਼ੁਬਾਨੀ ਹੀ ਯਾਦ ਕਰ ਲਏ ਸਨ। ਉਸ ਦੀ ਛੋਟੀ ਉਮਰ ਅਤੇ ਪ੍ਰਾਗੱਲਬ ਵਿਦਵਤਾ ਬਨਾਰਸ ਦੇ ਲੋਗਾਂ ਨੂੰ ਹੈਰਾਨ ਕਰਦੀ ਸੀ। ਜਦੋਂ ਵੀ ਉਸ ਨੇ ਭਾਸ਼ਣ ਦੇਣਾ, ਹਜ਼ਾਰਾਂ ਲੋਗਾਂ ਨੇ ਉਥੇ ਇਕੱਠਾ ਹੋ ਕੇ ਪੂਰਨ ਸ਼ਾਂਤਮਈ ਪ੍ਰਭਾਵਾਂ ਵਿਚ ਆਪ ਦੇ ਕਥਨ ਨੂੰ ਸੁਣ ਕੇ ਮਸਤ ਹੋ ਜਾਣਾ। ਧੀਰੇ ਧੀਰੇ ਇਹ ਭਾਸ਼ਣਾਂ ਤੋਂ ਲੰਘ ਕੇ ਚਰਚਾ ਵਾਦ ਵਿਚ ਲੱਗ ਗਏ। ਬੜੇ ਬੜੇ ਵਿਦਵਾਨ ਪੰਡਿਤ ਇਨ੍ਹਾਂ ਦੀ ਤੇਜਮਯ ਵਿਦਿਆ ਦੇ ਸਾਹਮਣੇ ਮਾਤ ਪੈ ਗਏ ਅਤੇ ਬਨਾਰਸ ਦੇ ਮਹਾਨ ਪੰਡਿਤ ਇਨ੍ਹਾਂ ਤੋਂ ਹਾਰ ਖਾ ਗਏ। ਇਕ ਦਿਨ ਆਪ ਨੇ ਗੰਗਾ ਤੋਂ ਪਾਰ ਕੋਈ ਭਾਸ਼ਣ ਦੇਣ ਲਈ ਜਾਂ ਕਿਸੇ ਚਰਚਾ ਵਾਦ ਕਰਨ ਦੇ ਲਈ ਜਾਣਾ ਸੀ। ਆਪ ਬੇੜੇ ਤੇ ਸਵਾਰ ਹੋ ਗਏ। ਬੇੜਾ ਨਕੋ ਨਕ ਸਵਾਰੀਆਂ ਨਾਲ ਭਰ ਗਿਆ ਤੇ ਥੋੜ੍ਹੇ ਸਮੇਂ ਬਾਅਦ ਉਹ ਚੱਲ ਪਿਆ। ਜਦ ਬੇੜਾ ਚਲਿਆ ਤਾਂ ਸ੍ਰੀ ਗੌਰੰਗ ਸੁਆਮੀ ਭੀੜ ਬਹੁਤ ਹੋਣ ਕਰ ਕੇ ਉਸ ਉੱਚੇ ਅਸਥਾਨ ਤੇ ਚਲੇ ਗਏ ਜਿਥੇ ਮਲਾਹ ਚੱਪੂ ਮਾਰ ਕੇ ਬੇੜੇ ਨੂੰ ਚਲਾਂਦਾ ਹੈ। ਆਪ ਮਲਾਹ ਵਾਂਗੂ ਖੜ੍ਹੇ ਹੋ ਗਏ ਤੇ ਉਸ ਬੇੜੇ ਵੱਲ ਨਜ਼ਰ ਪਾਈ ਕਿ ਕੋਈ ਭਦਰ ਪੁਰਸ਼ ਜਾਂ ਵਿਦਵਾਨ ਪੁਰਸ਼ ਵੀ ਬੇੜੇ ਵਿਚ ਹੈ ਕਿ ਨਹੀਂ। ਅਚਾਨਕ ਉਨ੍ਹਾਂ ਕੀ ਤਕਿਆ ਕਿ ਭਗਵੇ ਵੇਸ ਵਾਲਾ ਇਕ ਮਹਾਪੁਰਸ਼ ਬੇੜੇ ਦੇ ਦੂਜੇ ਪਾਸੇ ਆਸਣ ਤੇ ਅਡੋਲ ਬੈਠਾ ਹੈ। ਗੌਰੰਗ ਆਪਣੀ ਜਗ੍ਹਾ ਛਡ ਕੇ ਸੁਆਰੀਆਂ ਵਿਚੋਂ ਲੰਘ ਕੇ ਉਸ ਜਗ੍ਹਾ ਤੇ ਜਾ ਪਹੁੰਚਿਆ ਜਿਥੇ ਉਹ ਮਹਾਪੁਰਸ਼ ਆਪਣੇ ਰੰਗ ਵਿਚ ਰਤਾ ਹੋਇਆ ਬੈਠਾ ਸੀ। ਗੌਰੰਗ ਨੇ ਤਕਿਆ ਕਿ ਨੈਣ ਬੰਦ ਹਨ ਇਹ ਮਹਾਤਮਾ ਅਡੋਲ ਟਿਕ ਰਿਹਾ ਹੈ ਅਦਭੁਤ ਹੈ ਤੇ ਪੰਜ ਕੁ ਮਿੰਟਾਂ ਦੇ ਬਾਅਦ ਸ੍ਰੀ ਗੌਰੰਗ ਸੁਆਮੀ ਨੇ ਮੋਢਾ ਹਿਲਾਇਆ। ਮੋਢਾ ਹਿਲਣ ਤੇ ਉਨ੍ਹਾਂ ਧਿਆਨ ਵਿਚ ਮਸਤ ਅਲਮਸਤ ਨੈਣ ਖੋਲ੍ਹੇ ਤੇ ਗੌਰੰਗ ਸੁਆਮੀ ਵੱਲ ਤਕਿਆ। ਕਹਿਣ ਲਗੇ "ਬੇਟਾ ਕਿਆ ਬਾਤ ਹੈ ?" ਤਾਂ ਸ੍ਰੀ ਗੌਰੰਗ ਸੁਆਮੀ ਨੇ ਕਿਹਾ "ਕਿਆ ਆਪ ਮੁਝੇ ਜਾਨਤੇ ਹੈਂ ?" ਮਹਾਤਮਾ ਨੇ ਸਿਰ ਹਿਲਾਇਆ "ਕਿ ਨਹੀਂ"। ਤਾਂ ਗੌਰੰਗ ਨੇ ਕਿਹਾ ਕਿ ਮੈਂ ਉਹ ਵਿਦਵਾਨ ਹਾਂ ਜਿਸ ਨੇ 16-17 ਸਾਲ ਦੀ ਉਮਰ ਵਿਚ ਸਭ ਵੇਦ ਸ਼ਾਸਤਰਾਂ ਨੂੰ ਯਾਦ ਕਰ ਲਿਆ ਹੈ। ਮਹਾਤਮਾ ਨੇ ਤੱਕਿਆ ਤੇ ਕਿਹਾ "ਅੱਛਾ! ਬਹੁਤ ਅੱਛਾ ਹੂਆ।" ਤਾਂ ਸ੍ਰੀ ਗੌਰੰਗ ਨੇ ਕਿਹਾ, "ਸ਼ਾਸਤਰ ਵਿਧੀ ਕੇ ਅਨੁਸਾਰ ਆਪ ਮੁਝੇ ਸਤਿਕਾਰ ਦੀਜੀਏ, ਮੁਝੇ ਆਸਨ ਦੀਜੀਏ ਕਿਉਂਕਿ ਮੈਂ ਪ੍ਰਾਗੱਲਬ ਵਿਦਵਾਨ ਹੂੰ।" ਸਾਧੂ ਨੇ ਹੰਗੂਰਾ ਭਰਿਆ "ਅੱਛਾ ਬੇਟਾ! ਆਪ ਮਹਾ ਵਿਦਵਾਨ ਹੈਂ, ਪ੍ਰੰਤੂ ਮੇਰੀ ਨਜ਼ਰ ਮੇਂ ਤੋਂ ਆਪ ਮੁਝੇ ਮਹਾ ਮੂਰਖ ਦਿਖਾਈ ਦੇ ਰਹੇ ਹੈਂ।" ਸ੍ਰੀ ਗੌਰੰਗ ਸੁਆਮੀ ਦੀ ਜ਼ਿੰਦਗੀ ਵਿਚ

ਇਹ ਪਹਿਲਾ ਅਵਸਰ ਸੀ ਕਿ ਕੋਈ ਮਨੁੱਖ ਉਸ ਨੂੰ ਮਹਾ ਮੂਰਖ ਕਹੇ। ਕੁੱਝ ਗੁੱਸੇ ਵਿਚ ਭਰ ਗਏ ਤੇ ਕਹਿਣ ਲਗੇ ਕਿ, "ਮੈਂ ਕੈਸੇ ਮੂਰਖ ਹੂੰ ? ਬਤਾਓ ਆਪ ਨੇ ਮੇਰੇ ਮੇਂ ਕੌਨ ਸੀ ਮੂਰਖਤਾ ਕੀ ਬਾਤ ਦੇਖੀ ਹੈ?" ਮਹਾਤਮਾ ਹੱਸ ਪਏ ਤੇ ਕਹਿਣ ਲਗੇ, "ਬੇਟਾ! ਬੈਠ ਜਾਓ। ਮੈਂ ਆਪ ਕੋ ਏਕ ਅੱਖਰ ਬਤਾਤਾ ਹੂੰ। ਵੋ ਆਪ ਕੋ ਕਿਸੀ ਵਕਤ ਨ ਭੂਲੇ। ਖਾਨੇ ਵਕਤ, ਸੋਨੇ ਵਕਤ, ਚਰਚਾ ਵਾਦ ਕੇ ਸਮੇਂ ਗੋਯਾ ਕਿ ਹਰ ਸਮੇਂ ਆਪ ਕੋ ਯਾਦ ਰਹੇ ਔਰ ਕਭੀ ਨਾ ਭੂਲੇ। ਜਬ ਆਪ ਐਸੇ ਉਸ ਅੱਖਰ ਕੋ ਯਾਦ ਕਰ ਲਓਗੇ ਤੋਂ ਮੈਂ ਨਾ ਸਿਰਫ ਅਪਨਾ ਆਸਨ ਆਪ ਕੋ ਦੂੰਗਾ, ਮੈਂ ਆਪ ਕੇ ਚਰਨੋਂ ਮੈਂ ਡੰਡਵਤ ਪ੍ਰਣਾਮ ਕਰੂੰਗਾ।" ਸ੍ਰੀ ਗੌਰੰਗ ਸੁਆਮੀ ਕਾਹਲ ਵਿਚ ਕਹਿਣ ਲਗੇ, "ਬਤਾਉ ਕੌਨ ਸਾ ਅੱਖਰ ਹੈ ?" ਤਾਂ ਸਾਧੂ ਨੇ ਕਿਹਾ, "ਰਾਮ"। ਭਾਈ ਸਾਹਿਬ ਜੀ ਆਪਣੇ ਬਚਨਾਂ ਨੂੰ ਜਾਰੀ ਰੱਖਦੇ ਹੋਏ ਕਹਿਣ ਲਗੇ ਕਿ, ਸ੍ਰੀ ਗੌਰੰਗ ਨੇ ਪੁੱਛਿਆ ਕਿ, "ਸੁਆਮੀ ! ਯੇ ਕਿਆ ਹੈ ?" ਆਪ ਕਹਿਨ ਲਗੇ, "ਬੇਟਾ ਇਸ ਕੇ ਆਗੇ ਮੈਂ ਆਪ ਕੋ ਕੁਛ ਭੀ ਨਹੀਂ ਕਹੂੰਗਾ।"

ਇਤਨੇ ਸਮੇਂ ਵਿਚ ਗੰਗਾ ਦਾ ਦੂਸਰਾ ਤਟ ਆ ਗਿਆ। ਲੋਗਾਂ ਨੇ ਬੇੜੇ ਤੋਂ ਉਤਰਨਾ ਸ਼ੁਰੂ ਕੀਤਾ ਤੇ ਨਾਲ ਹੀ ਸ੍ਰੀ ਗੌਰੰਗ ਸੁਆਮੀ ਉਤਰ ਗਏ। ਉਹ ਆਪਣੇ ਚਰਚਾ ਵਾਦ ਵਾਲੇ ਅਸਥਾਨ ਤੇ ਚਲੇ ਗਏ ਉਹ ਸਾਧੂ ਕਿਸੇ ਹੋਰ ਤਰਫ ਚਲੇ ਗਏ। ਸ੍ਰੀ ਗੌਰੰਗ ਸੁਆਮੀ ਜਦ ਚਰਚਾ ਅਸਥਾਨ ਤੇ ਪਹੁੰਚੇ ਤਾਂ ਲੋਗਾਂ ਦੀਆਂ ਬੇਅੰਤ ਭੀੜਾਂ ਸਨ। ਜਾਂਦਿਆਂ ਹੀ ਆਪ ਚਰਚਾ ਵਾਦ ਵਿਚ ਉਲਝ ਗਏ, ਦੋ ਤਿੰਨ ਘੰਟੇ ਦੀ ਬਹਿਸ ਮੁਬਹਿਸੇ ਬਾਅਦ ਆਪ ਵਿਜਈ ਹੋ ਗਏ। ਲੋਗਾਂ ਨੇ ਜੈ ਜੈ ਕਾਰ ਦੀਆਂ ਧੁਨੀਆਂ ਕੀਤੀਆਂ। ਭੀੜਾਂ ਵਿਚ ਆਵਾਜ਼ ਨਿਕਲ ਰਹੀ ਸੀ 'ਸ੍ਰੀ ਗੌਰੰਗ ਸੁਆਮੀ ਕੀ ਜੈ ਹੈ, ਜੈ ਹੋ।'

ਰਾਤ ਨੂੰ ਜਦੋਂ ਸ੍ਰੀ ਗੌਰੰਗ ਸੁਆਮੀ ਜੀ ਇਕਾਂਤ ਹੋਏ ਤਾਂ ਅਚਾਨਕ ਹੀ ਉਨ੍ਹਾਂ ਦੇ ਕੰਨਾਂ ਵਿਚ ਇਹ ਅੱਖਰ ਗੂੰਜੇ, 'ਬੇਟਾ ! ਤੁਮ ਮਹਾ ਮੂਰਖ ਹੋ।' ਬੇੜੇ ਵਾਲੀ ਕਹਾਣੀ ਅੱਖਾਂ ਦੇ ਸਾਹਮਣੇ ਆ ਗਈ ਤੇ ਗੌਰੰਗ 'ਰਾਮ' ਅੱਖਰ ਨੂੰ ਯਾਦ ਕਰਨ ਲੱਗ ਪਏ। ਥੋੜ੍ਹੇ ਛਿਨਾਂ ਬਾਦ ਨੀਂਦ ਆ ਗਈ ਰਾਮ ਅੱਖਰ ਭੁੱਲ ਗਿਆ। ਸਵੇਰ ਹੋਈ, ਜਾਗੇ, ਆਪਣੀ ਸਰੀਰਕ ਕ੍ਰਿਆ ਵਿਚ ਲਗ ਗਏ। ਰਾਮ ਅੱਖਰ ਆਪ ਦੀ ਸਿਮਰਤੀ ਵਿਚੋਂ ਬਿਲਕੁਲ ਵਿਸਿਮਰਨ ਹੋ ਗਿਆ ਕੁਝ ਸਮੇਂ ਬਾਅਦ ਫਿਰ ਯਾਦ ਆ ਗਿਆ। ਹਉਕਾ ਲਿਆ ਤੇ ਕਿਹਾ ਜੋ ਉਸ ਮਹਾਤਮਾ ਨੇ ਕਿਹਾ ਸੀ ਕਿ ਗੌਰੰਗ ਤੂੰ ਮਹਾ ਮੂਰਖ ਹੈ ਸੋ ਉਹ ਬਿਲਕੁਲ ਯਥਾਰਥ ਹੈ। ਸ੍ਰੀ ਗੌਰੰਗ ਦੇ ਅੰਦਰ ਇਕ ਮਹਾਨ ਉਦਾਸੀ ਵਾਪਰ ਗਈ ਕਿ ਮੈਂ ਕਿਤਨਾ ਮੂਰਖ ਹਾਂ, ਮੈਨੂੰ ਇਕ 'ਰਾਮ' ਦਾ ਅੱਖਰ ਯਾਦ ਨਹੀਂ ਹੁੰਦਾ। ਆਪ ਉਸ ਵੇਲੇ ਜੰਗਲਾਂ ਨੂੰ ਟੁਰ ਪਏ। 12 ਸਾਲ ਆਪ ਇਸ ਅੱਖਰ ਨੂੰ ਦਿਨ ਅਤੇ ਰਾਤ ਪਕਾਂਦੇ ਰਹੇ ਪਰ ਅੱਖਰ ਪੱਕ ਨਾ ਸਕਿਆ। ਘੜੀ-ਘੜੀ ਭੁੱਲ ਜਾਂਦੇ। ਉਸ ਮਹਾਪੁਰਸ਼ ਦੇ ਅੱਖਰ ਨੂੰ

ਯਾਦ ਕਰ ਕੇ ਸ੍ਰੀ ਗੌਰੰਗ ਸੁਆਮੀ ਕਹਿਣ ਕਿ ਉਹ ਸੱਤ ਵਕਤਾ ਸਨ ਉਹ ਯਥਾਰਥ ਵਕਤਾ ਸਨ, ਉਹ ਮੇਰੀ ਮੂਰਖਤਾ ਨੂੰ ਸਮਝਦੇ ਸਨ। ਹੇ ਪ੍ਰਭੂ! ਇਹ ਕਿਤਨਾ ਗੌਰਵਤਾ ਵਾਲਾ ਅੱਖਰ ਹੈ ਜੋ ਮੈਨੂੰ ਭੁੱਲ ਜਾਂਦਾ ਹੈ। ਇਕ ਦਿਨ ਆਪ ਬਹੁਤ ਉਦਾਸ ਹੋਏ ਤੇ ਵਿਚਾਰ ਕੀਤੀ ਕਿ ਮੈਂ ਸ੍ਰੀ ਗੰਗਾ ਜੀ ਵਿਚ ਆਪਣੇ ਜੀਵਨ ਦਾ ਅੰਤ ਕਰ ਦਿਆਂ, ਕਿਉਂਕਿ ਮੈਂ ਆਪਣੀ ਘਾਲ ਵਿਚ ਬਹੁਤ ਹੀ ਅਸਫਲ ਰਿਹਾ ਹਾਂ। ਸੋ ਇਸ ਖਿਆਲ ਨੂੰ ਲੈ ਕੇ ਉਨ੍ਹਾਂ ਗੰਗਾ ਵੱਲ ਧਾਈ ਕੀਤੀ ਤੇ ਆਪ ਗੰਗਾ ਦੇ ਕਿਨਾਰੇ ਪਹੁੰਚ ਗਏ। ਸੋਚਣ ਲਗੇ ਕਿ ਅਗਰ ਮੈਂ ਕੰਢੇ ਤੇ ਖੜਾ ਹੋ ਕੇ ਛਾਲ ਮਾਰਦਾ ਹਾਂ ਤਾਂ ਸ਼ਾਇਦ ਮੈਂ ਡੁਬ ਨਾ ਸਕਾਂ ਕਿਉਂਕਿ ਕੰਢੇ ਦੇ ਨੇੜੇ ਪਾਣੀ ਬਹੁਤ ਹੀ ਥੋੜ੍ਹਾ ਹੈ। ਸੋ ਮਨ ਵਿਚ ਵਿਚਾਰ ਆਈ ਕਿ ਚਲੋ ਕਿਸੇ ਬੇੜੇ ਤੇ ਬੈਠ ਜਾਂਦੇ ਹਾਂ ਤੇ ਜਦੋਂ ਉਹ ਬੇੜਾ ਦਰਿਆ ਦੇ ਅੱਧ ਵਿਚ ਪਹੁੰਚੇ ਤਦੋਂ ਛਾਲ ਮਾਰ ਕੇ ਆਪਣੇ ਪ੍ਰਾਣ ਅੰਤ ਕਰ ਲਵਾਂਗੇ। ਆਪ ਉਥੋਂ ਚਲ ਕੇ ਦਰਿਆ ਦੇ ਘਾਟ ਤੇ ਪਹੁੰਚੇ। ਉਥੇ ਬੇੜਾ ਚਲਣ ਨੂੰ ਤਿਆਰ ਸੀ। ਆਪ ਛਾਲ ਮਾਰ ਕੇ ਉਸ ਵਿਚ ਜਾ ਬੈਠੇ। ਉਨ੍ਹਾਂ ਨੇ ਬੇੜੇ ਤੇ ਝਾਤ ਪਾਈ ਤੇ ਕੀ ਤੱਕਿਆ ਕਿ ਦੂਜੇ ਪਾਸੇ ਉਹੀ ਮਹਾਤਮਾ ਬੈਠੇ ਸਨ, ਜਿਨ੍ਹਾਂ ਨੇ ਕਿ 12 ਸਾਲ ਪਹਿਲੇ 'ਮਹਾ ਮੂਰਖ' ਕਿਹਾ ਸੀ। ਭੀੜ ਨੂੰ ਲੰਘ ਕੇ ਸ੍ਰੀ ਗੌਰੰਗ ਸੁਆਮੀ ਉਸ ਮਹਾਤਮਾ ਦੇ ਪਾਸ ਚਲੇ ਗਏ ਤੇ ਚਰਨਾਂ ਤੇ ਚੌਫਾਲ ਡਿਗ ਪਏ ਤੇ ਭੁਬਾਂ ਮਾਰ ਕੇ ਰੋਣ ਲਗ ਪਏ। ਨਾਲ ਕਹੀ ਜਾਣ, "ਹੇ ਪ੍ਰਭੂ! ਮੈਂ ਘੋਰ ਮੂਰਖ ਹੂੰ। ਮੈਂ ਮਹਾ ਮੂਰਖ ਹੂੰ।12 ਸਾਲ ਕਠਿਨ ਘਾਲ ਘਾਲਨੇ ਪਰ ਭੀ ਮੁਝੇ ਏਕ ਅੱਖਰ ਰਾਮ ਕਾ ਨਾਮ ਯਾਦ ਨਹੀਂ ਹੂਆ। ਵੋਹ ਮੁਝੇ ਖਾਨੇ, ਪੀਨੇ, ਸੋਨੇ, ਚਲਨੇ ਪਰ ਭੂਲ ਜਾਤਾ ਹੈ। ਮੈਂ ਠੀਕ ਮਹਾ ਮੂਰਖ ਹੂੰ। ਕ੍ਰਿਪਾ ਕੀਜੀਏ, ਕ੍ਰਿਪਾ ਕੀਜੀਏ, ਕ੍ਰਿਪਾ ਕੀਜੀਏ।"

ਪ੍ਰਭੂ ਰੰਗ ਵਿਚ ਮਸਤ-ਅਲਮਸਤ ਸਾਧੂ ਦੇ ਰੱਬੀ ਨੈਣ ਖੁਲ੍ਹੇ। ਉਨ੍ਹਾਂ ਨੇ ਸ੍ਰੀ ਗੌਰੰਗ ਨੂੰ ਤੱਕਿਆ। ਸਾਰੀ ਵਾਰਤਾ ਜੋ ਬਾਰਾਂ ਸਾਲ ਪਹਿਲੇ ਲੰਘੀ ਸੀ ਉਹ ਅੱਖਾਂ ਦੇ ਸਾਹਮਣੇ ਆ ਗਈ ਤੇ ਕਹਿਣ ਲਗੇ- **'ਬੇਟਾ ਅਬ ਆਪ ਕੋ ਨਹੀਂ ਭੂਲੇਗਾ'** ਇਤਨੇ ਅੱਖਰਾਂ ਵਿਚ ਪਤਾ ਨਹੀਂ ਕੀ ਦਾਮਨਿਕ ਜਾਂ ਚੁੰਬਕੀ ਸ਼ਕਤੀ ਸੀ ਜੋ ਸ੍ਰੀ ਗੌਰੰਗ ਦੇ ਅੰਦਰ ਪ੍ਰਵੇਸ਼ ਕਰ ਗਈ, ਇਤਨੇ ਬਚਨ ਦੇ ਨਾਲ ਉਨ੍ਹਾਂ ਦੇ ਲੂੰ-ਲੂੰ ਵਿਚੋਂ ਰਾਮ ਦਾ ਨਾਮ ਨਿਕਲਣ ਲਗ ਪਿਆ, ਮਾਨੋ ਨਾਮ ਪ੍ਰਵੇਸ਼ ਕਰ ਗਿਆ। ਭਾਈ ਸਾਹਿਬ ਜੀ ਮਹਾਰਾਜ ਕਹਿਣ ਲੱਗੇ ਕਿ ਗੌਰੰਗ ਦੇ ਅੰਦਰ ਰੱਬ ਦੇ ਨਾਮ ਦੀ ਪ੍ਰਬਲਤਾ ਹੋ ਗਈ ਕਿ ਉਹ ਨਾਮ ਦੀ ਧੁਨੀ ਵਿਚ ਮਸਤ ਹੁੰਦੇ ਤਦੋਂ ਜੋ ਕੋਈ ਵੀ ਉਨ੍ਹਾਂ ਦੇ ਨਾਲ ਛੋਹ ਜਾਂਦਾ ਉਸ ਦੇ ਅੰਦਰ ਨਾਮ ਧਸ ਜਾਂਦਾ। ਮਹੰਤ ਕਰਮ ਚੰਦ ਜੀ ਬੜੀ ਉਚੀ ਉਨਮਨ ਅਵਸਥਾ ਵਿਚ ਟਿਕ ਕੇ ਸਤਿਪੁਰਸ਼ਾਂ ਦੇ ਬਚਨਾਂ ਨੂੰ ਸ੍ਰਵਣ ਕਰ ਰਹੇ ਸਨ। ਉਨ੍ਹਾਂ ਦੇ ਅੰਦਰ ਬੇਖੁਦੀ ਦੀ ਹਾਲਤ ਪੈਦਾ ਹੋ ਗਈ। ਪੂਰਨ ਰਸ ਵਿਚ ਪੂਰਤ ਹੋ ਕੇ ਵਿਦਾ ਹੋਏ।

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ

ਸ੍ਰੀਮਾਨ ਸੰਤ ਭਾਈ ਸਜਣ ਸਿੰਘ ਜੀ ਨੂੰ ਬਹੁਤ ਸਾਰਾ ਸਮਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਦੀ ਪਵਿੱਤਰ ਸੰਗਤ ਦਾ ਮਿਲਿਆ। ਗੁਰਮੁਖ ਸ੍ਰੀਮਾਨ ਭਾਈ ਸਾਹਿਬ ਜੀ ਮਹਾਰਾਜ ਆਪਣੇ ਨਿਜੀ ਜੀਵਨ ਬਾਬਤ ਬਹੁਤ ਘਟ ਬੋਲਦੇ ਸਨ ਕਿਉਂਕਿ ਉਨ੍ਹਾਂ ਦੇ ਮਨ ਦੀ ਇਹ ਸਦਾ ਹੀ ਤੜਫ ਰਹੀ ਕਿ ਮੈਂ ਛੁਪਿਆ ਰਹਾਂ। ਆਪ ਨੇ ਆਪਣੀ ਲਿਖਤ ਵਿਚ ਵੀ ਲਿਖਿਆ ਹੈ ਕਿ "ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ। ਹਾ! ਪੂਰੀ ਹੁੰਦੀ ਨਾਹਿ ਮੈਂ ਤਰਲੇ ਲੈ ਰਿਹਾ।" ਪਰ ਕਦੇ ਕਦੇ ਅਗੰਮੀ ਵੇਗ ਵਿਚ ਆਪ ਦੀ ਰਸਨਾ ਤੋਂ ਆਪਣੇ ਸਵੈ ਜੀਵਨ ਦੀ ਬਾਬਤ ਕੁਝ ਬਚਨ ਸੁਤੇ ਸਿੱਧ ਹੀ ਹੋ ਜਾਂਦੇ ਸਨ। ਸੋ ਸੰਤ ਭਾਈ ਸਜਣ ਸਿੰਘ ਜੀ ਨੇ ਭਾਈ ਸਾਹਿਬ ਜੀ ਦੇ ਅਨੰਤ ਸੰਖਸ਼ਿਪਤ ਬਚਨ ਆਪਣੀਆਂ ਨੋਟ-ਬੁੱਕਾਂ ਤੇ ਲਿਖੇ। ਪ੍ਰੰਤੂ ਉਨਾਂ ਦਾ ਵਿਸਤਾਰ ਉਹ ਪ੍ਰਚਾਰ ਦੇ ਭੀੜੇ ਕਰ ਕੇ ਲਿਖ ਨਾ ਸਕੇ। ਆਪ ਆਪਣੀ ਨੋਟ-ਬੁੱਕ ਵਿਚ ਇਕ ਬਚਨ ਇਸ ਤਰ੍ਹਾਂ ਭਾਈ ਸਾਹਿਬ ਬਾਬਤ ਲਿਖਦੇ ਹਨ :-

ਮੈਂ ਛੋਟੇ ਹੁੰਦਿਆਂ ਚੌਂਕੇ ਵਿਚ ਬੈਠ ਕੇ ਪ੍ਰਸ਼ਾਦ ਛਕ ਰਿਹਾ ਸਾਂ। ਮੇਰੇ ਮਾਤਾ ਜੀ ਮੇਰੇ ਪਾਸ ਬੈਠੇ ਸਨ। ਉਨ੍ਹਾਂ ਦਾ ਨਾਮ ਮਾਤਾ ਉੱਤਮ ਕੌਰ ਜੀ ਸੀ।ਆਪ ਮੇਰੇ ਵੱਲ ਤਕਦੇ ਵੀ ਜਾਣ ਤੇ ਮੁੜ ਮੁੜ ਪੜ੍ਹੀ ਜਾਣ "ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥" ਮੈਂ ਆਪਣੀ ਮਾਤਾ ਜੀ ਤੋਂ ਇਨ੍ਹਾਂ ਅੱਖਰਾਂ ਦਾ ਭਾਵ ਪੁੱਛਿਆ ਤਾਂ ਮੇਰੇ ਮਾਤਾ ਜੀ ਨੇ ਕਿਹਾ ਕਿ ਬੇਟਾ ਵਾਹਿਗੁਰੂ ਮਾਲਕ ਹੈ ਅਤੇ ਉਹ ਸਚਾ ਸਾਹਿਬ ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ ਜਿਵੇਂ ਕਿ ਕਾਮਧੇਨੁ (ਗਊ)। ਮਾਤਾ ਦੇ ਬਚਨਾਂ ਨੂੰ ਸੁਣ ਕੇ ਇਹ ਗੱਲ ਮੈਂ ਅੰਦਰ ਪਾ ਲਈ ਤੇ ਇਸ ਤੁਕ ਨੂੰ ਵੀ ਪਕਾ ਲਿਆ।

ਬਸੰਤ ਦੀ ਮੌਸਮ ਸੀ। ਮੈਂ ਕੋਠੇ ਤੇ ਮੁੰਡਿਆਂ ਨੂੰ ਗੁੱਡੀਆਂ ਉਡਾਂਦਿਆਂ ਤਕਿਆ। ਮੈਂ ਵੀ ਕੋਠੇ ਤੇ ਚੜ੍ਹ ਗਿਆ। ਰੰਗਾ ਰੰਗ ਦੀਆਂ, ਵੰਨੋ ਵੰਨ ਦੀਆਂ ਗੁੱਡੀਆਂ ਨੂੰ ਉਡਦਿਆਂ ਤਕਿਆ। ਤਾਂ ਮੇਰੇ ਅੰਦਰ ਵੀ ਇੱਛਾ ਫੁਰੀ ਕਿ ਮੈਂ ਵੀ ਗੁੱਡੀ ਉਡਾਵਾਂ। ਉਸ ਵੇਲੇ ਮੈਨੂੰ ਆਪਣੀ ਮਾਤਾ ਦੇ ਬਚਨ ਚੇਤੇ ਆ ਗਏ ਕਿ ਜਦੋਂ ਇਹ ਸ਼ਬਦ "ਇਛਾ ਪੂਰਕੁ ਸਰਬ ਸੁਖ ਦਾਤਾ ਹਰਿ" ਪੜ੍ਹੀਦਾ ਹੈ, ਤਦੋਂ ਸਾਂਈਂ ਤੋਂ ਜੋ ਮੰਗੀਏ ਮਿਲ ਜਾਂਦਾ ਹੈ। ਸੋ ਮੈਂ ਇਸ ਸ਼ਬਦ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਦੋ ਤਿੰਨ ਮਿੰਟ ਹੀ ਬੀਤੇ ਕਿ ਇਕ ਲੜਕੇ ਨੇ ਦੂਜੇ ਲੜਕੇ ਦੀ ਗੁੱਡੀ ਨੂੰ ਕਾਟਾ ਲਾਇਆ। ਗੁੱਡੀ ਕਟ ਗਈ ਤੇ ਕਟੀ ਹੋਈ ਗੁੱਡੀ ਦੀ ਡੋਰ ਮੇਰੇ ਹੱਥ ਵਿਚ ਆ ਗਈ। ਮੈਂ ਅਦਭੁਤ ਹੋ ਗਿਆ ਕਿ ਸਤਿਗੁਰੂ ਦੀ ਬਾਣੀ ਵਿਚ ਕਿਤਨੀ ਮਹਾਨ ਸ਼ਕਤੀ ਅਤੇ ਕਿਤਨੀ ਤਾਕਤ ਹੈ।

ਛਿਨਾਂ ਵਿਚ ਉਹ ਲੜਕੇ ਦੌੜ ਕੇ ਮੇਰੇ ਕੋਠੇ ਤੇ ਆ ਗਏ ਤੇ ਕਹਿਣ ਲਗੇ ਕਿ, "ਇਹ ਡੋਰ ਤੇ ਇਹ ਪਤੰਗ ਸਾਡਾ ਹੈ।" ਇਤਨੇ ਚਿਰ ਵਿਚ ਮੇਰੇ ਪਿਤਾ, ਡਾਕਟਰ ਸਾਹਿਬ ਵੀ ਉੱਪਰ ਆ ਗਏ ਤੇ ਕਹਿਣ ਲਗੇ, "ਬੇਟਾ ! ਇਹ ਪਰਾਈ ਚੀਜ਼ ਹੈ ਅਸਾਂ ਨਹੀਂ ਲੈਣੀ।" ਸੋ ਮੈਂ ਉਨ੍ਹਾਂ ਨੂੰ ਡੋਰ ਤੇ ਗੁੱਡੀ ਦੇ ਦਿੱਤੀ ਤੇ ਪਿਤਾ ਜੀ ਨੇ ਮੈਨੂੰ ਆਪਣੇ ਪਾਸੋਂ ਪੈਸੇ ਦਿੱਤੇ ਤੇ ਕਹਿਣ ਲਗੇ, "ਬੇਟਾ! ਤੂੰ ਜਾ ਕੇ ਆਪਣੀ ਡੋਰ ਤੇ ਪਤੰਗ ਖਰੀਦ ਲਿਆ।" ਇਸ ਕ੍ਰਿਸ਼ਮੇ ਨੇ ਮੇਰੇ ਮਨ ਤੇ ਬੜਾ ਹੀ ਡੂੰਘਾ ਅਸਰ (ਜੀਵਨ ਭਰ ਵਿਚ) ਕੀਤਾ। ਸਤਿਗੁਰੂ ਜੀ ਦੀ ਬਾਣੀ ਦੀ ਮਹਾਨ ਸ਼ਕਤੀ ਮੇਰੇ ਮਾਤਾ ਜੀ ਦੇ ਅੱਖਰਾਂ ਨੇ ਮੇਰੇ ਮਨ ਤੇ ਉਕਰ ਦਿੱਤੀ ਅਤੇ ਪਿਤਾ ਜੀ ਦੀ ਸਮਝੌਤੀ ਨੇ ਸਦਾ ਹੀ ਮੈਨੂੰ ਪਰਾਈ ਚੀਜ਼ ਨੂੰ ਲੈਣ ਤੋਂ ਰੋਕ ਦਿੱਤਾ। ਇਹ ਦੋਨੋਂ ਹੀ ਦੈਵੀ ਗੁਣ ਮੇਰੇ ਜੀਵਨ ਦਾ ਨਾ ਨਿਖੜਨ ਵਾਲਾ ਅੰਗ ਹੋ ਗਏ ਅਤੇ ਇਨ੍ਹਾਂ ਨੇ ਮੈਨੂੰ ਸੁੱਖ ਬਖਸ਼ਿਆ।

ਜਾਗਤ ਜੋਤਿ ਜਪੈ ਨਿਸ ਬਾਸੁਰ

ਇਕ ਵਾਰ ਇਕ ਸੱਜਣ ਨਾਲ ਵਿਚਾਰ ਵਟਾਂਦਰਾ ਕਰਦਿਆਂ ਵਿਚਾਰ ਇਸ ਨੁਕਤੇ ਤੇ ਚਲੀ ਗਈ ਕਿ ਸਿੱਖ ਜਨਤਾ ਵਿਚ ਨਾਮ ਖਿਆਲ ਮਾਤਰ ਹੀ ਰਹਿ ਗਿਆ ਹੈ, ਹਾਲਾਂ ਕਿ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸਿੱਖ ਦੀ ਰੂਪ-ਰੇਖਾ ਖਿਚਦਿਆਂ ਪਹਿਲਾ ਅੱਖਰ ਇਹੀ ਕਿਹਾ ਹੈ:

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥"

ਨਾਮ ਕੀ ਹੈ ? ਸਿੱਖ ਧਰਮ ਵਿਚ, ਸਤਿਗੁਰੂ ਜੀ ਨੇ ਸਾਨੂੰ ਨਾਮ ਅੱਖਰਾਂ ਵਾਲਾ ਬਖਸ਼ਿਆ ਹੈ। ਆਪ ਫੁਰਮਾਂਦੇ ਹਨ "ਅਖਰੀ ਨਾਮੁ ਅਖਰੀ ਸਾਲਾਹ॥" ਸੋ ਨਾਮ ਹੋਰ ਕਿਸੇ ਰੂਪ ਵਿਚ ਵੀ ਸਿੱਖ ਧਰਮ ਵਿਚ ਪ੍ਰਵਾਨ ਨਹੀਂ।

ਨਾਮ ਪ੍ਰਾਪਤੀ ਦੇ ਸਾਧਨ:-

ਗੁਰੂ ਸਾਹਿਬ ਦੇ ਸਮੇਂ ਨਾਮ ਦੇ ਦਾਤੇ ਸਤਿਗੁਰੂ ਜੀ ਆਪ ਸਨ। ਕੁਝ ਸਮੇਂ ਮਗਰੋਂ ਜਦੋਂ ਗੁਰੂ ਨਾਨਕ ਚਰਨਾਂ ਦੇ ਪੁਜਾਰੀ ਬਹੁਤ ਹੋ ਗਏ ਤਾਂ ਉਨ੍ਹਾਂ ਨੇ ਨਾਮ ਧਰੀਕ ਕਰਨ ਲਈ ਕਈ ਗੁਰਸਿੱਖਾਂ ਨੂੰ ਤੇ ਗੁਰਮੁਖਾਂ ਨੂੰ ਨਿਯੁਕਤ ਕੀਤਾ। ਇਹ ਪੂਰਨ ਪਦਵੀ ਤੇ ਪਹੁੰਚੇ ਹੋਏ ਮਹਾਂਪੁਰਸ਼ ਹੁੰਦੇ ਸਨ। ਇਨ੍ਹਾਂ ਦੀ ਪਦਵੀ ਮਹਾਰਾਜ ਨੇ ਇਤਨੀ ਉੱਚੀ ਦੱਸੀ ਕਿ ਆਪ ਫੁਰਮਾਂਦੇ ਹਨ :-

"ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥"

ਦੱਸਵੇਂ ਪਾਤਸ਼ਾਹ ਨੇ ਆਪਣੇ ਸਮੇਂ ਵਿਚ ਨਾਮ ਦੀ ਦਾਤ ਇਕ ਵਿਅਕਤੀ ਨੂੰ ਛੱਡ ਕੇ ਪੰਜ ਪਿਆਰਿਆਂ ਵਿਚ ਰੱਖ ਦਿੱਤੀ। ਅੰਮ੍ਰਿਤ ਦੀ ਮਰਯਾਦਾ ਵਿਚ ਸਭ ਤੋਂ ਮੁੱਖ ਚੀਜ਼ ਜੋ ਹੈ, ਉਹ ਨਾਮ ਦੀ ਦੀਕਸ਼ਾ ਹੈ ਅਤੇ ਇਹ ਹਰੇਕ ਲਈ ਜ਼ਰੂਰੀ ਹੈ ਕਿ ਗੁਰੂ ਦੀਕਸ਼ਤ ਹੋ ਕੇ ਨਾਮ ਦੇ ਮਾਰਗ ਤੇ ਚਲੇ। ਨਾਮ ਦੀ ਪਹਿਲੀ ਪਉੜੀ 'ਨਾਮ-ਜਪ' ਹੈ।

ਨਾਮ ਜਪ ਕੀ ਹੈ ?

ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਨੇ ਆਪਣੇ ਦਿਵਯ-ਗਿਆਨ ਦਾ ਸੋਮਾ ਸ੍ਰੀ ਜਪੁ ਜੀ ਸਾਹਿਬ ਦੀ ਬਾਣੀ ਰਚੀ। ਇਸ ਬਾਣੀ ਵਿਚ ਜੋ, ਸਿੱਖ ਧਰਮ ਲਈ ਮੂਲ ਹੁਕਮ ਹਨ, ਉਨ੍ਹਾਂ ਦਾ ਜ਼ਿਕਰ ਕੀਤਾ ਹੈ।

ਨਾਮ ਦੀ ਬਾਬਤ ਆਪ ਨੇ ਕਈ ਪਉੜੀਆਂ ਵਿਚ ਵਰਣਨ ਕੀਤਾ ਹੈ, ਪ੍ਰੰਤੂ ਸਾਧਨ ਰੂਪ ਵਿਚ, ਕਿ ਕਿਵੇਂ ਗੁਰਸਿੱਖ ਨੇ ਇਸ ਨਾਮ ਦੀ ਘਾਲ ਘਾਲਣੀ ਹੈ, ਉਸ ਦਾ ਜ਼ਿਕਰ ਮਹਾਰਾਜ ਨੇ ਇਦਾਂ ਕੀਤਾ ਹੈ :-

"ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥"

(ਸ੍ਰੀ ਜਪੁ ਜੀ ਸਾਹਿਬ)

ਆਪ ਜੀ ਨੇ ਇਕੋ ਹੀ ਤਰੀਕਾ ਗੁਰਸਿੱਖ ਨੂੰ ਦੱਸਿਆ ਕਿ "ਲਖੁ ਲਖੁ ਗੇੜਾ ਆਖੀਅਹਿ ਏਕ ਨਾਮੁ ਜਗਦੀਸ॥" ਅਰਥਾਤ ਮੂੰਹ ਦੇ ਨਾਲ ਤੂੰ ਲਖਾਂ ਗੇੜੇ ਰੱਬ ਦੇ ਨਾਮ ਦੇ ਲਗਾ। ਸੋ ਜਿਸ ਨੇ ਨਾਮ ਦੀ ਬ੍ਰਹਮ ਵਿਦਿਆ ਨੂੰ ਸਮਝਣਾ ਹੈ, ਉਹ ਜਗਿਆਸੂ ਆਪਣੀ ਘਾਲ ਇਥੋਂ ਆਰੰਭ ਕਰੇ ਅਤੇ ਬਹੁਤ ਸਾਰਾ ਸਮਾਂ ਇਸ ਘਾਲ ਤੇ ਲਗਾਏ। ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਤੇ ਗੁਰਮੁਖਾਂ ਦੇ ਵਿਚਾਰ ਅਨੁਸਾਰ ਨਾਮ ਜਪ ਕਹਿੰਦੇ ਹਨ।

ਇਸ ਦੀ ਬਾਬਤ ਹੀ ਉਨ੍ਹਾਂ ਨੇ ਕਿਹਾ ਹੈ–

"ਜਪਿ ਜਨ ਸਦਾ ਸਦਾ ਦਿਨੁ ਰੈਣੀ॥
ਸਭ ਤੇ ਊਚ ਨਿਰਮਲ ਇਹ ਕਰਣੀ॥"

ਜੋ ਸਿੱਖ ਜਗਿਆਸੂ, ਇਸ ਘਾਲ ਨੂੰ ਲੰਮੇ ਸਮੇਂ ਤਕ ਜਾਰੀ ਰਖੇਗਾ, ਉਸ ਦੇ ਅੰਦਰ ਸਮਾਂ ਪਾ ਕੇ ਇਕ ਅੱਖਰੀ ਨਾਮ ਯਾ ਸ਼ਾਸਤਰਕ ਬੋਲੀ ਵਿਚ "ਬੈਖਰੀ-ਨਾਮ", ਰਸ ਪੈਦਾ ਕਰੇਗਾ।

ਮਹਾਰਾਜ ਨੇ ਆਪਣੀ ਬਾਣੀ ਵਿਚ ਵੀ ਇਹ ਲਿਖਿਆ ਹੈ ਕਿ ਜਿਹੜਾ ਸਤਿਗੁਰੂ ਦਾ ਪਿਆਰਾ ਰਸਨਾ ਦੇ ਉੱਪਰ ਨਾਮ ਦਾ ਰੇੜਕਾ ਪਾਏਗਾ ਉਸ ਨੂੰ ਅੰਮ੍ਰਿਤ ਰਸ ਪ੍ਰਾਪਤ ਹੋਵੇਗਾ ਅਰਥਾਤ "ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥"

ਹਰੇਕ ਇਨਸਾਨ ਚਾਹੁੰਦਾ ਹੈ ਕਿ ਭਜਨ ਵੇਲੇ, ਪਾਠ ਵੇਲੇ, ਕੀਰਤਨ ਵੇਲੇ, ਸਤਿਸੰਗ ਵੇਲੇ ਮੇਰਾ ਮਨ ਇਕਾਗਰ ਹੋਵੇ। ਉਸ ਇਕਾਗਰਤਾ ਦੇ ਪੈਦਾ ਕਰਨ ਲਈ ਕਈ ਸਾਧਨ ਮਹਾਤਮਾ ਦੱਸਦੇ ਹਨ। ਕਈ ਦੱਸਦੇ ਹਨ ਕਿ ਸ਼ਬਦ ਅਤੇ ਸੁਰਤ ਦਾ ਸੰਜੋਗ। ਕਈ ਦਸਦੇ ਹਨ, ਸੁਆਸਾਂ ਨਾਲ ਭਜਨ ਕਰਨਾ। ਪ੍ਰੰਤੂ ਇਹ ਸਾਧਨ ਇਕ ਕਾਰੋਬਾਰ ਕਰਨ ਵਾਲੇ ਵਿਹਾਰੀ ਸਿੱਖ ਲਈ ਸਫਲ ਹੋਣੇ ਮੁਸ਼ਕਲ ਹਨ। ਸਤਿਗੁਰੂ ਦਾਤੇ ਨੇ ਆਪਣੀ ਬਾਣੀ ਵਿਚ ਦੱਸਿਆ ਹੈ ਕਿ ਜਦੋਂ ਰਸਨਾ-ਨਾਮ ਨਾਲ, ਅੰਮ੍ਰਿਤ ਰਸ ਪ੍ਰਾਪਤ ਹੋ ਗਿਆ ਤਦੋਂ ਉਸ ਮਹਾਨ ਰਸ ਨੂੰ ਮਨ ਪੀਂਦਾ ਹੈ ਤੇ ਪੀ ਕੇ ਫਿਰ ਇਹ ਮਸਤ ਅਲਮਸਤ ਰਹਿੰਦਾ ਹੈ। ਆਪ ਆਸਾ ਰਾਗ ਵਿਚ ਫੁਰਮਾਂਦੇ ਹਨ "ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ॥" ਮਨ ਦੀ ਸਰਸਤਾ, ਮਨ ਦੀ ਪਵਿੱਤਰਤਾ, ਅਵਗੁਣ ਦਾ ਨਿਕਾਸ ਤੇ ਗੁਣਾਂ ਦਾ ਵਿਕਾਸ ਇਸ ਸਾਧਨ ਨਾਲ ਸੁਤੇ ਸਿਧ ਪ੍ਰਾਪਤ ਹੋ ਜਾਂਦਾ ਹੈ।

ਅੰਤ ਵਿਚ ਇਹ ਨਾਮ ਇਕ ਪਦਾਰਥ ਦਾ ਰੂਪ ਬਣ ਜਾਂਦਾ ਹੈ ਤੇ ਨਹੁੰਆਂ ਤੋਂ ਲੈ ਕੇ ਚੋਟੀ ਤਕ ਨਾਮ ਦਾ ਸਾਧਕ, ਮਾਲਾਮਾਲ ਹੋ ਜਾਂਦਾ ਹੈ। ਮਨ ਅੰਦਰ ਇਹ ਅਵਸਥਾ ਸਦਾ ਹੀ ਵਾਪਰੀ ਰਹਿੰਦੀ ਹੈ: "ਏਕ ਓਟ ਏਕੋ ਆਧਾਰੁ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥"

ਗੁਰਮੁਖ ਸਉ ਕਰਿ ਦੋਸਤੀ

(ਮਾਤਾ ਗੌਰੀ)

ਜਿਸ ਤਰ੍ਹਾਂ ਇਨਸਾਨ ਨੂੰ ਸਰੀਰ ਦੀ ਭੁੱਖ ਕਿਤੇ ਵੀ ਟਿਕਣ ਨਹੀਂ ਦਿੰਦੀ, ਇਸੇ ਤਰ੍ਹਾਂ ਆਤਮਾ ਦੀ ਭੁੱਖ ਵੀ ਕਿਤੇ ਸਰੀਰ ਨੂੰ ਆਰਾਮ ਨਹੀਂ ਕਰਨ ਦਿੰਦੀ। ਆਤਮ ਤੜਫ ਵਾਲੇ ਲੋਗਾਂ ਦੀ ਬਾਬਤ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗੁਰਬਾਣੀ ਵਿਚ ਫੁਰਮਾਇਆ ਹੈ : "ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥" ਪਿਸ਼ੌਰ ਦੀ ਰਹਿਣ ਵਾਲੀ ਇਕ ਮਾਤਾ ਗੌਰੀ, ਸਾਈਂ ਦੇ ਸਿਰ ਤੋਂ ਚਲੇ ਜਾਣ ਕਰ ਕੇ ਸਤਿਸੰਗ ਦੀ ਭਾਲ ਵਿਚ ਲਗੀ। ਸਤਿਸੰਗ ਇਸ ਸੰਸਾਰ ਦੇ ਵਿਚ ਬੜੀ ਦੁਰਲਭ ਚੀਜ਼ ਹੈ। ਇਸ ਦੀ ਪ੍ਰਾਪਤੀ ਵੀ ਮਹਾਨ ਭਾਗਾਂ ਵਾਲਿਆਂ ਨੂੰ ਹੁੰਦੀ ਹੈ। ਆਖਿਰ ਮਾਤਾ ਗੌਰੀ ਨੂੰ ਸਤਿਸੰਗ ਦੀ ਪ੍ਰਾਪਤੀ ਹੋਈ ਤੇ ਸ੍ਰੀ ਭਾਈ ਸਾਹਿਬ ਜੀ ਮਹਾਰਾਜ ਨੇ ਹੁਕਮ ਕੀਤਾ ਕਿ, "ਗੌਰੀ! ਮਨੁੱਖਾ ਜਨਮ ਇਕ ਬੜੀ ਅਮੋਲਕ ਦਾਤ ਹੈ। ਇਸ ਨੂੰ ਸਫਲ ਕਰਨਾ ਹੈ। ਇਹ ਸਫਲਾ ਨਾਮ ਅਤੇ ਬਾਣੀ ਨਾਲ ਹੁੰਦਾ ਹੈ। ਗੁਰਬਾਣੀ ਜਨਮਾਂ ਜਨਮਾਤਰਾਂ ਦੀ ਕਾਲਖ ਉਤਾਰਦੀ ਹੈ ਅਤੇ ਨਾਮ ਉਸ ਨੂੰ ਪ੍ਰੇਮ ਰੰਗ ਵਿਚ ਰੰਗ ਦਿੰਦਾ ਹੈ। ਸੋ ਇਸ ਲਈ ਤੂੰ 25 ਜਪੁ ਜੀ ਸਾਹਿਬ ਦੇ ਪਾਠ ਹਰ ਰੋਜ਼ ਕੀਤਾ ਕਰ।"

ਆਪ ਜੀ ਦਸਦੇ ਸਨ ਕਿ ਸੱਚੀ ਲਗਨ ਵਾਲੇ ਬੰਦਿਆਂ ਨੂੰ ਇਕ ਇਸ਼ਾਰਾ ਹੀ ਕਾਫੀ ਹੁੰਦਾ ਹੈ। ਬਹੁਤੀ ਸਿਰਦਰਦੀ ਦੀ ਲੋੜ ਨਹੀਂ ਹੁੰਦੀ। ਮਾਤਾ ਗੌਰੀ ਬਚਨ ਲੈ ਕੇ ਲਗ ਪਈ, ਤੇ ਕਿਤਨੇ ਸਾਲ ਲਗੀ ਰਹੀ। ਉਸ ਨੇ ਕਦੇ ਫਿਰ ਨਹੀਂ ਕਿਹਾ ਕਿ ਬਸ ਕਰਾਂ, ਜਾਂ ਹੋਰ ਕਰਾਂ, ਜਾਂ ਕਿਤਨਾ ਅਰਸਾ ਹੋਰ ਕਰਨਾ ਹੈ। ਉਹ ਲਗੀ ਹੀ ਲਗੀ ਰਹੀ।

ਸ੍ਰੀ ਭਾਈ ਸਾਹਿਬ ਨੇ ਇਕ ਦਿਨ ਫੁਰਮਾਇਆ, ਕਿ ਗੌਰੀ ਕੁਝ ਚਿਰ ਪੰਜੀ ਪਾਠ ਸ੍ਰੀ ਜਪੁ ਜੀ ਸਾਹਿਬ ਦੇ ਕਰਦੀ ਰਹੀ। ਜਦੋਂ ਫਿਰ ਸਾਨੂੰ ਮਿਲੀ ਤਾਂ ਅਸੀਂ ਪੁੱਛਿਆ, "ਗੌਰੀ ਪਾਠ ਕਰਦੀ ਹੁੰਦੀ ਹੈਂ ?" ਆਖਣ ਲਗੀ, "ਹਾਂ ਜੀ। ਪਰ ਜਦੋਂ ਕੁਝ ਰਹਿ ਜਾਣ ਤਾਂ ਨੋਟ ਕਰ ਲੈਂਦੀ ਹਾਂ ਤੇ ਫਿਰ ਕਰ ਲੈਂਦੀ ਹੈ।" ਅਸੀਂ ਆਖਿਆ, "ਹੁਣ ਸਿਰਫ ਇਕ ਪਾਠ ਨਿਤਨੇਮ ਦਾ ਕੀਤਾ ਕਰ।" ਆਖਣ ਲਗੀ, "ਜੀ! ਜੋ ਕੁਝ ਰਹਿੰਦੇ ਹਨ ਤੇ ਨੋਟ ਕੀਤੇ ਹੋਏ ਹਨ, ਉਹ ਕਰ ਲਵਾਂ।" ਅਸੀਂ ਕਿਹਾ, "ਉਹ ਭੀ ਰਹਿਣ ਦੇ।"

ਜਿਸ ਬੀਬੀ ਨੇ ਗੌਰੀ ਜੀ ਨੂੰ ਮਹਾਪੁਰਸ਼ਾਂ ਦੀ ਸੰਗਤ ਵਿਚ ਲਿਆਂਦਾ ਸੀ, ਉਸ ਨੇ ਇਕ ਦਿਨ ਗੌਰੀ ਨੂੰ ਪੁਛਿਆ, "ਗੌਰੀਏ ਅੱਜਕੱਲ੍ਹ ਬੜੇ ਚਿਟੇ ਤੇ ਸੁਹਣੇ ਕੱਪੜੇ ਪਾਂਦੀ ਹੈਂ, ਕੀ ਹੋਰ ਵਿਆਹ ਕਰਾ ਲਿਆ ਹਈ ?" ਤਾਂ ਗੌਰੀ ਨੇ ਕਿਹਾ,

"ਹਾਂ ਜੀ ਕਰਾ ਲਿਆ ਹੈ।" ਜਦੋਂ ਬੀਬੀ ਨੇ ਕਿਹਾ ਕਿ, "ਭੈੜੀਏ! ਮੈਨੂੰ ਦੱਸਿਆ ਪੁਛਿਆ ਹੀ ਨਹੀਓਂ।" ਤਾਂ ਗੌਰੀ ਨੇ ਕਿਹਾ ਕਿ, "ਤੁਸੀਂ ਆਪ ਤਾਂ ਕਰ ਦਿੱਤਾ ਹੈ।" ਬੀਬੀ ਹੈਰਾਨ ਹੋ ਕੇ ਆਖਣ ਲੱਗੀ, "ਮੈਂ ਤੈਨੂੰ ਕਿਹੜਾ ਖਸਮ ਲੈ ਦਿੱਤਾ ਹੈ ?" ਤਾਂ ਗੌਰੀ ਜੀ ਨੇ ਕਿਹਾ, "ਇਹ ਜੋ ਚਾਰ ਅੱਖਰਾ (ਵਾਹਿਗੁਰੂ) ਖਸਮ ਲੈ ਦਿੱਤਾ ਹੈ ਨੇ, ਇਹ ਹੁਣ ਅੰਦਰ ਬੈਠਾ ਹੈ, ਇਹ ਆਖਦਾ ਹੈ, ਕੱਪੜੇ ਸਾਫ ਪਾ, ਮੈਂ ਸਾਫ਼ ਪਾ ਲੈਂਦੀ ਹਾਂ।"

ਇਕ ਦਿਨ, ਇਹ ਬੀਬੀ, ਸ੍ਰੀ ਅੰਮ੍ਰਿਤਸਰ, ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਈ। ਨਿਵਾਸ ਉਸ ਨੇ ਗੁਰਮੁਖ ਭਾਈ ਸਾਹਿਬ ਜੀ ਦੇ ਅਸਥਾਨ ਤੇ ਹੀ ਕੀਤਾ। ਤੜਕੇ ਹੀ ਹਰਿਮੰਦਰ ਸਾਹਿਬ, ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੀ ਚਰਨ ਸ਼ਰਨ ਜਾ ਬਹਿਣਾ। ਇਲਾਹੀ ਕੀਰਤਨ ਦੇ ਰਸ ਨੂੰ ਮਾਣਨਾ। 9-10 ਵਜੇ ਵਾਪਸ ਆਉਣਾ।

ਭਾਈ ਸਾਹਿਬ ਜੀ ਮਹਾਰਾਜ ਦੇ ਅਸਥਾਨ ਤੇ ਇਕ ਦਿਨ ਲੌਢੇ ਵੇਲੇ ਬਹੁਤ ਹੀ ਸੱਜਣ ਮਿੱਤਰ ਆ ਗਏ। ਗੌਰੀ ਉੱਪਰੋਂ ਰਸੋਈ ਤੋਂ ਚਾਹ ਲੈਣ ਗਈ ਤੇ ਚਾਹ ਦੀ ਕੇਤਲੀ ਤੇ ਪੀਣ ਲਈ ਪਿਆਲੇ ਹੇਠਾਂ ਲਿਆ ਰਹੀ ਸੀ ਕਿ ਹੱਥ ਵਿਚੋਂ ਛੁੱਟ ਗਈ। ਗਰਮਾ ਗਰਮ ਚਾਹ ਦੇ ਪਾਣੀ ਨਾਲ ਲੂਹੀ ਗਈ ਪਰ ਹੱਸਦੀ ਰਹੀ। ਇੰਨੀ ਨਾਮ ਦੀ ਰੰਗਣ ਸੀ।

ਨਾਮ ਦੀ ਰੰਗਣ ਨਾਲ ਹੀ ਸੁੱਖ ਤੇ ਦੁੱਖ ਸਮ ਨਜ਼ਰ ਆਉਂਦੇ ਹਨ। ਉਹ ਦਵੰਦ ਤੋਂ ਨਿਰਲੇਪ ਹੋ ਜਾਂਦਾ ਹੈ। ਰੱਬ ਦੇ ਨਾਮ ਦਾ ਕੰਮ ਵੀ ਇਹੀ ਹੈ ਕਿ ਉਹ ਮਨ ਨੂੰ ਬੈਲੈਂਸ (Balance) ਵਿਚ ਕਰ ਦਿੰਦਾ ਹੈ। ਪਰ ਨਾਮ ਦੀ ਘਾਲ ਗੁਰਮੁਖ ਦੇ ਸਤਿਸੰਗ ਤੋਂ ਬਿਨਾ ਸਿਰੇ ਨਹੀਂ ਚੜ੍ਹਦੀ। ਗੁਰਮੁਖ ਕਦੇ ਵੀ ਗੁਰੂ ਨਹੀਂ ਬਣਦਾ। ਉਹ ਆਪਣੇ ਆਪ ਨੂੰ ਸਦਾ ਸਿੱਖ ਹੀ ਰਖੇਗਾ ਤੇ ਸਿੱਖ ਬਣ ਕੇ ਹੀ ਜੀਵਨ ਨੂੰ ਸਫਲ ਕਰੇਗਾ। ਇਸ ਕਰ ਕੇ ਬਾਣੀ ਵਿਚ ਗੁਰਦੇਵ ਦਾਤੇ ਨੇ ਤਾਕੀਦ ਕੀਤੀ ਹੈ ਤੇ ਹੁਕਮ ਕੀਤਾ ਹੈ, "ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥"

ਮੁਸਕਿ ਝਕੋਲਿਆ

ਜਦੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਦੀ ਬਾਣੀ ਨੂੰ ਵੀਚਾਰੀਏ ਤਾਂ ਪਤਾ ਲੱਗਦਾ ਹੈ ਕਿ ਸਤਿਗੁਰੂ ਨੇ ਰੂਹਾਨੀ ਮੰਡਲ ਤੇ ਜੋ ਰੂਹ ਚੱਲ ਰਹੀ ਹੈ ਉਸ ਦੀਆਂ ਵੱਖੋ ਵੱਖ ਹਾਲਤਾਂ ਦਾ ਗੁਰਬਾਣੀ ਵਿਚ ਜ਼ਿਕਰ ਕੀਤਾ ਹੈ। ਗੁਰੂ ਨਾਨਕ ਪਾਤਿਸ਼ਾਹ ਦੇ ਰਸਤੇ ਤੇ ਚੱਲਣ ਵਾਲੀ ਹਰੇਕ ਰੂਹ ਦਾ ਸਾਧਨ 'ਅੱਖਰੀ-ਨਾਮ' ਹੈ। ਨਾਮ ਰਾਹੀਂ ਜਪ, ਨਾਮ ਰਾਹੀਂ ਸਿਮਰਨ, ਨਾਮ ਰਾਹੀਂ ਧਿਆਨ, ਨਾਮ ਰਾਹੀਂ ਲਿਵ, ਇਨ੍ਹਾਂ ਸਾਰਿਆਂ ਹੀ ਮੰਜਲਾਂ ਵਿਚ ਨਾਮ ਦੀ ਵਿਸ਼ੇਸ਼ਤਾ ਹੈ। ਨਾਮ ਦਾ ਅਸਰ ਆਪ ਦੀ ਬਾਣੀ ਅਨੁਸਾਰ ਸਰੀਰ ਤੇ ਪੈਂਦਾ ਹੈ, ਇੰਦਰਿਆਂ ਤੇ ਪੈਂਦਾ ਹੈ, ਮਨ ਤੇ ਪੈਂਦਾ ਹੈ ਤੇ ਰੂਹ ਦੇ ਵਿਚ ਵੱਖੋ ਵੱਖ ਕੈਫੀਅਤਾਂ (ਹਾਲਤਾਂ) ਪੈਦਾ ਕਰਦਾ ਹੈ।

ਭਾਈ ਸਾਹਿਬ ਜੀ ਮਹਾਰਾਜ ਨੂੰ 'ਗੁਰਮਤਿ ਨਾਮ' ਜਦੋਂ ਪ੍ਰਾਪਤ ਹੋਇਆ ਤਦੋਂ ਆਪ ਨੇ ਇਸ ਦੀ ਪੂਰੀ ਘਾਲ ਘਾਲੀ ਅਤੇ ਆਪਣੇ ਗੁਰਮੁਖ ਦੀ ਆਗਿਆ ਅਨੁਸਾਰ ਘਾਲੀ। 12 ਕੁ ਸਾਲ ਦੇ ਲਗਭਗ ਤਾਂ ਆਪ ਤਖਤਪੋਸ਼ ਤੇ ਹੀ ਬਿਰਾਜਮਾਨ ਰਹੇ। ਤ੍ਰਿਪਹਿਰੇ ਉਠ ਕੇ ਇਸ਼ਨਾਨ ਕਰ ਕੇ ਸ੍ਰੀ ਦਰਬਾਰ ਸਾਹਿਬ ਹਰ ਰੋਜ਼ ਜਾ ਪਹੁੰਚਣਾ। ਉਥੋਂ 9 ਵਜੇ ਉਠ ਕੇ ਆਪ ਜੀ ਨੇ ਛਾਪੇਖਾਨੇ ਚਲਾ ਜਾਣਾ। ਸ਼ਾਮ ਦੇ 6 ਵਜੇ ਤਕ ਆਪਣੀ ਕ੍ਰਿਤ ਕਰਨੀ। ਉਥੋਂ ਫਿਰ ਆਪ ਨੇ ਸਿੱਧਾ ਸ੍ਰੀ ਦਰਬਾਰ ਸਾਹਿਬ ਆਣਾ ਅਤੇ ਰਾਤ ਦੇ 10-11 ਵਜੇ ਤਕ ਆਪ ਨੇ ਉਥੇ ਰਹਿਣਾ। ਇਹ ਆਪ ਦੀ ਦਿਨਚਰਿਆ ਸੀ। ਇਸ ਪ੍ਰੋਗਰਾਮ ਵਿਚ ਆਪ ਜੀ ਨੇ ਕਦੇ ਵੀ ਤਬਦੀਲੀ ਨਹੀਂ ਹੋਣ ਦਿੱਤੀ।

ਆਪ ਦਾ ਸੁਭਾਵ ਸ਼ਰਮਾਕਲ ਸੀ। ਇਸ ਕਰ ਕੇ ਆਪ ਸਦਾ ਹੀ ਇਕਾਂਤ ਵਿਚ ਰਹਿ ਕੇ ਪ੍ਰਸੰਨ ਹੁੰਦੇ ਸਨ। ਕੇਵਲ ਦੋ ਮਿੱਤਰਾਂ ਨਾਲ ਆਪ ਦੇ ਬਹੁਤ ਡੂੰਘੇ ਸੰਬੰਧ ਸਨ। ਜਿਨ੍ਹਾਂ ਵਿਚੋਂ ਇਕ ਮਿੱਤਰ ਤ੍ਰਿਲੋਚਨ ਸਿੰਘ ਜੀ ਸਨ। ਸ. ਤ੍ਰਿਲੋਚਨ ਸਿੰਘ ਜੀ, ਸ੍ਰੀ ਅੰਮ੍ਰਿਤਸਰ ਜੀ ਵਿਚ ਵਕਾਲਤ ਦਾ ਕੰਮ ਕਰਦੇ ਸਨ। ਆਪ ਭਾਈ ਸਾਹਿਬ ਜੀ ਮਹਾਰਾਜ ਦੇ ਬਾਲ-ਸਖਾਈ ਸਨ। ਤਬੀਅਤ ਦੇ ਉਹ ਬੜੇ ਗੰਭੀਰ ਸਨ। ਇਨ੍ਹਾਂ ਦੋਹਾਂ ਰੂਹਾਂ ਦਾ ਲਗਾਵ ਨਿਹਾਇਤ ਹੀ ਪਰਪੱਕ ਅਤੇ ਡੂੰਘਾਈ ਵਾਲਾ ਸੀ।

ਕਹਿੰਦੇ ਹਨ ਕਿ ਜਦੋਂ ਆਤਮਾ ਅਤਿਅੰਤ ਹੀ ਨਿਰਮਲ ਹੋ ਜਾਂਦੀ ਹੈ ਤਦੋਂ ਉਸ ਦੇ ਵਿਚੋਂ ਦੇਵਗੰਧ ਪੈਦਾ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਵਿਚ ਵੀ ਇਸ ਅਵਸਥਾ ਦਾ ਜ਼ਿਕਰ ਆਂਦਾ ਹੈ "ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ॥" ਆਸਾ ਦੀ ਵਾਰ ਦੇ ਛੰਤਾਂ ਵਿਚ ਵੀ ਸਤਿਗੁਰੂ ਨੇ ਲਿਖਿਆ ਹੈ ਕਿ "ਜਨ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥" ਇਹ ਖੁਸ਼ਬੋ

ਸੰਸਾਰ ਦੀਆਂ ਸਾਰੀਆਂ ਖੁਸ਼ਬੋਆਂ ਤੋਂ ਵਿਲਕਸ਼ਣ ਹੈ। ਗੁਰੂ ਮੇਹਰ ਨਾਲ ਇਹ ਰੱਬੀ ਦਾਤ, ਦੇਵਗੰਧੀ ਦੀ, ਭਾਈ ਸਾਹਿਬ ਜੀ ਨੂੰ ਪ੍ਰਾਪਤ ਹੋ ਗਈ।

ਆਪ ਦਸਦੇ ਸਨ ਕਿ ਮੈਂ ਛਾਪੇਖਾਨੇ ਤੋਂ ਇਕ ਦਿਨ ਆ ਰਿਹਾ ਸਾਂ ਕਿ ਮੈਨੂੰ ਸ. ਤ੍ਰਿਲੋਚਨ ਸਿੰਘ ਜੀ ਮਿਲੇ। ਦੁਵੱਲੀ ਫ਼ਤਹਿ ਬੁਲਾਈ ਤੇ ਆਪ ਕਹਿਣ ਲਗੇ ਕਿ, "ਅੱਜ ਤਾਂ ਆਪ ਨੇ ਬੜੀ ਸੁਹਣੀ ਖੁਸ਼ਬੋ ਲਾਈ ਹੈ।ਐਸਾ ਸੈਂਟ ਤਾਂ ਮੈਂ ਅੱਜ ਤਕ ਕਦੇ ਨਹੀਂ ਸੁੰਘਿਆ।" ਤਾਂ ਆਪ ਕਹਿਣ ਲਗੇ, "ਵੀਰ ਜੀ! ਮੈਨੂੰ ਤਾਂ ਸੈਂਟ ਲਗਾਣ ਦੀ ਕੋਈ ਆਦਤ ਨਹੀਂ ਅਤੇ ਨਾ ਹੀ ਕਦੇ ਮੈਂ ਸੈਂਟ ਵਰਤਿਆ ਹੈ।" ਫਿਰ ਉਹ ਕਹਿਣ ਲਗੇ ਕਿ, "ਖੁਸ਼ਬੋ ਕਿਥੋਂ ਆ ਰਹੀ ਹੈ ?" ਤਾਂ ਮੈਂ ਕਿਹਾ, "ਮੈਨੂੰ ਕੁਝ ਵੀ ਪਤਾ ਨਹੀਂ।" ਕਹਿਣ ਲਗੇ, "ਮੇਰਾ ਦਿਲ ਕਰਦਾ ਹੈ ਕਿ ਮੈਂ ਆਪ ਨੂੰ ਜੱਫੀ ਪਾ ਲਵਾਂ।" ਜਦ ਉਨ੍ਹਾਂ ਨੇ ਮੈਨੂੰ ਜੱਫੀ ਪਾਈ ਤਾਂ ਮੇਰੇ ਸਰੀਰ ਵਿਚੋਂ ਉਹ ਦੇਵਗੰਧ ਅਲੋਪ ਹੋ ਗਈ। ਬਾਅਦ ਵਿਚ ਕਹਿਣ ਲਗੇ ਕਿ ਹੁਣ ਤਾਂ ਖੁਸ਼ਬੋ ਨਹੀਂ ਆਂਦੀ। ਮੈਂ ਕਿਹਾ ਕਿ, "ਵੀਰ ਜੀ! ਉਹ ਤਾਂ ਨਿਰੰਕਾਰੀ ਖੁਸ਼ਬੋ ਸੀ ਤੇ ਆਪ ਦੇ ਛੋਹ ਨਾਲ ਉਹ ਉੱਡ ਗਈ ਹੈ।"

ਸ. ਤ੍ਰਿਲੋਚਨ ਸਿੰਘ ਜੀ ਚਕ੍ਰਿਤ ਹੋ ਗਏ। ਕਹਿਣ ਲਗੇ ਕਿ "ਰੂਹਾਨੀ ਮੰਡਲ ਦੇ ਰਸਤੇ ਵਿਚ ਵਾਹਿਗੁਰੂ ਜੀ ਨੇ ਕੀ ਕੀ ਅਸਚਰਜ ਦਾਤਾਂ ਰੱਖੀਆਂ ਹਨ ਅਤੇ ਸਤਿਗੁਰੂ ਨੇ ਹਰੇਕ ਚੀਜ਼ ਦਾ ਥਹੁ ਗੁਰਬਾਣੀ ਵਿਚ ਦਿੱਤਾ ਹੈ।"

ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ

ਸੰਨ 1952 ਫਰਵਰੀ ਦੇ ਮਹੀਨੇ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਬੰਬਈ ਭਾਗ ਲਾ ਰਹੇ ਸਨ। ਸਵੇਰ ਦੇ ਵਕਤ ਆਪ ਸਮੁੰਦਰ ਤੇ ਸੈਰ ਕਰਨ ਜਾਂਦੇ ਸਨ। ਉਸ ਤੋਂ ਮਗਰੋਂ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ-ਪੋਥੀ ਦੇ ਅਰਥ ਤੇ ਟੀਕੇ ਦਾ ਕੰਮ ਕਰਦੇ ਸਨ। ਉਸ ਤੋਂ ਮਗਰੋਂ ਜੋ ਖਾਸ ਮਿਲਣ ਵਾਲੇ ਸੱਜਣ ਦੂਰੋਂ ਨੇੜਿਓਂ ਆਉਂਦੇ, ਉਨ੍ਹਾਂ ਨੂੰ ਪ੍ਰਮਾਰਥ ਦੇ ਗੁਪਤ ਨੁਕਤੇ ਸਮਝਾਂਦੇ। ਫਿਰ ਆਪ ਇਸ਼ਨਾਨ ਕਰਦੇ ਪ੍ਰਸ਼ਾਦ ਛਕਦੇ ਤੇ ਨਿਜਾਨੰਦ ਵਿਚ ਟਿਕ ਜਾਂਦੇ।

7 ਫਰਵਰੀ ਦਾ ਦਿਨ ਸੀ। ਆਪ ਆਪਣੇ ਕਮਰੇ ਤੋਂ ਮਲਕੜੇ ਮਲਕੜੇ ਬਾਹਰ ਆਏ ਅਤੇ ਆਣ ਵਾਲੇ ਸੱਜਣਾਂ ਨੂੰ ਮਿਲੇ। ਬਚਨ ਕਰਦਿਆਂ ਆਪ ਨੇ ਬੁੰਦਿਆਂ ਵਾਲੇ ਮਹਾਪੁਰਸ਼ਾਂ ਦਾ ਇਕ ਬਚਨ ਸੁਣਾਇਆ। ਆਪ ਨੇ ਦੱਸਿਆ ਕਿ ਮੈਂ, ਹਰ ਸ਼ਨਿੱਚਰਵਾਰ ਛਾਪਾਖਾਨਾ ਬੰਦ ਕਰ ਕੇ ਸ੍ਰੀ ਤਰਨਤਾਰਨ ਸਾਹਿਬ ਚਲਾ ਜਾਂਦਾ ਸਾਂ। ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਦਰਸ਼ਨ ਕਰ ਕੇ ਮੈਂ ਫਿਰ ਸੰਤ ਭੋਲਾ ਸਿੰਘ ਜੀ ਮਹਾਰਾਜ ਦੇ ਡੇਰੇ ਆ ਜਾਂਦਾ ਸਾਂ। ਸ੍ਰੀਮਾਨ ਸੰਤ ਭੋਲਾ ਸਿੰਘ ਜੀ ਇਕ ਘਾਲੀ ਅਤੇ ਉੱਚੇ ਤੇ ਸੁੱਚੇ ਆਚਰਨ ਵਾਲੇ ਸਤਿਪੁਰਸ਼ ਸਨ। ਉਨ੍ਹਾਂ ਦੇ ਡੇਰੇ ਵਿਚ ਚੰਗਾ ਸਤਿਸੰਗ ਦਾ ਪ੍ਰਚਾਰ ਸੀ। ਆਪ ਦੇ ਅੰਦਰ ਅਤਿ ਬੀਤਰਾਗਤਾ ਸੀ।

ਇਕ ਵਾਰੀ ਮੈਂ ਸ਼ਾਮ ਨੂੰ ਸ਼ਨਿੱਚਰਵਾਰ ਤਰਨਤਾਰਨ ਜਾਣ ਦੀ ਤਿਆਰੀ ਕਰ ਰਿਹਾ ਸਾਂ ਕਿ ਬੁੰਦਿਆਂ ਵਾਲੇ ਮਹਾਪੁਰਸ਼ ਆ ਗਏ।ਪੁੱਛਣ ਲਗੇ, "ਆਪ ਕਿਧਰ ਜਾ ਰਹੇ ਹੋ ?" ਮੈਂ ਕਿਹਾ "ਜੀ! ਮੈਂ ਸ੍ਰੀ ਤਰਨਤਾਰਨ ਸਾਹਿਬ ਜਾ ਰਿਹਾ ਹਾਂ।" ਉਨ੍ਹਾਂ ਨੇ ਕਿਹਾ "ਉਥੇ ਕੀ ਕਰੋਗੇ ?" ਮੈਂ ਕਿਹਾ, "ਜੀ! ਮੈਂ ਉਥੇ ਸ੍ਰੀ ਹਰਿਮੰਦਰ ਸਾਹਿਬ, ਗੁਰੂ ਅਰਜਨ ਦੇਵ ਪਾਤਸ਼ਾਹ ਦੇ ਪਾਵਨ ਅਸਥਾਨ ਦੇ ਦਰਸ਼ਨ ਕਰਾਂਗਾ ਅਤੇ ਨਾਲ ਹੀ ਸੰਤ ਭੋਲਾ ਸਿੰਘ ਜੀ ਨੂੰ ਮਿਲਾਂਗਾ।" ਕਹਿਣ ਲਗੇ, "ਹੋਰ!" ਮੈਂ ਕਿਹਾ, "ਜੀ! ਸੰਤ ਸੰਪੂਰਨ ਸਿੰਘ ਜੀ ਨੂੰ ਮਿਲਾਂਗਾ।" ਪੁੱਛਣ ਲਗੇ, "ਉਹ ਕੌਣ ਹਨ ?" ਮੈਂ ਕਿਹਾ, "ਜੀ! ਉਹ ਹੁਣੇ ਹੀ ਸੰਤ ਬਣੇ ਹਨ।" ਕਹਿਣ ਲਗੇ, "ਅੱਛਾ! ਸੰਤ ਸੰਪੂਰਨ ਸਿੰਘ ਨੇ ਸੰਤਗੀਰੀ ਦਾ ਭੇਖ ਕਿਸ ਤੋਂ ਲਿਆ ਹੈ ?" ਮੈਂ ਕਿਹਾ ਕਿ, "ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਹਰਿਮੰਦਰ ਸਾਹਿਬ ਤੋਂ ਭੇਖ ਲਿਆ ਹੈ।" ਕਹਿਣ ਲਗੇ, "ਅੱਛਾ! ਚਲੋ ਹਮ ਭੀ ਆਪ ਕੇ ਸਾਥ ਚਲਤੇ ਹੈ।" ਸੰਤ ਬੁੰਦਿਆਂ ਵਾਲੇ ਅਤੇ ਮੈਂ ਤਰਨਤਾਰਨ ਸਾਹਿਬ ਚੱਲ ਪਏ। ਸ਼ਾਮ ਦੇ 8 ਵਜੇ ਦੇ ਲਗਭਗ ਅਸੀਂ ਉਥੇ ਪਹੁੰਚ ਗਏ। ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ। ਵੱਡੀ ਪ੍ਰਕਰਮਾ ਦੀ ਯਾਤਰਾ ਕੀਤੀ। ਫਿਰ ਅਸੀਂ ਉਥੋਂ ਸੰਤ ਭੋਲਾ ਸਿੰਘ ਜੀ ਦੇ ਡੇਰੇ ਵਿਚ ਆ ਗਏ। ਸੰਤ ਜੀ ਮਹਾਰਾਜ ਦੇ ਦਰਸ਼ਨ ਪਰਸ਼ਨ ਕੀਤੇ, ਉਨ੍ਹਾਂ ਨੇ ਬੁੰਦਿਆਂ ਵਾਲਿਆਂ

ਸੰਤਾਂ ਨਾਲ ਬੜਾ ਹੀ ਪਿਆਰ ਕੀਤਾ। ਰਾਤ ਬੜੇ ਸੁਆਦ ਅਤੇ ਰਸ ਵਾਲੇ ਬਚਨ ਦੋਨੋਂ ਸਤਿਪੁਰਸ਼ ਕਰਦੇ ਕਰਾਂਦੇ ਰਹੇ।

ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਕੀਰਤਨ ਤੇ, ਮੈਂ ਤੇ ਸੰਤ ਚਲੇ ਗਏ। 8 ਵਜੇ ਦੇ ਲਗਭਗ ਅਸੀਂ ਵਾਪਸ ਡੇਰੇ ਆਏ, ਕੁਝ ਛਕਿਆ ਛਕਾਇਆ, ਤਾਂ ਬੁੰਦਿਆਂ ਵਾਲੇ ਸੰਤਾਂ ਨੇ ਪੁੱਛਿਆ, "ਹੁਣ ਕੀ ਪ੍ਰੋਗਰਾਮ ਹੈ?" ਮੈਂ ਕਿਹਾ ਕਿ, "ਇਥੋਂ ਦੋ ਮੀਲ ਤੇ ਇਕ ਦਰਖਤਾਂ ਦਾ ਝੁੰਡ ਹੈ। ਉਥੇ ਸੰਤ ਸੰਪੂਰਨ ਸਿੰਘ ਜੀ ਹਨ। ਉਨ੍ਹਾਂ ਦੇ ਦਰਸ਼ਨ ਕਰਨ ਜਾਣਾ ਹੈ। ਕਿਉਂਕਿ ਉਹ ਚੰਗੀ ਲਗਨ ਵਾਲੇ ਰੱਬ ਪਿਆਰੇ ਹਨ। ਉਨ੍ਹਾਂ ਨਾਲ ਮੇਰਾ ਪੁਰਾਤਨ ਸੰਬੰਧ ਹੈ। ਜਦੋਂ ਵੀ ਮੈਂ ਸ੍ਰੀ ਤਰਨਤਾਰਨ ਸਾਹਿਬ ਆਂਦਾ ਰਿਹਾ ਹਾਂ ਤਦੋਂ ਹੀ ਉਨ੍ਹਾਂ ਦੇ ਨਾਲ ਚਾਰ ਪੰਜ ਘੰਟੇ ਜ਼ਰੂਰ ਬਾਹਰ ਜੰਗਲ ਵਿਚ ਲਗਾਂਦਾ ਸਾਂ। ਉਥੇ ਮੈਂ, ਉਨ੍ਹਾਂ ਦੇ ਤਾਇਆ ਜਾਂ ਚਾਚਾ ਜੀ, ਤੇ ਸੰਤ ਸੰਪੂਰਨ ਸਿੰਘ ਜੀ ਬੈਠ ਕੇ ਪ੍ਰਮਾਰਥ ਦੇ ਬਚਨ ਕਰਦੇ ਕਰਾਂਦੇ ਸਾਂ।"

ਇਕ ਦਿਨ ਵਿਚਾਰ ਚਲਦਿਆਂ ਚਲਦਿਆਂ ਪ੍ਰਮਾਰਥ ਦੇ ਇਸ ਨੁਕਤੇ ਤੇ ਆ ਟਿਕੀ ਕਿ ਜਦ ਤੱਕ ਘਰ ਦਾ ਤਿਆਗ ਨਾ ਕੀਤਾ ਜਾਏ ਤਦ ਤਕ ਪ੍ਰਮਾਰਥ ਦੀ ਘਾਲ ਪੂਰੀ ਤਰ੍ਹਾਂ ਨਹੀਂ ਹੋ ਸਕਦੀ। ਸੋ ਸੰਤ ਸੰਪੂਰਨ ਸਿੰਘ ਜੀ ਨੇ ਕਿਹਾ ਕਿ, "ਮੈਂ ਇਸ ਨੁਕਤੇ ਤੇ ਦ੍ਰਿੜ੍ਹ ਹੋ ਚੁੱਕਾਂ ਹਾਂ। ਤੁਸੀਂ ਵੀ ਅਗਲੇ ਐਤਵਾਰ ਤਕ ਵਿਚਾਰ ਕਰ ਲਓ।" ਤੇ ਜੇਕਰ ਤੁਹਾਡਾ ਵਿਚਾਰ ਬਣ ਜਾਏ ਤਾਂ ਫਿਰ ਇਕੱਠੇ ਹੀ ਗ੍ਰਹਿਸਤ ਦਾ ਤਿਆਗ ਕਰ ਕੇ ਪ੍ਰਮਾਰਥ ਦੀ ਰੱਜ ਕੇ ਘਾਲ ਕਰੀਏ।"

ਭਾਈ ਸਾਹਿਬ ਜੀ ਨੇ ਬੁੰਦਿਆਂ ਵਾਲੇ ਸੰਤਾਂ ਨੂੰ ਦੱਸਿਆ ਕਿ ਅਗਲੇ ਐਤਵਾਰ ਅਸੀਂ ਫਿਰ ਇਕੱਠੇ ਹੋਏ। ਚਾਚੇ ਨੇ ਕਿਹਾ ਕਿ, "ਪੁੱਤਰ ਸਾਰੀ ਉਮਰ ਮੈਂ ਹੱਥ ਤੋਂ ਦਿੰਦਾ ਹੀ ਰਿਹਾ ਹਾਂ ਤੇ ਹੁਣ ਆਪ ਹੱਥ ਅੱਡ ਕੇ ਮੰਗਾਂ, ਮੇਰੇ ਲਈ ਮੁਸ਼ਕਲ ਹੈ। ਸੋ ਜਿਤਨੀ ਘਾਲ ਮੈਥੋਂ ਸਤਿਗੁਰੂ ਨੇ ਕਰਾਈ ਮੈਂ ਘਰ ਵਿਚ ਹੀ ਬੈਠ ਕੇ ਕਰਾਂਗਾ।"

ਉਸ ਤੋਂ ਮਗਰੋਂ ਮੈਂ ਕਿਹਾ ਕਿ ਮੇਰੇ ਲਈ ਵੀ ਗ੍ਰਹਿਸਤ ਦਾ ਤਿਆਗ ਮੁਸ਼ਕਲ ਹੈ। ਸੋ ਮੈਂ ਵੀ ਘਰ ਵਿਚ ਬੈਠ ਕੇ ਵਾਹਿਗੁਰੂ ਨੇ ਜਿੰਨੀ ਹਿੰਮਤ ਬਖਸ਼ੀ, ਘਾਲ ਕਰਾਂਗਾ। ਅਗਲੇ ਹਫਤੇ ਜਦ ਮੈਂ ਤਰਨਤਾਰਨ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਸੰਤ ਸੰਪੂਰਨ ਸਿੰਘ ਜੀ ਨੇ ਸੰਤਗੀਰੀ ਦਾ ਭੇਖ ਲੈ ਲਿਆ ਹੈ, ਚੁਨਾਂਚਿ ਮੈਂ ਉਨ੍ਹਾਂ ਨੂੰ ਮਿਲਣ ਲਈ ਦਰਖਤਾਂ ਦੇ ਝੁੰਡ ਵਿਚ ਗਿਆ। ਉਨ੍ਹਾਂ ਨੇ ਸਰੀਰ ਤੇ ਸਾਧੂ ਦਾ ਬਾਣਾ ਧਾਰਿਆ ਹੋਇਆ ਸੀ।

ਬੁੰਦਿਆਂ ਵਾਲੇ ਸੰਤ ਕਹਿਣ ਲਗੇ, "ਅੱਛਾ ਬੇਟਾ! ਆਪ ਜਾਓ। ਮੈਂ ਤਾਂ ਇਥੇ ਹੀ ਸੰਤਾਂ ਦੇ ਡੇਰੇ ਵਿਚ ਰਹਾਂਗਾ।" ਮੈਂ ਚਲਾ ਗਿਆ। ਸੰਤ ਸੰਪੂਰਨ ਸਿੰਘ ਜੀ ਨੂੰ ਮਿਲਿਆ, ਬਚਨ ਬਿਲਾਸ ਕੀਤੇ ਤੇ ਦੁਪਿਹਰ ਦੇ ਪ੍ਰਸ਼ਾਦ ਦੇ ਸਮੇਂ ਮੈਂ ਵਾਪਸ ਡੇਰੇ ਆ ਗਿਆ। ਪ੍ਰਸ਼ਾਦ ਛਕ ਕੇ ਕੁਝ ਆਰਾਮ ਕੀਤਾ ਤੇ ਫਿਰ ਸੰਤ ਭੋਲਾ ਸਿੰਘ ਜੀ ਨਾਲ ਬਚਨ ਬਿਲਾਸ ਹੁੰਦੇ ਰਹੇ।

ਜਦੋਂ ਸ੍ਰੀ ਤਰਨਤਾਰਨ ਤੋਂ ਅਸੀਂ ਸ੍ਰੀ ਅੰਮ੍ਰਿਤਸਰ ਵੱਲ ਚਲੇ ਤਾਂ ਰਸਤੇ ਵਿਚ ਸੰਤ ਕਹਿਣ ਲਗੇ ਕਿ, "ਆਪ ਨੂੰ ਪਤਾ ਹੈ ਕਿ ਮੈਂ ਆਪ ਨਾਲ ਸੰਤ ਸੰਪੂਰਨ ਸਿੰਘ ਜੀ ਮਹਾਰਾਜ ਨੂੰ ਮਿਲਣ ਕਿਉਂ ਨਹੀਂ ਗਿਆ ?" ਮੈਂ ਕਿਹਾ ਕਿ, "ਆਪ ਨੇ ਤਾਂ ਸ੍ਰੀ ਅੰਮ੍ਰਿਤਸਰ ਹੀ ਇਹ ਕਹਿ ਦਿੱਤਾ ਸੀ ਕਿ ਮੈਂ ਉਨ੍ਹਾਂ ਨੂੰ ਮਿਲਣ ਨਹੀਂ ਜਾਵਾਂਗਾ।" ਬੁੰਦਿਆਂ ਵਾਲੇ ਸੰਤ ਕਹਿਣ ਲਗੇ, "ਬੇਟਾ! ਕਾਰਨ ਇਹ ਹੈ, ਕਿ ਹਰੇਕ ਭੇਖ, ਕਿਸੇ ਭੇਖ ਦੇ ਆਗੂ ਤੋਂ, ਜਾਂ ਵਡੇ ਵਡੇਰੇ ਤੋਂ ਲਿਆ ਜਾਂਦਾ ਹੈ ਪ੍ਰੰਤੂ ਸੰਤ ਸੰਪੂਰਨ ਸਿੰਘ ਜੀ ਨੇ ਇਹ ਭੇਖ ਕਿਸੇ ਤੋਂ ਨਹੀਂ ਲਿਆ। ਤੁਸੀਂ ਦੱਸਿਆ ਸੀ ਕਿ ਉਹ ਹਰਿਮੰਦਰ ਸਾਹਿਬ ਚਲੇ ਗਏ ਤੇ ਉਥੋਂ ਉਨ੍ਹਾਂ ਨੇ ਸੰਤਗੀਰੀ ਦਾ ਭੇਖ ਪ੍ਰਾਪਤ ਕਰ ਲਿਆ। ਸੋ ਹਰਿਮੰਦਰ ਸਾਹਿਬ ਦੇ ਮਾਲਕ ਤਾਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਉਹ ਖੁਦ ਗ੍ਰਹਿਸਤੀ ਸਨ। ਉਹ ਕਿਸ ਤਰ੍ਹਾਂ ਇਕ ਅਤੀਤ ਨੂੰ ਭੇਖ ਦੇ ਸਕਦੇ ਹਨ। ਸੋ ਜਦੋਂ ਤਕ ਭੇਖ ਦੇਣ ਵਾਲੇ ਅਧਿਕਾਰੀ ਤੋਂ ਭੇਖ ਨਾ ਲਿਆ ਜਾਵੇ ਤਦ ਤਕ ਭੇਖ ਦੀ ਪੂਰਨ ਰਕਸ਼ਾ ਨਹੀਂ ਹੋ ਸਕਦੀ। ਦੇਖੋ ਬੇਟਾ! ਇਕ ਦਿਨ ਆਏਗਾ ਜਦੋਂ ਇਨ੍ਹਾਂ ਨੂੰ ਕੋਈ ਠੋਕਰ ਲਗੇਗੀ ਤੇ ਉਸ ਵਕਤ ਇਨ੍ਹਾਂ ਨੂੰ ਸੰਭਾਲਣ ਵਾਲਾ ਕੋਈ ਨਹੀਂ ਹੋਵੇਗਾ।"

ਸ੍ਰੀ ਭਾਈ ਸਾਹਿਬ ਜੀ ਨੇ ਬਚਨ ਕਰਦੇ ਦੱਸਿਆ ਕਿ ਸਮਾਂ ਆਪਣੀ ਚਾਲ ਚੱਲਦਾ ਗਿਆ। ਇਕ ਦਿਨ ਅੰਮ੍ਰਿਤ ਵੇਲੇ ਸੰਤ ਸੰਪੂਰਨ ਸਿੰਘ ਜੀ ਮਹਾਰਾਜ ਸ੍ਰੀ ਗੰਗਾ ਵਿਚ ਇਸ਼ਨਾਨ ਕਰਨ ਆਏ। ਇਸ਼ਨਾਨ ਕਰ ਚੁਕੇ, ਅਜੇ ਕਾਫੀ ਹਨੇਰਾ ਸੀ, ਆਪ ਵਾਪਸ ਆਪਣੇ ਅਸਥਾਨ ਤੇ ਜਾਣ ਲਗੇ ਤੇ ਰਸਤੇ ਵਿਚ ਆਪ ਦੇ ਪੈਰਾਂ ਨੂੰ ਠੋਕਰ ਲਗੀ ਤੇ ਦੇਖਿਆ ਕਿ ਕੋਈ ਗੋਲ ਜਿਹੀ ਚੀਜ਼ ਹੈ। ਜਦੋਂ ਨਜ਼ਰ ਮਾਰੀ ਤਾਂ ਇੰਝ ਦਿਸਿਆ ਕਿ ਕਿਸੇ ਮਨੁੱਖ ਦੀ ਖੋਪਰੀ ਹੈ। ਅਚਾਨਕ ਦਿਲ ਦੇ ਉੱਪਰ ਇਕ ਬੋਝ ਪਿਆ ਤੇ ਉਸ ਬੋਝ ਦੇ ਕਾਰਨ ਹੀ ਆਪ ਇਸ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ।

ਆਪ ਨੇ ਦੱਸਿਆ ਕਿ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਵੀ ਬੜੇ ਬੜੇ ਸੰਤ ਸਾਧੂ ਮਹਾਤਮਾ, ਕਈ ਮਤਾਂ ਮਤਾਤਰਾਂ ਵਾਲਿਆਂ ਨੂੰ ਮਿਲੇ ਪਰ ਉਨ੍ਹਾਂ ਉੱਪਰ ਭਾਈ ਸ਼ਾਮੂ ਸਚਿਆਰ ਦਾ ਹੱਥ ਸੀ ਜਿਸ ਕਰ ਕੇ ਉਹ ਕਿਸੇ ਫਸੌਤੀ ਵਿਚ ਫਸੇ ਨਹੀਂ ਤੇ ਬਚ ਨਿਕਲੇ। ਸਿਰ ਉੱਪਰ ਇਕ ਪੂਰਨ ਮਹਾਪੁਰਸ਼ ਦਾ ਹੱਥ ਹੋਣਾ ਚਾਹੀਦਾ ਹੈ, ਉਹ ਫਿਰ ਕਈ ਮੁਸ਼ਕਲਾਂ ਤੋਂ ਸਦਾ ਹੀ ਰੱਖਿਆ ਕਰਦਾ ਹੈ ਅਤੇ ਆਪਣੇ ਨਿਵਾਜੇ ਨੂੰ ਹਰ ਵੇਲੇ ਬਚਾਂਦਾ ਰਹਿੰਦਾ ਹੈ। ਇਸ ਗੱਲ ਦੀ ਕੋਈ ਖਾਸ ਵਿਸ਼ੇਸ਼ਤਾ ਨਹੀਂ ਕਿ ਉਹ ਰੂਪ ਵਿਚ ਹੈ ਕਿ ਅਰੂਪ ਵਿਚ ਹੈ। ਰੂਪ ਅਤੇ ਅਰੂਪ ਦੋਨੋਂ ਹੀ ਹਾਲਤਾਂ ਵਿਚ ਉਹ ਆਪਣੇ ਨਿਵਾਜੇ ਦੇ ਸਦਾ ਅੰਗ ਸੰਗ ਰਹਿੰਦਾ ਹੈ।

ਬਚਨੁ ਗੁਰੂ ਜੋ ਪੂਰੇ ਕਹਿਓ

ਅਕਤੂਬਰ ਦਾ ਮਹੀਨਾ ਸੀ ਅਤੇ ਸੰਨ 1915 ਦਾ ਸਾਲ ਸੀ। ਐਜੂਕੇਸ਼ਨ ਕਮੇਟੀ ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਵਾਲਿਆਂ ਨੇ ਕਾਨਫਰੰਸ ਦਾ ਸਮਾਗਮ ਫ਼ਿਰੋਜ਼ਪੁਰ ਰੱਖਿਆ।

ਨੀਯਤ ਸਮੇਂ ਤੇ 15-16-17 ਅਕਤੂਬਰ ਫ਼ਿਰੋਜ਼ਪੁਰ ਕਾਨਫਰੰਸ ਦਾ ਸਮਾਗਮ ਆਰੰਭ ਹੋਇਆ। ਇਹ ਸਮਾਗਮ ਇਕ ਅਦੁੱਤੀ ਅਤੇ ਅਪੂਰਵ ਢੰਗ ਦਾ ਸਮਾਗਮ ਹੋਇਆ ਕਰਦਾ ਸੀ। ਬੜੇ ਬੜੇ ਸੰਤ, ਮਹਾਤਮਾ, ਮਹਾਪੁਰਸ਼, ਅਮੀਰ, ਗਰੀਬ, ਫਕੀਰ, ਵਜ਼ੀਰ, ਰਾਜਾ-ਰੰਕ, ਇਸ ਪੰਥਕ ਸਮਾਗਮ ਤੇ ਜ਼ਰੂਰ ਪਹੁੰਚਦੇ ਸਨ। ਸਮਾਗਮ ਦੇ ਧਾਰਮਿਕ ਦੀਵਾਨ, ਪੰਡਾਲ ਦੇ ਵਿਚ ਟਿਕਟਾਂ ਨਾਲ ਦਾਖਲੇ, ਸ਼ਾਮ ਦੇ ਧਾਰਮਿਕ ਦੀਵਾਨ ਤੇ ਅੰਮ੍ਰਿਤ ਪ੍ਰਚਾਰ, ਸਿੱਖ ਜਨਤਾ ਨੂੰ ਆਪਣੇ ਵੱਲ ਖਿੱਚ ਲਿਆਂਦੇ ਸਨ।

16 ਅਕਤੂਬਰ ਪੰਡਾਲ ਖਚਾਖਚ ਭਰ ਰਹਿਆ ਸੀ। ਕਾਨਫਰੰਸ ਦੀ ਕਾਰਵਾਈ ਜੋਬਨਾਂ ਤੇ ਸੀ ਕਿ ਅਚਾਨਕ ਭਾਈ ਸਾਹਿਬ ਜੀ ਦੇ ਮਨ ਅੰਦਰ ਇਕ ਰੱਬੀ ਵੇਗ ਆਇਆ ਅਤੇ ਉਨ੍ਹਾਂ ਨੂੰ ਇੰਵ ਝਾਂਵਲਾ ਪਿਆ ਕਿ ਜਿਵੇਂ ਗੁਰੂ ਨਾਨਕ ਸਾਕਾਰ ਰੂਪ ਹੋ ਕੇ ਆਪ ਦਰਸ਼ਨ ਬਖਸ਼ ਰਿਹਾ ਹੈ। ਇਹ ਅਵਸਥਾ ਪੂਰਨ ਇਕਾਗਰਤਾ, ਪੂਰਨ ਸਰੱਸਤਾ, ਪੂਰਨ ਮਿਲਾਪ, ਪੂਰਨ ਖੇੜੇ ਵਾਲੀ ਸੀ ਅਤੇ ਇਸ ਆਤਮਕ-ਹੁਲਾਸ ਨੂੰ ਭਾਈ ਸਾਹਿਬ ਨੇ ਪੂਰੀ ਤਰ੍ਹਾਂ ਮਾਣਿਆ। ਆਪ ਦੇ ਦਿਲ ਵਿਚ ਗੁਰੂ ਨਾਨਕ ਪਿਆਰ ਉਛਾਲੇ ਮਾਰ ਰਿਹਾ ਸੀ। ਅਚਾਨਕ ਹੀ ਪਿਆਰ ਨੇ Subjective side ਨੂੰ ਛੱਡ Objective side ਵੱਲ ਰੁੱਖ ਕੀਤਾ। ਇਕ ਸੰਤ ਕੁਰਸੀ ਤੇ ਸੱਜ ਰਿਹਾ ਸੀ। ਆਪ ਥਲੇ ਦਰੀ ਜਾਂ ਕਾਲੀਨ ਤੇ ਬੈਠੇ ਸਨ। ਆਪ ਨੇ ਆਪਣੇ ਹੱਥ ਵਧਾਏ ਤੇ ਉਨ੍ਹਾਂ ਦੇ ਚਰਨਾਂ ਨੂੰ ਆਪ ਨੇ ਆਪਣੇ ਹੱਥਾਂ ਦੀ ਲਪੇਟ ਵਿਚ ਲੈ ਲਿਆ। ਲਪੇਟ ਵਿਚ ਲੈਂਦਿਆਂ ਹੀ ਉਹ ਆਤਮ-ਹੁਲਾਸ ਅਤੇ ਖੇੜਾ ਜੋ ਭਾਈ ਸਾਹਿਬ ਮਾਣ ਰਹੇ ਸਨ ਉਹ ਵਿਦਾ ਹੋ ਗਿਆ। ਕਾਨਫਰੰਸ ਸਮਾਪਤ ਹੋ ਗਈ। ਭਾਈ ਸਾਹਿਬ ਜੀ ਫ਼ਿਰੋਜ਼ਪੁਰ ਤੋਂ ਅੰਮ੍ਰਿਤਸਰ ਆ ਗਏ। ਫ਼ਿਰੋਜ਼ਪੁਰ ਤੋਂ ਹੀ ਆਪ ਦੇ ਸੱਜੇ ਹੱਥ ਵਿਚ ਦਰਦ ਹੋਣੀ ਸ਼ੁਰੂ ਹੋ ਗਈ। ਆਪ ਦੱਸਦੇ ਸਨ ਕਿ ਕਈ ਇਲਾਜ ਹੋਏ ਪ੍ਰੰਤੂ ਦਰਦ ਵਧਦੀ ਹੀ ਗਈ। ਇਕ ਦਿਨ ਸੰਤ ਲਖਬੀਰ ਸਿੰਘ ਜੀ ਆਏ ਤੇ ਪੁੱਛਣ ਲਗੇ ਕਿ, "ਦਰਦ ਦਾ ਕੀ ਹਾਲ ਹੈ?" ਮੈ ਕਿਹਾ, "ਮਹਾਰਾਜ ਜੀ! ਦਰਦ ਤਾਂ ਦਿਨ-ਬ-ਦਿਨ ਵੱਧ ਰਿਹਾ ਹੈ।" ਕਹਿਣ ਲਗੇ, "ਅੱਛਾ।" ਫਿਰ ਆਖਣ ਲਗੇ ਕਿ, "ਮਾਲੂਮ ਹੁੰਦਾ ਹੈ, ਕਿ ਤੁਸਾਂ ਕੋਈ ਮਹਾਨ ਬੇਅਦਬੀ ਕੀਤੀ ਹੈ ਜਿਸ ਕਰ ਕੇ ਇਹ ਤਕਲੀਫ ਨਹੀਂ ਜਾ ਰਹੀ।" ਆਪ ਕਹਿਣ ਲਗੇ ਕਿ, "ਯਾਦ ਕਰੋ"। ਮੈਂ ਸੋਚ ਕੇ ਕਿਹਾ ਕਿ, "ਮਹਾਰਾਜ ! ਮੈਨੂੰ ਤਾਂ ਕੋਈ ਬੇਅਦਬੀ ਨਜ਼ਰ ਨਹੀਂ ਆਉਂਦੀ।" ਕਹਿਣ

ਲਗੇ, "ਚੰਗਾ। ਤੇ ਫਿਰ ਇਦਾਂ ਕਰੋ ਕਿ ਮੈਂ ਬਾਬਾ ਜੀ ਦੇ ਕਮਰੇ ਵਿਚ ਬਹਿੰਦਾ ਹਾਂ ਤੇ ਤੁਸੀਂ ਆਪ ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰ ਕੇ ਲਿਆਓ। ਮੈਂ ਸਤਿਗੁਰ ਦੀ ਹਜ਼ੂਰੀ ਵਿਚ ਅਰਦਾਸਾ ਸੋਧਾਂਗਾ, ਤੇ ਬੇਅਦਬੀ ਦੀ ਮਾਫੀ ਮੰਗਾਂਗਾ। ਜੇਕਰ ਤੇ ਅਰਦਾਸ ਮਗਰੋਂ ਆਪ ਦੀ ਦਰਦ ਠੀਕ ਹੋ ਗਈ ਤਾਂ ਸਮਝ ਲੈਣਾ ਕਿ ਕੋਈ ਮਹਾਨ ਬੇਅਦਬੀ ਹੋਈ ਹੈ ਤੇ ਜੇ ਠੀਕ ਨਾ ਹੋਈ ਤਾਂ ਇਹੋ ਸਮਝਾਂਗਾ ਕਿ ਇਹ ਮੇਰਾ ਐਵੇਂ ਹੀ ਫੁਰਨਾ ਸੀ।"

ਆਪ ਜੀ ਦਸਦੇ ਸਨ ਕਿ ਸੰਤ ਜੀ ਮਹਾਰਾਜ ਦੀ ਆਗਿਆ ਅਨੁਸਾਰ ਮੈਂ ਸ੍ਰੀ ਕੜਾਹ ਪ੍ਰਸ਼ਾਦਿ ਦੀ ਦੇਗ ਆਪ ਸਜਾ ਕੇ ਸਤਿਗੁਰੂ ਦੇ ਚਰਨਾਂ ਵਿਚ ਲੈ ਗਿਆ ਅਤੇ ਉਥੇ ਚੌਕੀ ਤੇ ਟਿਕਾ ਦਿੱਤਾ। ਸੰਤ ਲਖਬੀਰ ਸਿੰਘ ਜੀ ਮਹਾਰਾਜ ਨੇ ਆਪ ਸ੍ਰੀ ਅਨੰਦੁ ਸਾਹਿਬ ਜੀ ਦਾ ਪਾਠ ਕੀਤਾ ਅਤੇ ਸਤਿਗੁਰ ਦੇ ਦਰ ਤੇ ਅਰਦਾਸ ਕੀਤੀ। ਅਰਦਾਸ ਕਰਨ ਤੋਂ ਮਗਰੋਂ ਇਕ ਤਪੀਸ਼ਵਰ, ਅਨੁਭਵੀ ਰੱਬ ਰਸੀਦਾਂ ਦੀ ਗੁਰਸੇਵਾ ਕਰਨ ਵਾਲੇ ਮਹਾਪੁਰਸ਼ ਸੰਤ ਲਖਬੀਰ ਸਿੰਘ ਜੀ ਨੇ ਆਪ ਹੀ ਹੁਕਮਨਾਮਾ ਲਿਆ। ਹੁਕਮਨਾਮਾ ਲੈ ਕੇ ਬਾਬਾ ਜੀ ਨੂੰ, ਸ੍ਰੀ ਕੜਾਹ ਪ੍ਰਸ਼ਾਦਿ ਦਾ ਭੋਗ ਲਵਾਇਆ ਫਿਰ ਆਪ ਨੇ ਪ੍ਰਸ਼ਾਦ ਵਰਤਾਇਆ। ਜਿਸ ਵੇਲੇ ਮੈਨੂੰ ਪ੍ਰਸ਼ਾਦ ਦਾ ਗੱਫਾ ਮਿਲਿਆ ਤੇ ਮੈਂ ਛਕਿਆ ਉਸ ਵੇਲੇ ਮੇਰੇ ਬਾਂਹ ਦੀ ਦਰਦ ਖਤਮ ਹੋ ਗਈ। ਮੈਂ ਬਾਂਹ ਨੂੰ ਉਤਾਂਹ-ਹੇਠ ਕਰਨ ਲੱਗ ਪਿਆ। ਸੰਤ ਪੁੱਛਣ ਲਗੇ, "ਤੁਸੀਂ ਕੀ ਕਰਦੇ ਹੋ ?" ਮੈਂ ਕਿਹਾ ਕਿ, "ਮੈਂ ਬਾਂਹ ਦੀ ਪਰਖ ਕਰ ਰਿਹਾ ਹਾਂ ਕਿ ਦਰਦ ਹੈ ਕਿ ਨਹੀਂ।" ਕਹਿਣ ਲਗੇ, "ਫਿਰ ਪਰਖ ਕੈਸੀ ਹੋਈ ?" ਮੈਂ ਕਿਹਾ,"ਦਰਦ ਤਾਂ ਬਿਲਕੁਲ ਹੀ ਚਲੀ ਗਈ।" ਉਨ੍ਹਾਂ ਕਿਹਾ ਕਿ, "ਤੂੰ ਯਾਦ ਕਰੀਂ ਕਿ ਤੇਰੇ ਪਾਸੋਂ ਕੋਈ ਮਹਾਨ ਬੇਅਦਬੀ ਹੋਈ ਹੈ।"

ਮੈਂ ਕਈ ਦਿਨ ਸੋਚਦਾ ਰਿਹਾ। ਅਖੀਰ ਇਕ ਦਿਨ ਮੈਨੂੰ ਖਿਆਲ ਆਇਆ ਕਿ ਮੈਨੂੰ ਇਹ ਦਰਦ ਫ਼ਿਰੋਜ਼ਪੁਰ ਹੋਈ ਸੀ। ਫਿਰ ਮੈਨੂੰ ਯਾਦ ਆਇਆ ਕਿ ਮੈਂ ਇਕ ਮਹਾਤਮਾ ਦੇ ਪੈਰਾਂ ਨੂੰ ਹੱਥਾਂ ਨਾਲ ਲਪੇਟ ਕੇ ਛਾਤੀ ਨਾਲ ਲਾਇਆ ਸੀ ਸੋ ਫਿਰ ਸਫੁਰਨ ਹੋਇਆ ਕਿ ਮੈਨੂੰ ਮੇਰੇ ਦਾਤਾ ਜੀ ਨੇ ਕਿਹਾ ਸੀ ਕਿ ਤੈਨੂੰ ਹੁਣ ਗੁਰੂ ਪ੍ਰਮੇਸ਼ਵਰ ਤੋਂ ਬਿਨਾ ਕਿਸੇ ਦੇ ਅਗੇ ਝੁੱਕਣ ਦੀ ਲੋੜ ਨਹੀਂ ਹੈ। ਸੋ ਖਿਆਲ ਆਇਆ ਕਿ ਸਹਿਵਨ ਹੀ ਭੁਲ ਹੋਈ ਹੈ ਕਿ ਦਾਤਾ ਜੀ ਦੇ ਬਚਨਾਂ ਦੀ ਉਲੰਘਣਾ ਕੀਤੀ ਹੈ। ਸੋ ਇਸ ਕਰਮ ਦਾ ਫਲ ਮੈਨੂੰ ਤਿੰਨ ਚਾਰ ਮਹੀਨੇ ਦਰਦ ਰਹੀ ਹੈ। ਮਨ ਵਿਚ ਦ੍ਰਿੜ੍ਹਤਾ ਆ ਗਈ :-

"ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥
ਬਚਨੁ ਗੁਰੂ ਜੋ ਪੂਰੇ ਕਹਿਓ ਮੈ ਛੀਕਿ ਗਾਂਠਰੀ ਬਾਧਾ॥"

(ਸਾਰੰਗ ਮ. ੫)

ਰਵਿ ਮੈਲਾ ਮੈਲਾ ਹੈ ਚੰਦੂ

ਜਿਸ ਤਰ੍ਹਾਂ ਅੱਗ ਵਿਚ ਗਰਮੀ ਦੀ ਸ਼ਕਤੀ ਹੈ, ਸੂਰਜ ਵਿਚ ਪ੍ਰਕਾਸ਼ ਦੀ ਸ਼ਕਤੀ ਹੈ, ਵਾਯੂ ਵਿਚ ਚੱਲਣ ਦੀ ਸ਼ਕਤੀ ਹੈ, ਆਕਾਸ਼ ਵਿਚ ਨਾਦ ਦੀ ਸ਼ਕਤੀ ਹੈ, ਧਰਤੀ ਵਿਚ ਉਤਭੁਜ ਕਰਨ ਦੀ ਸ਼ਕਤੀ ਹੈ ਤਿਵੇਂ ਗੁਰਮਤਿ ਨਾਮ ਵਿਚ ਵੀ ਇਕ ਮਹਾਨ ਸ਼ਕਤੀ ਹੈ, ਜਿਸ ਦੁਆਰਾ ਮਨ ਦੀ ਜਨਮਾਂ ਜਨਮਾਤਰਾਂ ਦੀ ਮੈਲ ਉਤਰ ਜਾਂਦੀ ਹੈ। ਗੁਰਬਾਣੀ ਵਿਚ ਸਤਿਗੁਰੂ ਨੇ ਦੱਸਿਆ ਹੈ ਕਿ ਮਹਾਨ ਪਾਪਾਂ ਨਾਲ ਕਾਲਾ ਹੋਇਆ ਅੰਤਿਸ਼ਕਰਣ ਵੀ ਨਾਮ ਦੀ ਸ਼ਕਤੀ ਨਾਲ ਉੱਜਲ ਹੋ ਜਾਂਦਾ ਹੈ :-

"ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥"

ਜਿਨ੍ਹਾਂ ਮਹਾਪੁਰਸ਼ਾਂ ਨੇ ਇਸ ਨਾਮ ਦੀ ਸਾਧਨਾ ਵਿਚ ਆਪਣੇ ਆਪ ਨੂੰ ਪਾ ਦਿੱਤਾ, ਗੁਰੂ ਮੇਹਰ ਦੇ ਨਾਲ ਉਨ੍ਹਾਂ ਦਾ ਮਨ ਅਤਿ ਹੀ ਨਿਰਮਲ ਹੋ ਗਿਆ। ਉਥੇ ਕੋਈ ਵਿਕਾਰਾਂ ਦੀ ਮੈਲ, ਕੋਈ ਵਾਸ਼ਨਾ ਦੀ ਮੈਲ, ਕੋਈ ਆਸ ਅਤੇ ਅੰਦੇਸ਼ੇ ਦੀ ਮੈਲ ਨਹੀਂ ਟਿਕ ਸਕਦੀ। ਜਿਵੇਂ ਕਿ ਕਮਲ ਦੀ ਪੰਖੜੀ ਤੇ ਜੇਕਰ ਪਾਣੀ ਦੀ ਬੂੰਦ ਪੈ ਵੀ ਜਾਏ ਤਾਂ ਫੌਰਨ ਗਿਰ ਪੈਂਦੀ ਹੈ। ਪਰ ਇਸ ਅਵਸਥਾ ਤੇ ਪਹੁੰਚਣ ਲਈ ਤਿੰਨ ਚੀਜ਼ਾਂ ਦੀ ਅਤਿਅੰਤ ਲੋੜ ਹੈ। ਇਕ ਬੀਤਰਾਗ ਮਹਾਪੁਰਸ਼ ਦਾ ਸੰਗ, ਦੂਸਰਾ ਗੁਰਦੀਖਸ਼ਤ ਨਾਮ ਅਤੇ ਤੀਸਰਾ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਪੂਰਨ ਨਿਸ਼ਚਾ ਅਤੇ ਗੁਰਬਾਣੀ ਨਾਲ ਡੂੰਘਾ ਪਿਆਰ। ਗੁਰਬਾਣੀ ਮਨ ਦੇ ਅੰਦਰ ਰੱਬ ਦੇ ਨਾਮ ਦਾ ਸਿਦਕ, ਭਰੋਸਾ, ਉੱਚਤਾ ਤੇ ਪਿਆਰ ਬਖਸ਼ਦੀ ਹੈ। ਜਿਉਂ-ਜਿਉਂ ਗੁਰਬਾਣੀ ਅੰਦਰ ਆਵੇਸ਼ ਕਰਦੀ ਹੈ ਤਿਉਂ ਤਿਉਂ ਨਾਮ ਦੀ ਲਟਕ ਅਤੇ ਲਗਨ ਜ਼ਿਆਦਾ ਲੱਗਦੀ ਹੈ। ਬੀਤਰਾਗ ਮਹਾਪੁਰਸ਼ ਨਾਮ ਦੀ ਸਾਧਨਾ ਵਿਚ ਆਏ ਹੋਏ ਅਟਕਾਰਿਆਂ ਨੂੰ ਦੱਸਦਾ ਹੈ ਜਿਥੇ ਕਿ ਸਾਧਕ ਦੀ ਸੁਰਤ ਉਲਝ ਜਾਂਦੀ ਹੈ। ਆਪ ਮਹਾਰਾਜ ਨੇ ਕਿਹਾ ਹੈ "ਅਨਿਕ ਬਿਘਨ ਤੇ ਸਾਧੂ ਰਾਖੈ॥" ਗੁਰਦੀਖਸ਼ਤ ਨਾਮ ਇਕ ਸਜਿੰਦ ਦਾਣੇ ਵਾਂਗ ਹੈ ਜਿਸ ਵਿਚੋਂ ਅਨੰਤ ਸਿੱਟੇ ਨਿਕਲਦੇ ਹਨ। ਜੋ ਨਾਮ ਗੁਰਮਤਿ ਅਨੁਸਾਰ ਗੁਰਦੀਖਸ਼ਤ ਨਹੀਂ, ਉਹ ਸਜਿੰਦ ਨਹੀਂ। ਗੁਰਦੀਖਸ਼ਤ ਨਾਮ ਵਾਲੇ ਦੇ ਉੱਪਰ ਸਦਾ ਕਲਗੀਧਰ ਪਾਤਸ਼ਾਹ ਦੀ ਮੇਹਰ ਦੀ ਨਜ਼ਰ ਰਹਿੰਦੀ ਹੈ। ਉਹ ਨਿਖਸਮਾ ਨਹੀਂ ਰਹਿੰਦਾ, ਖਸਮ ਵਾਲਾ ਹੋ ਜਾਂਦਾ ਹੈ।

ਜਦੋਂ ਇਸ ਤਰ੍ਹਾਂ ਤਿੰਨਾਂ ਅੰਗਾਂ ਨੂੰ ਲੈ ਕੇ ਨਾਮ ਦੀ ਘਾਲ ਘਾਲੀ ਜਾਏ ਤਾਂ ਉਹ ਜਨਮਾਂ ਜਨਮਾਤਰਾਂ ਦੇ ਮਨ ਦੀ ਕਾਲਖ ਨੂੰ ਧੋ ਦਿੰਦੀ ਹੈ ਅਤੇ ਅੰਦਰ ਆਤਮ ਜੋਤ ਜਗਮਗ ਕਰ ਉਠਦੀ ਹੈ।

ਭਗਤ ਕਬੀਰ ਜੀ ਨੂੰ ਜਦੋਂ ਇਹ ਅਵਸਥਾ ਪ੍ਰਾਪਤ ਹੋਈ ਤਦੋਂ ਉਨ੍ਹਾਂ ਦੇ ਮੂੰਹ ਵਿਚੋਂ ਬੇਵਸਾ ਨਿਕਲ ਗਇਆ "ਰਵਿ ਮੈਲਾ ਮੈਲਾ ਹੈ ਚੰਦੁ॥" ਜਿਸ ਤਰ੍ਹਾਂ ਕੋਈ ਪਰਉਪਕਾਰੀ ਮੁਸਾਫਰ ਸੜਕ ਤੇ ਜਾਂਦਿਆਂ ਲੋਕਾਂ ਦੀ ਭਲਾਈ ਲਈ ਥੋੜ੍ਹੀ ਥੋੜ੍ਹੀ ਵਿਥ ਤੇ ਕੋਈ ਨਾ ਕੋਈ ਨਿਸ਼ਾਨੀ ਛਡਦਾ ਜਾਂਦਾ ਹੈ ਤਾਂ ਕਿ ਪਿੱਛੋਂ ਆਣ ਵਾਲੇ ਮੁਸਾਫਰ ਨਿਰਸੰਸੇ ਹੋ ਕੇ ਸੜਕ ਤੇ ਚਲਦੇ ਜਾਣ ਅਤੇ ਉਹ ਨਿਰਸੰਸੇ ਹੋ ਕੇ ਮੰਜ਼ਲ ਮਕਸੂਦ ਤੇ ਪਹੁੰਚ ਜਾਣ, ਇਸੇ ਤਰ੍ਹਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਨੇ ਜਿਤਨੀ ਰਚਨਾ ਰਚੀ, ਉਸ ਸਾਰੀ ਰਚਨਾ ਵਿਚ, ਚਾਹੇ ਉਹ ਕਵਿਤਾ ਹੈ, ਚਾਹੇ ਵਾਰਤਕ ਹੈ, ਚਾਹੇ ਰਾਣਾ ਸੂਰਤ ਸਿੰਘ ਹੈ, ਚਾਹੇ ਸ੍ਰੀ ਕਲਗੀਧਰ ਚਮਤਕਾਰ, ਗੁਰੂ ਨਾਨਕ ਚਮਤਕਾਰ, ਬਾਬਾ ਨੌਧ ਸਿੰਘ, ਚਾਹੇ ਸਤਵੰਤ ਕੌਰ, ਚਾਹੇ ਸੁੰਦਰੀ ਯਾ ਬਿਜੈ ਸਿੰਘ, ਮਟਕ ਹੁਲਾਰੇ, ਲਹਿਰਾਂ ਦੇ ਹਾਰ, ਚਾਹੇ ਟੀਕੇ, ਚਾਹੇ ਸੂਰਜ ਪ੍ਰਕਾਸ਼ ਦੀ ਟੀਕਾ ਟਿਪਣੀ ਭਾਵ ਸਮੁੱਚੀ ਹੀ ਰਚਨਾ ਵਿਚ, ਉਨ੍ਹਾਂ ਨੇ ਰੱਬ ਦੇ ਰਸਤੇ ਪੰਧਾਊ ਲਈ "ਗੁਰੂ ਨਾਨਕ ਗਾਡੀ ਰਾਹ" ਤੇ ਚੱਲਣ ਵਾਲੇ ਲਈ ਵੱਖੋ ਵੱਖ ਜਗ੍ਹਾ ਤੇ ਨਿਸ਼ਾਨੀਆਂ ਰੱਖ ਦਿੱਤੀਆਂ ਹਨ ਤਾਂ ਕਿ ਆਤਮ-ਪਰਮਾਤਮ ਮੰਡਲ ਦਾ ਪੰਧਾਊ ਨਿਰਸੰਸੇ ਹੋ ਕੇ ਚੱਲ ਸਕੇ। ਉਨ੍ਹਾਂ ਦੀ ਸਾਰੀ ਰਚਨਾ ਵਿਚ ਹੀ ਉਨ੍ਹਾਂ ਦੇ ਪ੍ਰਮਾਰਥਕ ਤਜਰਬੇ ਹਨ। ਉਨ੍ਹਾਂ ਨੂੰ ਪ੍ਰਮਾਰਥ ਦੇ ਰਸਤੇ ਚੱਲਦਿਆਂ ਜੋ ਜੋ ਤਜਰਬੇ ਪ੍ਰਾਪਤ ਹੋਏ ਉਹ ਉਨ੍ਹਾਂ ਨੇ ਆਪਣੇ ਸਾਰੇ ਸਾਹਿਤ ਵਿਚ ਅੰਕਿਤ ਕਰ ਦਿੱਤੇ। ਉਨ੍ਹਾਂ ਨੇ ਸਾਰੇ ਸਾਹਿਤ (ਰਚਨਾ) ਵਿਚ ਇਕ ਵੀ ਅੱਖਰ ਐਸਾ ਨਹੀਂ ਲਿਖਿਆ ਜੋ ਉਨ੍ਹਾਂ ਦੇ ਪ੍ਰਮਾਰਥਕ ਤਜਰਬੇ ਤੋਂ ਨਹੀਂ ਲੰਘਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਵਿਚ ਜਿਤਨੀ ਵੀ ਬਾਣੀ ਹੈ ਚਾਹੇ ਗੁਰੂ ਸ਼੍ਰੇਣੀ ਦੀ, ਚਾਹੇ ਭਗਤ ਸ਼੍ਰੇਣੀ ਦੀ, ਚਾਹੇ ਭਟ ਸ਼੍ਰੇਣੀ ਦੀ, ਉਸ ਸਮੁੱਚੀ ਬਾਣੀ ਵਿਚ ਆਤਮ ਪਰਮਾਤਮ ਮੰਡਲ ਦੇ ਤਜਰਬੇ ਹੀ ਤਜਰਬੇ ਹਨ। ਇਸ ਚੀਜ਼ ਨੂੰ ਸਮਝ ਕੇ ਭਾਈ ਸਾਹਿਬ ਜੀ ਨੇ ਗੁਰਬਾਣੀ ਦੀ ਮੰਤਰ ਸ਼ਕਤੀ ਜਾਂ ਗਿਆਨ ਸ਼ਕਤੀ ਵੱਲ ਇਤਨਾ ਧਿਆਨ ਨਹੀਂ ਦਿੱਤਾ ਜਿਤਨਾ ਕਿ ਗੁਰਬਾਣੀ ਦੇ ਤਜਰਬਿਆਂ ਵੱਲ ਆਪ ਨੇ ਧਿਆਨ ਦਿੱਤਾ। ਮੈਨੂੰ ਛੋਟੇ ਹੁੰਦਿਆਂ ਤੋਂ ਯਾਦ ਹੈ ਕਿ ਜਦੋਂ ਇਕ ਦਿਨ ਅੰਮ੍ਰਿਤ ਵੇਲੇ "ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥" ਦਾ ਤਜਰਬਾ ਭਾਈ ਸਾਹਿਬ ਜੀ ਦੀ ਪਵਿੱਤਰ ਆਤਮਾ ਤੋਂ ਲੰਘਿਆ ਤੇ ਉਨ੍ਹਾਂ ਨੇ ਉਹ ਸਾਰਾ ਤਜਰਬਾ ਅੰਮ੍ਰਿਤ ਵੇਲੇ ਦਾ ਉਸੇ ਰਾਤ ਨੂੰ ਮੇਰੇ ਸੰਤ ਪਿਤਾ ਜੀ ਨੂੰ ਦੱਸਿਆ। ਉਹ ਤਜਰਬੇ ਦੇ ਅੱਖਰ ਮੇਰੇ ਕੰਨਾਂ ਥਾਣੀਂ ਹੁਣ ਤੱਕ ਗੂੰਜਦੇ ਹਨ।

ਸੰਨ 1951 ਦਾ ਵਾਕਿਆ ਜਾਂ ਜ਼ਿਕਰ ਹੈ ਕਿ ਭਾਈ ਸਾਹਿਬ ਬੰਬਈ ਊਸ਼ਾ ਕਿਰਨ ਵਿਚ ਟਿਕੇ ਹੋਏ ਸਨ। ਹਰੇਕ ਗੁਣੀ ਦਾ ਗੁਣ ਅਗਾਂਹ ਹੀ ਅਗਾਂਹ ਵਧਦਾ ਹੈ, ਜਦ ਕਿ ਗੁਣ ਦੀ ਪ੍ਰਸੰਸਾ ਕੀਤੀ ਜਾਵੇ, ਗੁਣੀ ਦਾ ਮਨ ਪ੍ਰਸੰਸਾ ਲੈ ਕੇ ਉੱਚਾ ਹੁੰਦਾ ਹੈ ਅਤੇ ਉਸ ਉਚਾਈ ਵਿਚੋਂ ਉਸ ਦੇ ਗੁਣ ਦੀਆਂ ਹੋਰ ਲਾਟਾਂ ਪਰਜੁਲਤ ਹੁੰਦੀਆਂ ਹਨ।

ਭਾਈ ਸਾਹਿਬ ਕੀਰਤਨ ਦੇ ਆਸ਼ਿਕ ਸਨ। ਕੀਰਤਨ ਦੀ ਧੁਨੀ ਉਨ੍ਹਾਂ ਨੂੰ ਮਸਤ ਅਲਮਸਤ ਕਰ ਦਿੰਦੀ ਸੀ। ਕੀਰਤਨ ਦੀ ਲੈਅ ਉਨ੍ਹਾਂ ਨੂੰ ਲਿਵ-ਸਮਾਧ ਵਿਚ ਟਿਕਾ ਦਿੰਦੀ ਸੀ। ਭਾਈ ਮੋਹਨ ਸਿੰਘ ਨੇ ਦੱਸ ਕੁ ਵਜੇ ਦੇ ਲਗਭਗ ਕੀਰਤਨ ਸ਼ੁਰੂ ਕੀਤਾ। ਇਹ ਕੀਰਤਨ ਸਤਿਸੰਗੀ ਕੀਰਤਨ ਨਹੀਂ ਸੀ, ਇਹ ਵਿਅਕਤੀਗਤ ਕੀਰਤਨ ਸੀ। ਦੋ ਤਿੰਨ ਵਿਅਕਤੀਆਂ, ਕੀਰਤਨ ਦੇ ਜਥੇ ਤੋਂ ਇਲਾਵਾ ਉਸ ਅਸਥਾਨ ਤੇ ਸਜ ਰਹੀਆਂ ਸਨ। ਭਾਈ ਸਾਹਿਬ ਲਲਿਤ ਕਲਾ ਦੇ ਗਾਣ ਵਾਲੇ, ਸੰਗੀਤਾਚਾਰੀ ਦੀ ਲੈਅ ਵਿਚ ਨਿਮਗਨ ਹੋ ਚੁੱਕੇ ਸਨ। ਇੰਞ ਮਾਲੂਮ ਹੁੰਦਾ ਸੀ ਕਿ ਰਾਗ ਸੰਮਿਲਤ ਗੁਰਬਾਣੀ ਦੇ ਕੀਰਤਨ ਦੇ ਨਾਲ ਭਾਈ ਸਾਹਿਬ ਜੀ ਮਹਾਰਾਜ ਦੀ ਪਵਿੱਤਰ ਆਤਮਾ ਨੂੰ ਖੰਭ ਲੱਗ ਗਏ ਹਨ ਅਤੇ ਉਹ ਰੱਬੀ ਮੰਡਲ ਵਿਚ ਪ੍ਰਵੇਸ਼ ਕਰ ਗਈ ਹੈ। ਕੀਰਤਨ ਦੀ ਧੁਨੀ ਸਮਾਪਤ ਹੋ ਗਈ। ਭਾਈ ਸਾਹਿਬ ਲਿਵ ਦੇ ਮੰਡਲ ਵਿਚ ਟਿਕੇ ਰਹੇ। ਥੋੜ੍ਹੇ ਸਮੇਂ ਪਿੱਛੋਂ ਕੀਰਤਨੀਏ ਨਮਸਕਾਰ ਕਰ ਕੇ ਚਲੇ ਗਏ ਤੇ ਕੁਛ ਸਮੇਂ ਮਗਰੋਂ ਆਪ ਦੇ ਅਮਿਅ-ਰਸ-ਤ੍ਰਿਬੁਢ ਨੈਣ ਖੁੱਲ੍ਹ ਗਏ। ਕਮਰੇ ਵਿਚ ਚੁਪ ਹੀ ਚੁਪ ਸੀ।

ਸਮਾਂ ਲੰਘ ਗਿਆ। ਭਾਈ ਸਾਹਿਬ ਵਿਸਮਾਦ ਤੋਂ ਧਿਆਨ ਮੰਡਲ ਵਿਚ, ਧਿਆਨ ਤੋਂ ਸਿਮਰਨ ਵਿਚ, ਸਿਮਰਨ ਤੋਂ ਜਪ ਦੇ ਮੰਡਲ ਵਿਚ ਆ ਗਏ। ਉਨ੍ਹਾਂ ਦੇ ਪਵਿੱਤਰ ਹੱਥਾਂ ਦੀਆਂ ਚਾਰ ਉਂਗਲੀਆਂ ਚੱਲ ਰਹੀਆਂ ਸਨ ਮਾਨੋ ਚੋਹਾਂ ਹੀ ਉਂਗਲ ਤੇ "ਵਾ, ਹਿ, ਗੁ, ਰੂ" ਸੁਤੰਤਰ ਚੱਲ ਰਿਹਾ ਹੈ। ਇਕ ਦੋ ਚਾਰ ਸੱਜਣ ਜੋ ਵਿਅਕਤੀ ਬੈਠੇ ਸਨ, ਉਹ ਵੀ ਚਲੇ ਗਏ ਅਤੇ ਸੰਤ ਸੱਜਣ ਸਿੰਘ ਅਤੇ ਇਹ ਦਾਸ ਉਥੇ ਹੀ ਰਹਿ ਗਏ। ਆਪ ਉਠ ਕੇ ਆਪਣੇ ਕਮਰੇ ਵਿਚ ਜਾ ਬੈਠੇ। ਅੱਧੇ ਘੰਟੇ ਬਾਅਦ ਫਿਰ ਬਾਹਰ ਨਿਕਲ ਆਏ। ਕਹਿਣ ਲੱਗੇ ਕਿ ਜਦੋਂ ਸਾਈਂ ਮੇਹਰ ਨਾਲ ਨਾਮ ਦੀ ਘਾਲ ਸਾਈਂ ਦਰ ਤੇ ਥਾਂ ਪੈਂਦੀ ਹੈ ਤਦੋਂ ਸਾਰੇ ਸਰੀਰ ਵਿਚ ਪਵਿੱਤਰਤਾ, ਸਾਰੇ ਇੰਦਰਿਆਂ ਵਿਚ ਪਵਿੱਤਰਤਾ, ਮਨ ਵਿਚ ਪਵਿੱਤਰਤਾ ਆ ਜਾਂਦੀ ਹੈ। ਜੇਕਰ ਉਸ ਸਮੇਂ ਵਿਕਾਰ ਦਾ ਕੋਈ ਫੁਰਨਾ ਆਪ ਨੂੰ ਫੁਰੇ ਜਾਂ ਕਿਸੇ ਵਿਕਾਰੀ ਨੂੰ ਫੁਰੇ ਤਾਂ ਉਸ ਨਾਮ ਦੇ ਘਾਲੀ ਦਾ ਜੀਅ ਘਬਰਾ ਜਾਂਦਾ ਹੈ ਅਤੇ ਕਈ ਵਾਰੀ ਉਸ ਨੂੰ ਉਛਲ ਆ ਜਾਂਦੀ ਹੈ।

ਆਪ ਦੱਸਣ ਲੱਗੇ ਕਿ ਮੇਰੇ ਵੀਰ ਸ. ਜੈਰਾਜ ਸਿੰਘ ਜੀ ਦੀ ਜਨੇਤ ਜਾ ਰਹੀ ਸੀ ਅਤੇ ਕੁਦਰਤਨ ਰੱਬ ਦੀ ਮੇਹਰ ਕਰ ਕੇ ਦਾਤੇ ਲੋਗਾਂ ਦੀ ਬਖਸ਼ਿਸ਼ ਕਰ ਕੇ ਮੇਰਾ ਮਨ ਉਸ ਸਮੇਂ ਨਿਰਮਲ ਹੋ ਰਿਹਾ ਸੀ। ਆਤਮ-ਜੋਤੀ ਜਗਮਗ ਕਰ ਰਹੀ ਸੀ। ਮੇਰੇ ਨਾਲ ਸੰਤ ਲਖਬੀਰ ਸਿੰਘ ਜੀ ਮਹਾਰਾਜ ਵੀ ਜਾ ਰਹੇ ਸਨ। ਅਚਾਨਕ ਇਕ ਚੌਰਾਹੇ ਤੇ ਜਨੇਤ ਅਟਕੀ, ਵਾਜੇ ਵਾਲਿਆਂ ਨੇ ਰੌਣਕ ਵਾਲੀ ਜਗ੍ਹਾ ਨੂੰ ਦੇਖ ਕੇ ਆਪਣੇ ਵਾਜਿਆਂ ਨੂੰ ਪੂਰ ਅਸਰ ਬਜਾਣਾ ਸ਼ੁਰੂ ਕੀਤਾ। ਲੋਕਾਂ ਦੀ ਭੀੜ ਵੱਧਣ ਲੱਗੀ। ਕੋਠਿਆਂ ਤੇ ਬਾਰੀਆਂ ਵਿਚੋਂ ਬੀਬੀਆਂ ਝਾਕਣ ਲੱਗੀਆਂ। ਇਕ ਪੂਰਨ ਸ਼ਿੰਗਾਰਾਂ ਵਿਚ ਸਜੀ ਬੀਬੀ ਇਕ ਬਾਰੀ ਵਿਚ ਖੜੀ ਜਨੇਤ ਨੂੰ ਤੱਕ ਰਹੀ ਸੀ। ਉਸ ਦੇ ਨੈਣਾਂ ਦੇ ਕਟਾਖਸ਼ ਕੁਦਰਤਨ ਮੇਰੇ ਤੇ ਪਏ। ਮੇਰੇ ਨੈਣਾਂ ਨੇ ਉਹ ਕਟਾਖ਼ਸ ਤਕੇ। ਇਤਨੀ ਦੇਰ ਵਿਚ ਕੀ ਹੋਇਆ ਕਿ ਮੇਰਾ ਜੀਅ ਘਬਰਾਣ ਲੱਗ ਪਿਆ। ਜਨੇਤ ਅਗੇ ਟੁਰ ਗਈ ਅਤੇ ਮੈਂ ਉਥੇ ਇਕ ਨਾਲੀ ਦੇ ਕੰਢੇ ਬੈਠ ਗਿਆ। ਮੈਨੂੰ ਜ਼ਬਰਦਸ਼ਤ ਕੈਅ (ਉਛਲ) ਆਈ। ਮੈਂ ਸਿਰ ਤੋਂ ਲੈ ਕੇ ਪੈਰਾਂ ਤਕ ਪਸੀਨੇ ਨਾਲ ਭਰ ਗਿਆ। ਜਦੋਂ ਸਾਰਾ ਖਾਧਾ ਪੀਤਾ ਨਿਕਲ ਗਿਆ, ਮੇਰੀ ਛਾਤੀ ਸਾਫ ਹੋ ਗਈ, ਮੈਂ ਉਠ ਖਲੋਤਾ ਅਤੇ ਜਨੇਤ ਦੇ ਪਿੱਛੇ ਪਿੱਛੇ ਚੱਲ ਪਿਆ। ਸੰਤ ਲਖਬੀਰ ਸਿੰਘ ਜੀ ਮੇਰੇ ਵੱਲ ਆ ਰਹੇ ਸਨ ਤੇ ਮੈਨੂੰ ਪੁੱਛਣ ਲਗੇ ਕਿ, "ਕੀ ਹੋਇਆ ?"

ਮੈਂ ਉਨ੍ਹਾਂ ਨੂੰ ਸਭ ਕੁਝ ਦੱਸਿਆ। ਕਹਿਣ ਲਗੇ ਜੇਕਰ ਕਮਲ ਦੇ ਪੱਤੇ ਤੇ ਪਾਣੀ ਦੀ ਬੂੰਦ ਸੁੱਟ ਵੀ ਦਿੱਤੀ ਜਾਵੇ ਤਾਂ ਫੌਰਨ ਹੀ ਕਮਲ ਉਸ ਨੂੰ ਸੁੱਟ ਦਿੰਦਾ ਹੈ। ਇਸੇ ਤਰ੍ਹਾਂ ਹੀ ਤੁਹਾਡੇ ਮਨ ਨੇ ਉਸ ਦੇ ਮੈਲੇਪਨ ਨੂੰ ਆਪਣੇ ਉੱਪਰ ਟਿਕਣ ਨਹੀਂ ਦਿੱਤਾ ਅਤੇ ਉਹ ਮੈਲ ਬਣ ਕੇ ਬਾਹਰ ਨਿਕਲ ਆਈ ਹੈ। ਇਹ ਆਤਮ ਸੁੰਦਰਤਾ ਹੈ ਜਿਥੇ ਸਵੈ ਅਤੇ ਹੋਰ ਮੈਲਾਂ ਆਪਣੇ ਆਪ ਦੂਰ ਹੋ ਜਾਂਦੀਆਂ ਹਨ ।

ਦਿਲ ਦਰਵਾਨੀ ਜੋ ਕਰੇ

ਤਰਨਤਾਰਨ ਦੇ ਸਤਿਪੁਰਸ਼ ਸੰਤ ਭਾਈ ਭੋਲਾ ਸਿੰਘ ਜੀ ਇਕ ਉਚਕੋਟੀ ਦੇ ਬੀਤਰਾਗ ਮਹਾਪੁਰਸ਼ ਸਨ। ਉਨ੍ਹਾਂ ਦੇ ਮਨ ਅੰਦਰ ਤੀਬਰ ਵੈਰਾਗ ਸੀ। ਜਦੋਂ ਉਨ੍ਹਾਂ ਦੇ ਮਹਾਪੁਰਸ਼ ਉਨ੍ਹਾਂ ਨੂੰ ਗੱਦੀ ਦੇਣ ਲਗੇ ਤਾਂ ਉਹ ਚੁਪ ਚੁਪਾਤੇ ਰਾਤੋ ਰਾਤ ਨੱਸ ਗਏ। ਗੱਦੀ ਉੱਪਰ ਬੈਠਣਾ, ਉਨ੍ਹਾਂ ਦੇ ਮਨ ਉੱਪਰ ਬੋਝ ਸੀ। ਉਹ ਇਸ ਜ਼ਿੰਮੇਵਾਰੀ ਨੂੰ ਨਹੀਂ ਚੁਕਣਾ ਚਾਹੁੰਦੇ ਸਨ। ਉਨ੍ਹਾਂ ਦੇ ਮਨ ਦੀ ਅਵਸਥਾ ਸੰਸਾਰ ਦੀ ਮਾਨ ਮਹੱਤਤਾ ਤੋਂ ਬਹੁਤ ਅਗੇ ਲੰਘ ਗਈ ਸੀ। ਇਸ ਲਈ ਉਹ ਗੱਦੀ ਉੱਤੇ ਬੈਠਣ ਤੋਂ ਉਪਰਾਮ ਸਨ। ਸਵੇਰ ਹੋਈ। ਦੀਵਾਨ ਸਜੇ, ਸੰਤਾਂ ਸਾਧਾਂ ਦੀ ਇਕੱਤਰਤਾ ਹੋਈ। ਜਦ ਗੱਦੀ ਦਾ ਮੁਕੱਰਰ ਸਮਾਂ ਆਇਆ ਤਾਂ ਵੱਡੇ ਸੰਤਾਂ ਨੇ ਕਿਹਾ, "ਜਾਉ ! ਸੰਤ ਭੋਲਾ ਸਿੰਘ ਨੂੰ ਬੁਲਾਓ।" ਤਾਂ ਸੇਵਕਾਂ ਨੇ ਦੱਸਿਆ ਕਿ, "ਮਹਾਰਾਜ ! ਸੰਤ ਭਾਈ ਭੋਲਾ ਸਿੰਘ ਤਾਂ ਡੇਰੇ ਨਹੀਂ ਹਨ।" ਹਰਿਮੰਦਰ ਸਾਹਿਬ ਇਧਰ ਉਧਰ ਟੋਲ ਭਾਲ ਕੀਤੀ ਪਰ ਕੁਝ ਪਤਾ ਨਾ ਲੱਗਾ। ਆਖਿਰ ਸੰਤ ਅੰਤਰਧਿਆਨ ਹੋਏ ਤਾਂ ਕੀ ਤਕਿਆ ਕਿ, "ਸੰਤ ਭੋਲਾ ਸਿੰਘ ਜੀ ਵਾਹੋ ਦਾਹੀ ਦੱਖਣ ਵੱਲ ਦੌੜੇ ਜਾ ਰਹੇ ਹਨ।" ਉਸੇ ਵੇਲੇ ਸੰਤਾਂ ਨੇ ਨੈਣ ਖੋਲ੍ਹੇ। ਮਿਲਟਰੀ ਵਾਲੇ ਸਤਿਸੰਗੀ ਉਨ੍ਹਾਂ ਦੇ ਦਰਬਾਰ ਵਿਚ ਬੈਠੇ ਸਨ। ਉਨ੍ਹਾਂ ਨੂੰ ਸੰਤਾਂ ਨੇ ਆਗਿਆ ਕੀਤੀ ਕਿ, "ਘੋੜਿਆਂ ਤੇ ਦੱਖਣ ਦਿਸ਼ਾ ਵੱਲ ਜਾਉ ਤੇ ਸੰਤ ਭੋਲਾ ਸਿੰਘ ਨੂੰ ਪਕੜ ਕੇ ਘੋੜੇ ਤੇ ਬਹਾ ਕੇ ਆਪਣੇ ਨਾਲ ਵਾਪਸ ਲੈ ਆਉ।"

ਆਗਿਆ ਅਨੁਸਾਰ, ਉਹ ਘੋੜਸਵਾਰ, ਘੋੜਿਆਂ ਤੇ ਦੌੜੇ, ਅਤੇ ਸੰਤਾਂ ਨੂੰ ਪਕੜ ਲਿਆ ਅਤੇ ਘੋੜੇ ਤੇ ਬਿਠਾ ਕੇ ਉਨ੍ਹਾਂ ਨੂੰ ਵਪਾਸ ਲੈ ਆਂਦਾ। ਸੰਤ ਭੋਲਾ ਸਿੰਘ ਜੀ ਦਰਬਾਰ ਵਿਚ ਪਹੁੰਚੇ। ਸੰਤਾਂ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਫਿਰ ਸਾਰੀ ਸਾਧ ਸੰਗਤ ਨੂੰ ਨਮਸਕਾਰ ਕਰ ਕੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ। ਸੰਤਾਂ ਨੇ ਪੁੱਛਿਆ ਕਿ, "ਭਾਈ ਭੋਲਾ ਸਿੰਘ ਜੀ! ਆਪ ਨੱਸ ਕਿਉਂ ਗਏ ਸੀ ?" ਕਹਿਣ ਲਗੇ, "ਮਹਾਰਾਜ ਗੱਦੀ ਦੀ ਪੋਟ ਬੜੀ ਹੀ ਭਾਰੀ ਹੈ ਤੇ ਮੈਥੋਂ ਚੁੱਕ ਨਹੀਂ ਹੁੰਦੀ। ਤੁਸੀਂ ਕਿਸੇ ਹੋਰ ਦੇ ਉੱਪਰ ਇਸ ਗੱਦੀ ਦੀ ਮਿਹਰ ਕਰ ਦਿਉ।" ਤਾਂ ਸੰਤਾਂ ਕਿਹਾ ਕਿ, "ਤੇਰੇ ਮਨ ਦਾ ਕਿਹਾ ਮੰਨੀਏ ਜਾਂ ਆਪਣੇ ਮਨ ਦਾ ਕਿਹਾ ਮੰਨੀਏ।" ਤਾਂ ਭਾਈ ਭੋਲਾ ਸਿੰਘ ਜੀ ਨੇ ਕਿਹਾ, "ਸਤਿਪੁਰਸ਼ੋ! ਆਪ ਆਪਣੇ ਮਨ ਦੀ ਮਰਜ਼ੀ ਕਰੋ।" ਤਾਂ ਸੰਤ ਕਹਿਣ ਲਗੇ ਕਿ, "ਮੇਰੇ ਮਨ ਦੀ ਮਰਜ਼ੀ ਤਾਂ ਇਹ ਹੈ ਕਿ ਗੱਦੀ ਤੇ ਮੈਂ ਤੈਨੂੰ ਹੀ ਬਿਠਾਵਾਂ।" ਸੰਤ ਭੋਲਾ ਸਿੰਘ ਜੀ ਨੇ ਸਿਰ ਨਿਵਾ ਦਿੱਤਾ ਤੇ ਵੱਡੇ ਸੰਤਾਂ ਨੇ ਮਰਯਾਦਾ ਅਨੁਸਾਰ ਗੱਦੀ ਤੇ ਉਨ੍ਹਾਂ ਨੂੰ ਬਿਠਾ ਦਿੱਤਾ। ਆਪ ਫਿਰ ਦਰਬਾਰ ਵਿਚ ਖੜ੍ਹੇ ਹੋਏ ਤੇ ਕਹਿਣ ਲਗੇ, "ਦੇਖ ਭਾਈ ਭੋਲਾ ਸਿੰਘ! ਤੂੰ ਡੇਰੇ ਦੇ ਚੁਬਾਰੇ ਵਿਚ ਬੈਠਾ ਰਹੀਂ ਤੇ ਡੇਰੇ ਦੇ ਸਾਰੇ ਕਾਰਜ ਕਰਤਾ ਪੁਰਖ ਆਪ ਕਰਦਾ ਰਹੇਗਾ।"

ਸਮਾਂ ਲੰਘਦਾ ਗਿਆ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੱਸਣ ਲਗੇ ਕਿ ਸੰਤ ਭੋਲਾ ਸਿੰਘ ਜੀ, ਸ੍ਰੀ ਹਰਿਮੰਦਰ ਸਾਹਿਬ, ਤਰਨਤਾਰਨ ਦੀ ਵੱਡੀ ਪ੍ਰਕਰਮਾ ਵਿਚ ਪ੍ਰਕਰਮਾ ਕਰ ਰਹੇ ਸਨ। ਉਸ ਭੀੜ ਵਿਚ ਕੋਈ ਕੋਈ ਪ੍ਰੇਮੀ ਆ ਕੇ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਦਾ ਸੀ। ਸੰਤ ਉਸ ਨੂੰ ਪਿਆਰ ਕਰਦੇ ਸਨ ਥਾਪੜਾ ਦਿੰਦੇ ਸਨ। ਸੁਖ ਸਾਂਦ ਪੁੱਛਦੇ ਸਨ। ਅਸੀਸ ਦਿੰਦੇ ਸਨ, ਤੇ ਕੋਈ ਕੋਈ ਪ੍ਰੇਮੀ ਦੂਰੋਂ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਂਦਾ ਸੀ। ਅਚਾਨਕ ਸੰਤਾਂ ਨੇ ਆਪਣੇ ਮਨ ਦੇ ਅੰਦਰ ਝਾਤ ਪਾਈ ਤੇ ਕੀ ਤਕਿਆ ਕਿ ਜਿਹੜੇ ਤਾਂ ਮੱਥਾ ਟੇਕਦੇ ਹਨ ਉਹ ਮਨ ਨੂੰ ਪਿਆਰੇ ਲਗਦੇ ਹਨ ਤੇ ਜੋ ਫ਼ਤਹਿ ਬੁਲਾਂਦੇ ਹਨ ਉਹ ਮਨ ਨੂੰ ਚੰਗੇ ਨਹੀਂ ਭਾਸਦੇ। ਮਨ ਦੀ ਇਸ ਕਸਰ ਨੂੰ ਸੰਤ ਭੋਲਾ ਸਿੰਘ ਜੀ ਨੇ 6 ਮਹੀਨੇ ਮਿਹਨਤ ਕਰ ਕੇ ਦੂਰ ਕੀਤਾ। ਘਾਲੀ ਪੁਰਸ਼ ਲਈ ਸਤਿਗੁਰੂ, ਬਾਣੀ ਵਿਚ ਤਾਕੀਦ ਕਰਦੇ ਹਨ, "ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥"

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੱਸਣ ਲੱਗੇ, ਕਿ "ਸੱਚਾ ਘਾਲੀ ਹਰ ਵਕਤ ਆਪਣੇ ਦਿਲ ਦਾ ਪਹਿਰਾ ਦਿੰਦਾ ਹੈ ਅਤੇ ਦਿਲ ਦੀ ਨਿਗ੍ਰਾਬਾਨੀ ਕਰਦਾ ਹੈ। ਤਦੋਂ ਜਾ ਕੇ ਉਹ ਸਾਂਈ ਦੀ ਦਰਗਾਹ ਤੇ ਪਹੁੰਚਦਾ ਹੈ ਕਿਉਂਕਿ ਮਨ ਬਹੁਤ ਹੀ ਖੋਟਾ ਹੈ। ਇਕ ਛਿਨ ਵਿਚ ਹੀ ਇਹ ਚੰਗਿਆਈ ਤੋਂ ਨਿਕਲ ਕੇ ਖੋਟਿਆਈ ਵਿਚ ਜਾ ਪੈਂਦਾ ਹੈ। ਭਜਨ, ਪਾਠ, ਸਿਮਰਨ ਕਰਦਿਆਂ ਵੀ ਇਹ ਅੰਦਰ ਵਲਛਲ ਤੇ ਕਪਟ ਕਰਦਾ ਹੀ ਰਹਿੰਦਾ ਹੈ। ਸੋ ਮਨ ਉੱਪਰ ਹਰ ਵਕਤ ਪਹਿਰਾ ਦੇਂਦੇ ਰਹਿਣਾ ਚਾਹੀਏ।"

ਵਿਛੜਿਆਂ ਮੇਲੇ (ਭਾਗ-ਪਹਿਲਾ)

ਜਿਸ ਤਰ੍ਹਾਂ ਸਰੀਰਾਂ ਦੇ ਮਿਲਾਪ ਨਾਲ ਪਰਿਵਾਰ ਬਣਦੇ ਹਨ। ਇਸੇ ਤਰ੍ਹਾਂ ਕਾਦਰ ਦੇ ਹੁਕਮ ਵਿਚ ਰੂਹਾਂ ਦਾ ਵੀ ਮਿਲਾਪ ਹੁੰਦਾ ਹੈ। ਅਸੀਂ ਤਕਦੇ ਹਾਂ ਕਿ ਪਿਤਾ ਕਿਸੇ ਦੇਸ਼ ਦਾ ਹੈ, ਮਾਂ ਕਿਸੇ ਹੋਰ ਪਰਿਵਾਰ ਵਿਚੋਂ ਹੋਰ ਦੇਸ਼ ਵਿਚੋਂ ਹੈ। ਕਾਦਰ ਆਪਣੀ ਸ਼ਕਤੀ ਦੇ ਨਾਲ ਇਨ੍ਹਾਂ ਦੋਨਾਂ ਦਾ ਮਿਲਾਪ ਕਰਦਾ ਹੈ। ਉਸ ਤੋਂ ਮਗਰੋਂ ਬੱਚੇ ਅਤੇ ਬੱਚੀਆਂ ਜੰਮ ਪੈਂਦੇ ਹਨ ਅਤੇ ਇਕ ਵੱਡਾ ਸਾਰਾ ਪਰਿਵਾਰ ਬਣ ਜਾਂਦਾ ਹੈ। ਇਸੇ ਤਰ੍ਹਾਂ ਕਾਦਰ ਦੇ ਹੁਕਮ ਵਿਚ ਰੂਹਾਂ ਦਾ ਵੀ ਮਿਲਾਪ ਹੁੰਦਾ ਹੈ। ਜਦ ਤਕ ਰੂਹ ਆਪਣੇ ਅਸਲੀ ਰੂਹ-ਪਰਿਵਾਰ ਨਾਲ ਨਹੀਂ ਮਿਲਦੀ ਤਦ ਤਕ ਉਸ ਨੂੰ ਭਟਕਣ ਹੀ ਭਟਕਣ ਹੈ। ਜਦ ਰੂਹ ਨੂੰ ਆਪਣਾ ਅਸਲੀ ਆਤਮ ਪਰਿਵਾਰ ਮਿਲ ਜਾਂਦਾ ਹੈ, ਇਸ ਦੇ ਅੰਦਰ ਅਸਲ ਟਿਕਾਵ ਆ ਜਾਂਦਾ ਹੈ।

ਸੰਨ 1954 ਦੀ ਵਾਰਤਾ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ ਬੰਬਈ ਊਸ਼ਾ ਕਿਰਨ, ਸੇਠ ਭਾਈ ਡੇਟਾ ਰਾਮ ਦੇ ਘਰ ਟਿਕੇ ਹੋਏ ਸਨ। ਬੰਬਈ ਟਿਕ ਕੇ ਅਨੰਤ ਹੀ ਰੂਹਾਂ ਨੂੰ ਪਵਿੱਤਰ ਨਾਮ ਅਤੇ ਬਾਣੀ ਦਾ ਪੱਲਾ ਪਕੜਾ ਕੇ ਅਨੰਤ ਪ੍ਰਭੂ ਦੇ ਨਾਲ ਜੋੜਿਆ। ਧੁਰੋਂ ਆਏ ਸਤਿਪੁਰਸ਼ ਦੀ ਧੁਰੋਂ ਹੀ ਇਹ ਡਿਊਟੀ ਲੱਗਦੀ ਹੈ ਕਿ ਉਹ ਟੁਟਿਆਂ ਨੂੰ ਜੋੜੇ, ਵਿਛੜਿਆਂ ਨੂੰ ਮੇਲੇ, ਢੱਠਿਆਂ ਨੂੰ ਉਚਾ ਕਰੇ, ਮੈਲਿਆਂ ਨੂੰ ਉੱਜਲ ਕਰੇ। ਇਹ ਕਾਰ ਧੁਰੋਂ ਹੀ ਸਾਂਈਂ ਉਨ੍ਹਾਂ ਦੇ ਮਸਤਕ ਤੇ ਲਿਖ ਕੇ ਭੇਜਦਾ ਹੈ। ਸਾਂਈ ਲੋਕ ਚਾਵਾਂ ਨਾਲ, ਇਨ੍ਹਾਂ ਕਾਰਾਂ ਨੂੰ ਕਰਦੇ ਹਨ। "ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥"

ਸ਼ਾਮ ਦੇ ਚਾਰ ਕੁ ਵਜੇ ਦਾ ਸਮਾਂ ਹੋਣਾ ਹੈ ਕਿ ਆਪ ਜੀ ਤਿਆਰ ਹੋ ਕੇ ਆਪਣੇ ਕਮਰੇ ਤੋਂ ਬਾਹਰ ਆਏ। ਇਨ੍ਹਾਂ ਅੱਖਰਾਂ ਦਾ ਲੇਖਕ ਉਸ ਵੇਲੇ ਬਾਹਰ ਬੈਠਾ ਸੀ। ਆਪ ਕਹਿਣ ਲਗੇ, "ਮੈਂ ਕਿਸੇ ਸੱਜਣ ਦੇ ਘਰ ਚਾਹ ਪੀਣ ਜਾਣਾ ਹੈ। ਜੇਕਰ ਤੁਸੀਂ ਵੀ ਚਲਣਾ ਚਾਹੋ ਤਾਂ ਚੱਲ ਸਕਦੇ ਹੋ।" ਮੈਂ ਕਿਹਾ, "ਜਿਵੇਂ ਆਪ ਦਾ ਹੁਕਮ ਹੋਵੇ।" ਕਹਿਣ ਲਗੇ, "ਉਠੋ! ਮੇਰੇ ਨਾਲ ਚਲੋ।"

ਊਸ਼ਾ ਕਿਰਨ ਦੇ ਤੀਜੇ ਫਲੈਟ ਤੋਂ ਉਤਰ ਕੇ ਅਸੀਂ ਹੇਠਾਂ ਆ ਗਏ। ਅਗੇ ਕਾਰ ਤਿਆਰ ਸੀ। ਉਸ ਵਿਚ ਬੈਠੇ ਗਏ ਅਤੇ ਅਸੀਂ ਇਕ ਸੋਹਣੇ ਸਥਾਨ ਤੇ ਜਾ ਪਹੁੰਚੇ। ਕਾਰ ਰੁਕੀ, ਆਪ ਜੀ ਉਤਰੇ ਤੇ ਮਲਕੜੇ ਮਲਕੜੇ ਪੌੜੀਆਂ ਤੇ ਚੜ੍ਹਦੇ ਉਸ ਫਲੈਟ ਤੇ ਜਾ ਪਹੁੰਚੇ।

ਇਕ ਵੱਡੇ ਕਮਰੇ ਵਿਚ ਇਕ ਵੱਡੀ ਮੇਜ਼ ਲਗੀ ਹੋਈ ਸੀ। ਉਸ ਤੇ ਚਾਹ ਦੇ ਪਿਆਲੇ ਧਰੇ ਹੋਏ ਸਨ। ਬਹਿੰਦਿਆਂ ਨਾਲ ਹੀ ਆਪ ਨੇ ਕਿਹਾ, "ਡਾਕਟਰਾਣੀ! ਹੋਰ ਗੱਲਾਂ ਪਿੱਛੋਂ ਕਰਾਂਗੇ ਪਹਿਲਾਂ ਤੂੰ ਸਾਨੂੰ ਚਾਹ ਦਾ ਪਿਆਲਾ ਪਿਲਾ ਦੇ।" ਚਾਹ ਦਾ ਲੰਗਰ ਚਲ ਪਿਆ। ਹਰੇਕ ਨੂੰ ਚਾਹ ਦਾ ਪਿਆਲਾ, ਖਾਣ ਲਈ ਚੀਜ਼

ਮਿਲ ਗਈ ਤੇ ਜਦੋਂ ਚਾਹ ਛੱਕ ਚੁੱਕੇ ਤਾਂ ਫਿਰ ਆਪ ਨੇ ਬਚਨ ਕਰਨੇ ਆਰੰਭ ਕੀਤੇ। ਆਪ ਜੀ ਨੇ ਦੱਸਿਆ ਕਿ, ਜਿਨ੍ਹਾਂ ਤੋਂ ਮੈਨੂੰ ਨਾਮ ਦੀ ਮੇਹਰ ਮਿਲੀ ਹੈ, ਉਨ੍ਹਾਂ ਨੂੰ ਸਦਾ ਹੀ ਦਾਤਾ-ਲੋਕ ਕਹਿ ਕੇ ਸਦਦਾ ਹਾਂ। ਦਾਤਾ ਜੀ ਨੇ ਮੈਨੂੰ ਨਾਮ ਦੀ ਪਾਵਨ ਕਣੀ ਬਖਸ਼ੀ ਤਦੋਂ ਆਪ ਨੇ ਆਗਿਆ ਕੀਤੀ ਕਿ ਇਸ ਨਾਮ ਦੀ ਕਣੀ ਨੂੰ ਸੰਭਾਲ ਕੇ ਲੁਕੋ ਰੱਖਣਾ ਹੈ। ਕਿਸੇ ਪਾਸਿਓਂ ਵੀ ਇਸ ਨੂੰ ਨੰਗਾ ਨਹੀਂ ਹੋਣ ਦੇਣਾ। ਜੇਕਰ ਇਹ ਨਗਨ ਹੋ ਗਈ ਤਾਂ ਆਵੇ ਵਾਂਗੂੰ ਇਹ ਕੱਚੀ ਰਹਿ ਜਾਵੇਗੀ ਅਤੇ ਦੂਸਰਾ ਜਦ ਤਕ ਮੈਂ ਕਹਾਂ ਨਾ, ਤਦ ਤਕ ਤੂੰ ਕਿਸੇ ਨੂੰ ਨਾਮ ਜਪਣ ਲਈ ਕਹਿਣਾ ਨਹੀਂ। ਜਿਸ ਤਰ੍ਹਾਂ ਮਾਂ ਆਪਣੇ ਬੱਚੇ ਨੂੰ ਪਾਲਦੀ ਹੈ ਇਵੇਂ ਮਹਾਪੁਰਸ਼ ਵੀ ਆਪਣੇ ਲੜ ਲਾਇਆਂ ਨੂੰ ਪਾਲਦਾ ਹੈ।

ਸਮਾਂ ਆਪਣੇ ਵੇਗ ਨਾਲ ਚੱਲਦਾ ਜਾ ਰਿਹਾ ਹੈ ਅਤੇ ਸਦਾ ਚਲ ਰਿਹਾ ਹੈ। ਇਕ ਦਿਨ ਛਾਪੇਖਾਨੇ ਬੈਠਾ, ਕੰਮ ਕਰ ਰਿਹਾ ਸਾਂ ਕਿ ਮੈਨੂੰ ਡਾਕ ਵਿਚੋਂ ਇਕ ਚਿੱਠੀ ਮਿਲੀ। ਇਹ ਚਿੱਠੀ ਇਕ ਬੀਬੀ ਦੀ ਲਿਖੀ ਹੋਈ ਸੀ। ਉਸ ਵਿਚ ਉਸ ਲਿਖਿਆ ਕਿ ਮੇਰੇ ਸਰਦਾਰ ਸਾਹਿਬ ਜੋ ਕਿ ਬਚਪਨ ਤੋਂ ਆਪ ਦੇ ਪੱਕੇ ਦੋਸਤ ਤੇ ਹਮਜਮਾਤ ਰਹੇ ਹਨ, ਉਹ ਇਸ ਵਕਤ ਹਸਪਤਾਲ ਵਿਚ ਬਿਮਾਰ ਹਨ। ਉਨ੍ਹਾਂ ਦੀ ਸਰੀਰਕ ਹਾਲਤ ਅਤਿ ਹੀ ਨਾਜ਼ੁਕ ਹੈ ਅਤੇ ਉਨ੍ਹਾਂ ਦੀ ਤੀਬਰ ਇੱਛਾ ਹੈ ਕਿ ਆਪ ਛੇਤੀ ਤੋਂ ਛੇਤੀ ਆ ਕੇ ਉਨ੍ਹਾਂ ਨੂੰ ਮਿਲ ਜਾਵੋ।

ਦੂਸਰੀ ਭਲਕ ਮੈਂ ਸ੍ਰੀ ਅੰਮ੍ਰਿਤਸਰ ਤੋਂ ਲਾਹੌਰ ਪਹੁੰਚਿਆ। ਹਸਪਤਾਲ ਪਹੁੰਚਿਆ ਅਤੇ ਉਸ ਖਤ ਤੇ ਲਿਖੇ ਨੰਬਰ ਅਨੁਸਾਰ ਮੈਂ ਉਸ ਕਮਰੇ ਦੇ ਬਾਹਰ ਖੜ੍ਹੇ ਹੋ ਕੇ ਦਰਵਾਜ਼ੇ ਨੂੰ ਹੌਲੇ ਜਿਹੇ ਖੜਕਾਇਆ, ਮਲਕੜੇ ਜਿਹੇ ਦਰਵਾਜ਼ਾ ਖੁਲ੍ਹਿਆ। ਖੋਲ੍ਹਣ ਵਾਲੀ ਬੀਬੀ ਨੇ ਨਿਮਰਤਾ ਸਹਿਤ ਚਰਨ ਬੰਦਨਾ ਕੀਤੀ ਅਤੇ ਕੁਰਸੀ ਚੁਕ ਕੇ ਆਪਣੇ ਪਤੀ ਦੇ ਮੰਜੇ ਪਾਸ ਰੱਖ ਕੇ ਮੈਨੂੰ ਬਿਠਾ ਦਿੱਤਾ। ਯੋਗ ਸੇਵਾ ਲਈ ਮੈਨੂੰ ਉਸ ਨੇ ਪੁੱਛਿਆ ਪ੍ਰੰਤੂ ਮੇਰੇ ਵੱਲੋਂ ਇਨਕਾਰ ਹੋਣ ਤੇ ਉਹ ਉਸ ਕਮਰੇ ਤੋਂ ਬਾਹਰ ਚਲੀ ਗਈ। ਉਸ ਦੇ ਬਾਹਰ ਜਾਣ ਤੋਂ ਮਗਰੋਂ ਮੈਂ ਆਪਣੇ ਮਿੱਤਰ ਵੱਲ ਤਕਿਆ ਤਾਂ ਉਸ ਦੇ ਅੱਖਾਂ ਵਿਚੋਂ ਅਥਰੂ ਆ ਗਏ। ਉਸ ਨੇ ਮੈਨੂੰ ਇਸ਼ਾਰਾ ਕੀਤਾ ਕਿ ਮੈਂ ਕਮਰੇ ਦੇ ਦਰਵਾਜ਼ੇ ਨੂੰ ਬੰਦ ਕਰ ਦਿਆਂ। ਮੈਂ ਕੁਰਸੀ ਤੋਂ ਉਠ ਕੇ ਕਮਰੇ ਦੇ ਦਰਵਾਜ਼ੇ ਨੂੰ ਬੰਦ ਕਰ ਕੇ ਉਸ ਦੇ ਕੋਲ ਆ ਬੈਠਾ ਅਤੇ ਉਸ ਨੇ ਭੁਬਾਂ ਮਾਰ ਕੇ ਰੋਣਾ ਸ਼ੁਰੂ ਕਰ ਦਿੱਤਾ। ਮੈਂ ਉਸ ਨੂੰ ਬੜਾ ਪਿਆਰ ਦਿੱਤਾ, ਦਿਲਾਸਾ ਦਿੱਤਾ, ਥੋੜ੍ਹਾ ਜਿਹਾ ਜਲ ਪਿਲਾਇਆ ਤੇ ਪੁੱਛਿਆ ਕਿ ਇਤਨੇ ਵੈਰਾਗ ਕਰਨ ਦੀ ਕੀ ਲੋੜ ਹੈ ? ਤਾਂ ਉਸ ਮਿੱਤਰ ਨੇ ਕਿਹਾ ਕਿ, "ਮੈਨੂੰ ਪਤਾ ਨਹੀਂ ਸੀ ਕਿ ਮੇਰੀ ਜ਼ਿੰਦਗੀ ਨੇ ਇਤਨਾ ਛੇਤੀ ਖਤਮ ਹੋ ਜਾਣਾ ਹੈ। ਮੇਰਾ ਖਿਆਲ ਸੀ ਕਿ ਨੌਕਰੀ ਤੋਂ ਰਿਟਾਇਰ ਹੋ ਕੇ ਮੈਂ ਕੁਝ ਅਗੇ ਦੇ ਸੁਧਾਰ ਦਾ ਪ੍ਰਯਤਨ ਕਰਾਂਗਾ। ਪ੍ਰੰਤੂ ਮੈਨੂੰ ਟੀ.ਬੀ. ਹੋ ਗਈ ਹੈ ਤੇ ਇਸ ਵਕਤ ਉਸ ਦੀ ਆਖਰੀ ਸਟੇਜ ਹੈ। ਸ਼ਾਇਦ ਇਕ ਦੋ ਦਿਨ ਹੋਰ ਸੰਸਾਰ ਵਿਚ ਜੀਵਾਂ। ਮੈਨੂੰ ਪਰਿਵਾਰ ਦੇ ਵਿਛੋੜੇ ਦਾ ਕੁਝ

ਐਡਾ ਦੁੱਖ ਮਹਿਸੂਸ ਨਹੀਂ ਹੁੰਦਾ ਅਤੇ ਨਾ ਹੀ ਮੈਨੂੰ ਪਰਲੋਕ ਦੇ ਮਹਾਨ ਦੁੱਖ ਦਾ ਭੈ ਕਲੇਸ਼ ਦੇ ਰਿਹਾ ਹੈ। ਇਸ ਸਮੇਂ ਮੇਰੇ ਮਨ ਵਿਚ ਦੁਖ ਹੈ ਕਿ ਵਾਹਿਗੁਰੂ ਜੀ ਨੇ ਮੈਨੂੰ ਮਨੁੱਖਾ ਜਨਮ ਵੀ ਬਖਸ਼ਿਆ, ਤੁਹਾਡੇ ਵਰਗੇ ਪਿਆਰਿਆਂ ਦੇ ਦਰਸ਼ਨ ਦੀਦਾਰੇ ਵੀ ਬਖਸ਼ੇ, ਪ੍ਰੰਤੂ ਮੈਂ ਰੱਬ ਦੇ ਨਾਮ ਦੀ ਘਾਲ ਕਰ ਕੇ ਉਸ ਦੀ ਮੇਹਰ ਅਤੇ ਬਖਸ਼ਿਸ਼ ਪ੍ਰਾਪਤ ਨਹੀਂ ਕੀਤੀ।

ਆਪ ਜੀ ਨੇ ਦੱਸਿਆ ਕਿ ਉਸ ਦੀ ਹਾਲਤ ਨੂੰ ਦੇਖ ਕੇ ਮੇਰੇ ਮਨ ਵਿਚ ਬੜਾ ਹੀ ਤਰਸ ਆਇਆ ਅਤੇ ਮੈਂ ਕਿਹਾ, "ਮਿੱਤਰਾ! ਅਜੇ ਵੀ ਕੁਝ ਨਹੀਂ ਵਿਗੜਿਆ।" ਮਿੱਤਰ ਕਹਿਣ ਲਗਾ, "ਹੁਣ ਕੀ ਹੋ ਸਕਦਾ ਹੈ ?" ਮੈਂ ਕਿਹਾ, "ਗੁਰੂ ਨਾਨਕ ਦੀ ਮੇਹਰ ਬਹੁਤ ਹੀ ਵੱਡੀ ਹੈ ਅਤੇ ਹੁਣ ਵੀ ਸਭ ਕੁਛ ਹੋ ਸਕਦਾ ਹੈ।" ਮੈਂ ਪੁੱਛਿਆ, "ਪਿਆਰੇ ਮਿੱਤਰ ! ਤੂੰ ਮੈਨੂੰ ਦੱਸ ਕਿ ਗੁਰੂ ਨਾਨਕ ਦੀ ਮੇਹਰ ਵੱਡੀ ਹੈ ਕਿ ਤੇਰੀ ਘਾਲ ਵੱਡੀ ਹੈ। ਫਿਰ ਮੈਨੂੰ ਤੂੰ ਦੱਸ, ਕਿ ਤੇਰੇ ਪਾਪ ਬੇਅੰਤ ਹਨ ਕਿ ਵਾਹਿਗੁਰੂ ਦੀ ਬਖਸ਼ਿਸ਼ ਬੇਅੰਤ ਹੈ। ਤੂੰ ਨਿਰਾਸ ਨਾ ਹੋ, ਤੂੰ ਗੁਰੂ ਨਾਨਕ ਅਤੇ ਰੱਬ ਦੇ ਪੱਲੇ ਨੂੰ ਪਕੜ ਲੈ, ਤੇਰੇ ਜੀਵਨ ਨੂੰ ਉਹ ਸਫਲ ਕਰ ਦੇਵੇਗਾ।" ਮਿੱਤਰ ਨੇ ਪੁੱਛਿਆ ਕਿ, "ਮੈਂ ਪੱਲਾ ਕਿਵੇਂ ਪਕੜਾਂ ?" ਮੈਂ ਕਿਹਾ, "ਨਾਮ ਰਾਹੀਂ।" ਮਿੱਤਰ ਨੇ ਕਿਹਾ ਕਿ, "ਨਾਮ ਕੀ ਹੈ ?" ਮੈਂ ਕਿਹਾ, "ਵਾਹਿਗੁਰੂ"। ਮਿੱਤਰ ਨੇ ਕਿਹਾ, "ਇਸ ਵਾਹਿਗੁਰੂ ਨੂੰ ਮੈਂ ਕੀ ਕਰਾਂ?" ਮੈਂ ਕਿਹਾ "ਤੂੰ ਵਾਹਿਗੁਰੂ ਵਾਹਿਗੁਰੂ ਕਹਿੰਦਾ ਜਾ।" ਉਸ ਨੇ ਕਿਹਾ, "ਕਿਵੇਂ ਕਹਾਂ ?" ਅਚਾਨਕ ਹੀ ਮੇਰੇ ਮੂੰਹ ਵਿਚੋਂ ਨਿਕਲਿਆ, "ਕਹੋ ਵਾਹਿਗੁਰੂ।" ਇਤਨੇ ਅੱਖਰ ਕਹਿੰਦੇ ਰੱਬੀ ਨਾਮ ਉਸ ਦੇ ਕੰਨਾਂ ਤੋਂ ਲੰਘਦਾ ਮਨ ਵਿਚ ਚਲਾ ਗਿਆ ਤੇ ਮਨ ਤੋਂ ਬੁਲ੍ਹਾਂ ਤੇ ਆ ਗਿਆ। ਵਾਹਿਗੁਰੂ ਵਾਹਿਗੁਰੂ ਅੱਖਰ ਨਾਲ ਉਸ ਦੇ ਬੁਲ੍ਹ ਫਰਕਣ ਲਗੇ, ਮਥੇ ਦੀ ਕ੍ਰਾਂਤੀ ਬਦਲ ਗਈ, ਚਿਹਰੇ ਦੇ ਪ੍ਰਭਾਵ ਬਦਲ ਗਏ। ਉਸ ਨੇ ਆਪਣੇ ਹੱਥ ਮੇਰੇ ਚਰਨਾਂ ਨੂੰ ਛੋਹਣ ਲਈ ਬਾਹਰ ਕਢੇ। ਤਦੋਂ ਅਚਾਨਕ ਹੀ ਮੈਨੂੰ ਖਿਆਲ ਆਇਆ ਕਿ ਮੇਰੇ ਦਾਤਾ ਲੋਕਾਂ ਨੇ ਮੈਨੂੰ ਕਿਸੇ ਨੂੰ ਨਾਮ ਜਪਣ ਲਈ ਕਹਿਣਾ ਰੋਕਿਆ ਹੋਇਆ ਸੀ। ਖਿਆਲ ਆਂਦਿਆਂ ਹੀ ਮੇਰਾ ਸਰੀਰ ਨਹੁੰਆਂ ਤੋਂ ਲੇ ਕੇ ਸਿਰ ਤਕ ਪਸੀਨੇ ਨਾਲ ਤਰ ਬਤਰ ਹੋ ਗਿਆ ਤੇ ਅੰਦਰ ਡੂੰਘਾ ਪਛਤਾਵਾ ਹੋ ਗਿਆ ਕਿ ਮੈਂ ਕਿਤਨੀ ਵੱਡੀ ਭੁੱਲ ਕੀਤੀ ਹੈ। ਪਰ ਫਿਰ ਮੈਂ ਆਪਣੇ ਮਨ ਨੂੰ ਵਾਹਿਗੁਰੂ ਦੇ ਹੁਕਮ ਤੇ ਟਿਕਾ ਦਿੱਤਾ ਤੇ ਆਪਣੇ ਆਪ ਵਿਚ ਸ਼ਾਂਤੀ ਅਨੁਭਵ ਕੀਤੀ। ਇਹ ਬਚਨ ਕਰਦਿਆਂ ਆਪ ਉਠ ਖੜ੍ਹੇ ਹੋਏ। ਘਰ ਵਾਲਿਆਂ ਨੂੰ ਆਪ ਨੇ ਪ੍ਰਸ਼ਾਦ ਦਿੱਤਾ। ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਆਪ ਬਲੇ ਉਤਰ ਆਏ।

ਵਿਛੜਿਆਂ ਮੇਲੇ (ਭਾਗ-ਦੂਜਾ)

ਆਪ ਨੇ ਆਪਣੇ ਸਾਥੀਆਂ ਨੂੰ ਹੁਕਮ ਕੀਤਾ ਕਿ ਤੁਸੀਂ ਊਸ਼ਾ ਕਿਰਨ ਜਾਓ। ਮੈਂ ਕਾਰ ਤੇ ਇਸ ਦੇ ਨਾਲ ਸੈਰ ਕਰਨ ਜਾਵਾਂਗਾ। ਉਥੋਂ ਚਲ ਕੇ ਆਪ ਵਰੌਲੀ ਪਹੁੰਚੇ ਅਤੇ ਉਥੇ ਸਮੁੰਦਰ ਦੇ ਕੰਢੇ ਤੇ ਆਪ ਨੇ ਸੈਰ ਕਰਨੀ ਸ਼ੁਰੂ ਕੀਤੀ। ਅਗੇ ਅਗੇ ਆਪ ਜੀ ਸਨ ਪਿੱਛੇ ਪਿੱਛੇ ਮੈਂ ਉਨ੍ਹਾਂ ਦੇ ਪਵਿੱਤਰ ਚਰਨਾਂ ਨੂੰ ਤਕਦਾ ਤਕਦਾ ਜਾ ਰਿਹਾ ਸਾਂ। ਅਚਾਨਕ ਆਪ ਜੀ ਖੜ੍ਹੇ ਹੋ ਗਏ ਤੇ ਮੇਰੇ ਵੱਲ ਤੱਕ ਕੇ ਕਹਿਣ ਲੱਗੇ ਕਿ, "ਜਿਨ੍ਹਾਂ ਦੇ ਘਰ ਹੁਣ ਸ਼ਾਮ ਨੂੰ ਚਾਹ ਪੀਤੀ ਹੈ ਕੀ ਤੂੰ ਇਨ੍ਹਾਂ ਨੂੰ ਜਾਣਦਾ ਹੈ ?" ਮੈਂ ਕਿਹਾ, "ਜੀ ਨਹੀਂ।" ਕਹਿਣ ਲਗੇ ਕਿ, "ਇਹ ਸਿੰਧ ਦੇ ਰਹਿਣ ਵਾਲੇ ਹਨ। ਇਥੇ ਬੰਬਈ ਵਿਚ ਇਨ੍ਹਾਂ ਦਾ ਲੜਕਾ ਇੰਨਕਮ ਟੈਕਸ ਆਫੀਸਰ ਲੱਗਾ ਹੋਇਆ ਹੈ। ਆਮ ਤੌਰ ਤੇ ਲੋਗ ਇਨ੍ਹਾਂ ਨੂੰ ਭੂਟਾਨੀ ਕਰ ਕੇ ਸੱਦਦੇ ਹਨ। ਇਨ੍ਹਾਂ ਦੇ ਪਰਿਵਾਰ ਵਿਚ ਬ੍ਰਿਧ ਮਾਤਾ ਜੀ ਵੀ ਹਨ ਜਿਨ੍ਹਾਂ ਨੇ ਸਾਡੇ ਨਾਲ ਚਾਹ ਪੀਤੀ ਸੀ, ਉਹ ਰੱਬ ਦੇ ਰਸਤੇ ਤੇ ਚੱਲ ਰਹੀ ਹੈ ਅਤੇ ਉਸ ਦੇ ਆਤਮਕ ਸੰਬੰਧ ਇਕ ਸੂਫੀ ਫਕੀਰ ਨਾਲ ਹਨ ਜੋ ਇਸ ਵਕਤ ਸਿੰਧ ਵਿਚ ਹੈ। ਇਸ ਬ੍ਰਿਧਾ ਨੇ ਨਾਮ ਦੀ ਦਾਤ ਉਸ ਸੂਫੀ ਫਕੀਰ ਤੋਂ ਲਈ ਸੀ ਅਤੇ ਉਸ ਦੀ ਚੰਗੀ ਕਮਾਈ ਇਸ ਨੇ ਕੀਤੀ। ਮੁਰਸ਼ਦ ਦੀ ਮੇਹਰ ਅਤੇ ਨਿਜ ਦੀ ਕਮਾਈ ਨੇ ਰੂਹਾਨੀ ਮੰਡਲ ਵਿਚ ਇਸ ਨੂੰ ਬੜੀ ਹੀ ਉਚਤਾ ਦਿੱਤੀ। ਇਤਨੇ ਚਿਰ ਵਿਚ ਪਾਕਿਸਤਾਨ ਬਣ ਗਿਆ। ਇਹ ਸਿੰਧ ਤੋਂ ਨਿਕਲ ਕੇ ਬੰਬਈ ਆ ਗਏ ਅਤੇ ਸੂਫੀ ਮੁਰਸ਼ਦ ਪਾਕਿਸਤਾਨ ਸਿੰਧ ਵਿਚ ਹੀ ਰਹਿ ਗਿਆ।"

ਰੱਬ ਦੇ ਵਿਚ ਫਿਨਾਹ ਹੋਣ ਤੋਂ ਪਹਿਲਾਂ ਸੂਫੀ ਫਕੀਰਾਂ ਦੇ ਖਿਆਲ ਮੁਤਾਬਿਕ ਮੁਰਸ਼ਦ ਵਿਚ ਫਿਨਾਹ ਹੋਣਾ ਜ਼ਰੂਰੀ ਹੈ। ਇਸ ਅਵਸਥਾ ਦਾ ਨਾਮ ਉਨ੍ਹਾਂ ਨੇ ਫਿਨਾਫਿਲ ਮੁਰਸ਼ਦ ਕਿਹਾ ਹੈ। ਬ੍ਰਿਧ ਮਾਤਾ ਉਸ ਅਵਸਥਾ ਤੇ ਪਹੁੰਚ ਚੁਕੀ ਸੀ ਜਾਂ ਪਹੁੰਚਣ ਦੇ ਨਜ਼ਦੀਕ ਸੀ ਜਦੋਂ ਕਿ ਇਸ ਨੂੰ ਉਜੜ ਕੇ ਭਾਰਤ ਵਿਚ ਆਣਾ ਪਿਆ। ਹਰ ਦਮ, ਹਰ ਛਿਨ, ਹਰ ਖਿਨ, ਹਰ ਪਲ, ਇਹ ਆਪਣੇ ਮੁਰਸ਼ਦ ਦੀ ਖਿੱਚ ਵਿਚ ਰਹਿੰਦੀ ਸੀ। ਉਸ ਖਿੱਚ ਨੇ ਤੜਫ ਦੀ ਸੂਰਤ ਪੈਦਾ ਕਰ ਦਿੱਤੀ। ਇਕ ਦਿਨ ਮੁਰਸ਼ਦ ਦੀ ਰੂਹਾਨੀ ਤੜਫ਼ ਨੇ ਇਸ ਨੂੰ ਬਹੁਤ ਬੇਚੈਨ ਕੀਤਾ ਅਤੇ ਉਸ ਦੇ ਬਿਰਹਾ ਵਿਚ ਇਹ ਅਤਿਅੰਤ ਰੋਈ ਤੇ ਰਾਤ ਬਹੁਤ ਸਾਰਾ ਸਮਾਂ ਇਹ ਜਾਗਦੀ ਰਹੀ ਅਤੇ ਫਿਰ ਇਸ ਨੂੰ ਨੀਂਦ ਆ ਗਈ। ਇਹ ਨੀਂਦ ਸੁਖੋਪਤੀ ਵਾਲੀ ਨਹੀਂ ਸੀ, ਇਹ ਤਾਂ ਸੁਪਨ ਅਵਸਥਾ ਵਾਲੀ ਨੀਂਦ ਸੀ। ਸੁਪਨੇ ਵਿਚ ਇਸ ਬ੍ਰਿਧ ਮਾਤਾ ਦਾ ਮੁਰਸ਼ਦ ਆਇਆ। ਇਸ ਨੇ ਉਸ ਦੇ ਚਰਨਾਂ ਤੇ

ਨਮਸਕਾਰ ਕੀਤੀ, ਮੁਰਸ਼ਦ ਨੇ ਥਾਪੜਾ ਦਿੱਤਾ। ਸੁਪਨੇ ਵਿਚ ਹੀ ਇਸ ਦਾ ਰੋਣਾ ਨਿਕਲ ਗਿਆ। ਮੁਰਸ਼ਦ ਨੇ ਧੀਰਜ ਦਿੱਤਾ ਤੇ ਪੁਛਿਆ, "ਇਹ ਵਿਰਲਾਪ ਕਿਉਂ ?" ਕਹਿਣ ਲੱਗੀ, "ਆਪ ਦਾ ਵਿਛੋੜਾ ਅਸਹਿ ਹੈ।" ਮੁਰਸ਼ਦ ਕਹਿਣ ਲਗੇ, "ਝੂਠੀਆਂ ਸਰਕਾਰਾਂ ਨੇ ਦੇਸ਼ ਦੀਆਂ ਵੰਡਾਂ ਕਰ ਦਿੱਤੀਆਂ ਹਨ ਪਰ ਸੱਚੀ ਸਰਕਾਰ ਉਹ ਆਪਣੇ ਦੇਸ਼ ਦੀ, ਆਪਣੇ ਬੰਦਿਆਂ ਦੀ ਵੰਡ ਨਹੀਂ ਵੰਡਦੀ। ਇਸੇ ਹੀ ਬੰਬਈ ਵਿਚ ਇਕ ਸੁੰਦਰ ਸਰੂਪ ਵਾਲੇ, ਰੂਹਾਨੀ ਮੁਖੜੇ ਵਾਲੇ, ਰੱਬੀ ਪ੍ਰਕਾਸ਼ ਵਾਲੇ ਰੱਬ ਰਸੀਦਾਂ ਮਹਾਪੁਰਸ਼ ਆਏ ਹੋਏ ਹਨ ਤੂੰ ਜਾ ਕੇ ਮੇਰੀ ਜਗ੍ਹਾ ਉਨ੍ਹਾਂ ਦੇ ਪਵਿੱਤਰ ਚਰਨਾਂ ਨੂੰ ਪਕੜ ਲੈ।" ਮਾਤਾ ਕਹਿਣ ਲੱਗੀ ਕਿ, "ਐਡਾ ਵੱਡਾ ਬੰਬਈ ਦਾ ਨਗਰ, ਮੈਂ ਉਨ੍ਹਾਂ ਨੂੰ ਕਿਥੋਂ ਭਾਲਾਂ ? ਕਿਥੋਂ ਲਭਾਂ" ਤਾਂ ਉਹ ਮੁਰਸ਼ਦ ਕਹਿਣ ਲੱਗਾ ਕਿ, "ਉਨ੍ਹਾਂ ਦੀ ਸੀਸ ਤੇ ਕੇਸ ਹਨ, ਉਨ੍ਹਾਂ ਦਾ ਸੋਹਣਾ ਦਾਹੜਾ ਹੈ, ਮੱਥਾ ਉਨ੍ਹਾਂ ਦਾ ਤੇਜ ਅਤੇ ਪ੍ਰਕਾਸ਼ ਵਾਲਾ ਹੈ ਅਤੇ ਨੇਤਰ ਉਨ੍ਹਾਂ ਦੇ ਸਾਂਈ ਰਸ ਵਿਚ ਸਦਾ ਮਸਤ ਅਲਮਸਤ ਰਹਿੰਦੇ ਹਨ। ਜਾਮਾ ਉਨ੍ਹਾਂ ਦਾ ਖਾਕੀ ਪਰ ਅੰਦਰਲਾ ਉਨ੍ਹਾਂ ਦਾ ਨੂਰੋ ਨੂਰ ਹੈ। ਸੂਰਤ ਉਨ੍ਹਾਂ ਦੀ ਸਿੱਖੀ ਰਹਿਤ ਬਹਿਤ ਵਾਲੀ ਹੈ। ਜਦ ਤੂੰ ਮਿਲੇਂਗੀ ਤਦੋਂ ਤੂੰ ਇਹ ਸੁਪਨੇ ਦੀ ਗੱਲ ਉਨ੍ਹਾਂ ਨੂੰ ਸਾਫ਼ ਸਾਫ ਦੱਸ ਦੇਈਂ, ਉਹ ਮੇਰੀ ਜਗ੍ਹਾ ਤੇ ਤੇਰੀ ਰੱਬ ਦੇ ਰਸਤੇ ਤੇ ਰਹਿਬਰੀ ਕਰਨਗੇ।"

ਸੁਪਨ ਅਵਸਥਾ ਖਤਮ ਹੋ ਗਈ। ਮਾਤਾ ਜਾਗ ਉਠੀ। ਘੜੀ ਤੱਕੀ, ਅਜੇ ਰਾਤ ਬਹੁਤੀ ਰਹਿੰਦੀ ਸੀ। ਬ੍ਰਿਧਾ ਮੰਜੀ ਤੇ ਫਿਰ ਲੇਟ ਗਈ ਪਰ ਉਹ ਸੌਂ ਨਾ ਸਕੀ। ਸਵੇਰ ਹੋਈ, ਪਰਿਵਾਰ ਜਾਗਿਆ। ਬ੍ਰਿਧਾ ਮਾਤਾ ਨੇ ਆਪਣੇ ਬੱਚੇ ਨੂੰ ਰਾਤ ਦਾ ਸੁਪਨਾ ਦੱਸਿਆ ਅਤੇ ਕਿਹਾ, "ਬੇਟਾ! ਹੁਣ ਤੂੰ ਦਫਤਰ ਚਲਿਆ ਹੈਂ, ਪਤਾ ਨਹੀਂ ਕੋਈ ਐਸਾ ਸਿੱਖ ਸੰਤ ਫਕੀਰ ਇਥੇ ਆਇਆ ਹੋਇਆ ਹੈ। ਅਗਰ ਆਇਆ ਹੈ ਤੇ ਉਹ ਕਿਹੜੀ ਜਗ੍ਹਾ ਤੇ ਟਿਕਿਆ ਹੋਇਆ ਹੈ ?"

ਉਹ ਸਿੰਧੀ ਸੱਜਣ, ਭੂਟਾਨੀ, ਹਸਬ ਮਾਮੂਲ ਦਫ਼ਤਰ ਚਲਾ ਗਿਆ। ਇੰਨਕਮ ਟੈਕਸ ਦੀਆਂ ਪੇਸ਼ੀਆਂ ਵਾਲੇ ਲੋਗ ਪੇਸ਼ ਹੋਣ ਲਗੇ। ਆਖਰ ਇਕ ਸਿੱਖ ਪੇਸ਼ ਹੋਇਆ ਉਸ ਦਾ ਮੁਕੱਦਮਾ ਸੁਣਿਆ, ਸਮਝਿਆ ਤੇ ਫਿਰ ਪੁਛਿਆ ਕਿ, "ਸਰਦਾਰ ਸਾਹਿਬ ! ਇਥੇ ਬੰਬਈ ਵਿਚ ਕੋਈ ਸਿੱਖ ਸੰਤ ਫਕੀਰ ਵੀ ਆਇਆ ਹੋਇਆ ਹੈ ?" ਤਾਂ ਉਸ ਨੇ ਕਿਹਾ, "ਹਾਂ" ਕਹਿਣ ਲਗੇ, "ਉਹ ਕਿਥੇ ਠਹਿਰੇ ਹੋਏ ਹਨ ?" ਤਾਂ ਉਸ ਸਰਦਾਰ ਨੇ ਕਿਹਾ, "ਸੇਠ ਛੇਟਾ ਰਾਮ ਸਿੰਧੀ ਜੀ ਦੇ ਘਰ ਆਏ ਹੋਏ ਹਨ।"

ਸੇਠ ਛੇਟਾ ਰਾਮ ਨੂੰ ਇਹ ਸਿੰਧੀ ਅੱਛੀ ਤਰ੍ਹਾਂ ਜਾਣਦਾ ਸੀ ਸੋ ਦਫਤਰ ਦੇ ਕੰਮ ਤੋਂ ਫਾਰਗ ਹੋ ਕੇ ਉਨ੍ਹਾਂ ਨੇ ਸੇਠ ਛੇਟਾ ਰਾਮ ਜੀ ਨੂੰ ਟੈਲੀਫੂਨ ਕਰ ਕੇ ਆਪਣੇ ਪਾਸ ਬੁਲਾਇਆ ਅਤੇ ਉਸ ਤੋਂ ਪੁੱਛਿਆ ਕਿ, "ਕੀ ਤੇਰੇ ਘਰ ਰੱਬ ਦੀ ਲੌਬਾਲੀ ਦਰਗਾਹ ਦਾ ਕੋਈ ਫਕੀਰ ਆਇਆ ਹੋਇਆ ਹੈ ?" ਸ੍ਰੀ ਛੇਟਾ ਰਾਮ ਜੀ ਨੇ ਕਿਹਾ, "ਜੀ ਹਾਂ"। ਉਸ ਸਿੰਧੀ ਨੇ ਫਿਰ ਸਾਰੀ ਵਾਕਫੀਅਤ ਭਾਈ ਸਾਹਿਬ ਜੀ ਮਹਾਰਾਜ ਦੀ ਛੇਟਾ ਰਾਮ ਤੋਂ ਲਈ, ਸ਼ਕਲ ਸੂਰਤ ਵੀ ਪੁੱਛੀ ਅਤੇ ਮਨ ਵਿਚ ਬਹੁਤ ਹੀ ਖੁਸ਼ੀ ਕੀਤੀ ਕਿ ਮੈਨੂੰ ਵਧੀਕ ਖੇਚਲ ਢੂੰਡ ਭਾਲ ਲਈ ਨਹੀਂ ਕਰਨੀ ਪਈ। ਛੇਟਾ ਰਾਮ ਨੂੰ ਆਪ ਨੇ ਵਿਦਾ ਕਰ ਦਿੱਤਾ। ਸਿੰਧੀ ਆਪਣੇ ਘਰ ਆ ਗਿਆ। ਆਪਣੀ ਮਾਂ ਨੂੰ ਦੱਸਿਆ ਕਿ, "ਅੰਮਾਂ ! ਮੈਂ ਉਸ ਫਕੀਰ ਨੂੰ ਲਭ ਲਿਆ ਹੈ ਜਿਸ ਦੀ ਬਾਬਤ ਆਪ ਨੂੰ ਸੁਪਨਾ ਆਇਆ ਸੀ। ਉਹ ਫਕੀਰ ਇਸ ਵਕਤ ਸੇਠ ਛੇਟਾ ਰਾਮ ਦੇ ਗ੍ਰਹਿ ਨੂੰ ਭਾਗ ਲਾ ਰਿਹਾ ਹੈ ਅਤੇ ਉਥੇ ਸ਼ਾਮ ਦੇ ਵਕਤ ਸਤਿਸੰਗ ਮੰਡਲ ਲੱਗਦਾ ਹੈ ਜਿਥੇ ਹਰ ਕੋਈ ਉਨ੍ਹਾਂ ਦੇ ਖੁਲ੍ਹੇ ਦਰਸ਼ਨ ਕਰ ਸਕਦਾ ਹੈ। ਮੇਰੇ ਖਿਆਲ ਵਿਚ ਆਪਾਂ ਸਾਰਿਆਂ ਨੂੰ ਉਸ ਸਤਿਸੰਗ ਮੰਡਲ ਵਿਚ ਸ਼ਾਮ ਨੂੰ ਜਾਣਾ ਚਾਹੀਦਾ ਹੈ ਤਾਂ ਕਿ ਆਪ ਸੁਪਨ ਅਤੇ ਪਰਤੱਖ ਦੋਨਾਂ ਨੂੰ ਮੇਲ ਸਕੋ ਜੇਕਰ ਇਹ ਸਤਿਪੁਰਸ਼ ਉਹ ਸੁਪਨੇ ਵਾਲੇ ਆਪ ਨੂੰ ਲਗਣ ਤਾਂ ਫਿਰ ਅਸੀਂ ਉਨ੍ਹਾਂ ਪਾਸੋਂ ਆਪ ਨੂੰ ਵੱਖਰਾ ਟਾਈਮ ਇਕਾਂਤ ਵਿਚ ਲੈ ਦਿਆਂਗੇ। ਆਪ ਮਿਲ ਲੈਣਾ ਅਤੇ ਮਨ ਦੀ ਵੇਦਨ ਨੂੰ ਦੂਰ ਕਰ ਲੈਣਾ।"

ਬੰਬਈ ਵਿਚ ਭਾਈ ਸਾਹਿਬ ਜੀ ਮਹਾਰਾਜ ਨੇ ਆਪਣੇ ਸਤਿਸੰਗ ਮੰਡਲ ਦਾ ਸਮਾਂ 6.30 ਤੋਂ 8.30 ਵਜੇ ਦਾ ਰੱਖਿਆ ਹੋਇਆ ਸੀ। ਇਸ ਮੰਡਲ ਵਿਚ ਸ੍ਰੀ ਰਹਰਾਸਿ ਸਾਹਿਬ ਜੀ ਦਾ ਪਾਠ ਹੁੰਦਾ ਸੀ ਅਤੇ ਉਸ ਤੋਂ ਮਗਰੋਂ ਵੱਖੋ ਵੱਖ ਪ੍ਰੇਮੀ ਪਿਆਰ ਵਿਚ ਭਿੱਜੇ ਹੋਏ ਸਤਿਗੁਰੂ ਦੀ ਬਾਣੀ ਦਾ ਆਲੌਕਿਕ ਕੀਰਤਨ ਕਰਦੇ ਸਨ। ਕੀਰਤਨ ਦਾ ਪਾਵਨ ਪ੍ਰਭਾਵ, ਕੀਰਤਨ ਕਰਨ ਵਾਲੇ ਸਜਣਾਂ ਦੇ ਨਿਰਮਲ ਭਾਵਾਂ ਦਾ ਪ੍ਰਭਾਵ ਅਤੇ ਸਭ ਤੋਂ ਮਹਾਨ ਤੇ ਉੱਚਾ ਪ੍ਰਭਾਵ ਭਾਈ ਸਾਹਿਬ ਜੀ ਮਹਾਰਾਜ ਦੀ ਆਪਣੀ ਪਵਿੱਤਰ ਵਿਅਕਤੀ ਦਾ ਪ੍ਰਭਾਵ ਮਾਨੋ ਸੋਨੇ ਤੇ ਸੁਹਾਗੇ ਵਾਂਗੂ ਅਸਰ ਕਰਦਾ ਸੀ। ਇਨ੍ਹਾਂ ਦੋ ਘੰਟਿਆਂ ਵਿਚ ਇੰਵ ਮਾਲੂਮ ਹੁੰਦਾ ਸੀ ਕਿ ਰੱਬੀ ਬੈਕੁੰਠ ਜੋ ਹੈ, ਉਹ ਉਤਰ ਕੇ ਊਸ਼ਾ ਕਿਰਨ ਵਿਚ ਆ ਗਿਆ ਹੈ ਜਿਵੇਂ ਕਿ ਭਗਤ ਕਬੀਰ ਜੀ ਨੇ ਕਿਸੇ ਸਮੇਂ ਪਾਵਨ ਸਤਿਸੰਗ ਮੰਡਲ ਦੇ ਪ੍ਰਭਾਵ ਨੂੰ ਦੇਖ ਕੇ ਇਹ ਤੁਕਾਂ ਕਹੀਆਂ ਸਨ।

"ਕਹੁ ਕਬੀਰ ਇਹ ਕਹੀਐ ਕਾਹਿ॥
ਸਾਧ ਸੰਗਤਿ ਬੈਕੁੰਠੈ ਆਹਿ॥"

ਸਿੰਧੀ ਆਪਣੀ ਮਾਤਾ ਅਤੇ ਪਰਿਵਾਰ ਨੂੰ ਲੈ ਕੇ ਨਿਸ਼ਚਿਤ ਸਮੇਂ ਤੇ ਸਤਿਸੰਗ ਮੰਡਲ ਵਿਚ ਜਾ ਪਹੁੰਚੇ। ਉਥੇ ਬੀਬੀਆਂ ਵਾਲੇ ਪਾਸੇ ਬੀਬੀਆਂ ਬੈਠ ਗਈਆਂ ਤੇ ਭੂਟਾਨੀ ਪੁਰਸ਼ਾਂ ਵਿਚ ਬੈਠ ਗਏ। ਦੋ ਘੰਟੇ ਦੇ ਲਗਭਗ ਆਪ ਨੂੰ ਇਹ ਦਿਵਯ ਅਤੇ ਸੁਭਾਗ ਦਰਸ਼ਨ ਪ੍ਰਾਪਤ ਹੋਏ। ਸਮਾਗਮ ਦੀ ਸਮਾਪਤੀ ਤੋਂ ਮਗਰੋਂ ਸਿੰਧੀ ਪਰਿਵਾਰ ਉਠ ਕੇ ਆਪਣੇ ਘਰ ਪਹੁੰਚਿਆ। ਬ੍ਰਿਧ ਮਾਤਾ ਨੇ ਰਾਤ ਦੇ ਸੁਪਨੇ ਨੂੰ ਪਰਤੱਖ ਨਾਲ ਮੇਲਿਆ। ਮਨ ਨੂੰ ਪੂਰੀ ਤਸੱਲੀ ਹੋ ਗਈ ਅਤੇ ਆਪਣੇ ਬੇਟੇ ਨੂੰ ਕਿਹਾ ਕਿ, "ਬੇਟਾ ! ਮੈਨੂੰ ਹੁਣ ਕੋਈ ਵਖਰਾ ਸਮਾਂ ਉਨ੍ਹਾਂ ਰੱਬ ਦੇ ਪਿਆਰਿਆਂ ਤੋਂ ਲੈ ਦਿਓ ਤਾਂ ਕਿ ਮੈਂ ਉਨ੍ਹਾਂ ਨੂੰ ਸਾਰਾ ਸੁਪਨਾ ਦੱਸਾਂ।" ਸਿੰਧੀ ਅਫਸਰ ਨੇ ਸੇਠ ਡੇਟਾ ਰਾਮ ਨੂੰ ਆਪਣੇ ਮਾਤਾ ਦੀ ਮੰਗ ਦੱਸੀ ਅਤੇ ਕਿਹਾ ਕਿ, "ਜੋ ਸਮਾਂ ਮਹਾਪੁਰਸ਼ਾਂ ਦੇ ਅਨੁਕੂਲ ਹੋਵੇ, ਇਕਾਂਤ ਹੋਵੇ, ਉਹ ਟਾਈਮ ਆਪ ਸਾਨੂੰ ਲੈ ਦਿਓ ਤਾਂ ਕਿ ਮੇਰੇ ਮਾਤਾ ਜੀ ਉਨ੍ਹਾਂ ਨਾਲ ਖੁਲ੍ਹੀ ਤਰ੍ਹਾਂ ਗੱਲਬਾਤ ਕਰ ਸਕਣ।" ਸੇਠ ਡੇਟਾ ਰਾਮ ਨੇ ਮਹਾਪੁਰਸ਼ਾਂ ਤੋਂ ਸਮਾਂ ਲੈ ਦਿੱਤਾ ਅਤੇ ਬ੍ਰਿਧ ਮਾਤਾ ਉਨ੍ਹਾਂ ਦੇ ਪਵਿੱਤਰ ਚਰਨਾਂ ਵਿਚ ਹਾਜ਼ਰ ਹੋਈ। ਜਿਸ ਤਰ੍ਹਾਂ ਦਾ ਵਾਤਾਵਰਣ ਉਹ ਚਾਹੁੰਦੀ ਸੀ ਉਸੇ ਤਰ੍ਹਾਂ ਦਾ ਵਾਤਾਵਰਣ ਫਲੈਟ ਵਿਚ ਬਣਿਆ ਹੋਇਆ ਸੀ। ਭਾਈ ਸਾਹਿਬ ਬਿਲਕੁਲ ਇਕਾਂਤ ਸਨ। ਉਥੇ ਪਹੁੰਚ ਕੇ ਬ੍ਰਿਧ ਮਾਤਾ ਨੇ ਆਪ ਦੇ ਪਵਿੱਤਰ ਚਰਨਾਂ ਤੇ ਚਰਨ ਬੰਦਨਾ ਕੀਤੀ ਅਤੇ ਜੋ ਕੁਝ ਸੁਪਨੇ ਵਿਚ ਹੋਇਆ ਉਹ ਸਭ ਕੁਛ ਖੋਲ੍ਹ ਕੇ ਦੱਸ ਦਿੱਤਾ ਅਤੇ ਕਿਹਾ ਕਿ, "ਆਪ ਹੁਣ ਮੇਰੇ ਰਹਿਬਰ ਬਣੋ ਤੇ ਮੈਨੂੰ ਰੱਬ ਦੀ ਮੰਜ਼ਲ ਤੇ ਪਹੁੰਚਾਓ।"

ਰੱਬੀ ਰੰਗ ਰੱਤੇ ਭਾਈ ਸਾਹਿਬ ਜੀ ਮਹਾਰਾਜ ਨੇ ਬੜੀ ਡੂੰਘਾਈ ਦੇ ਨਾਲ ਮਾਤਾ ਦੇ ਅੱਖਰਾਂ ਨੂੰ ਸੁਣਿਆ, ਉਸ ਦੀ ਵੇਦਨ ਨੂੰ ਸਮਝਿਆ ਤੇ ਆਪ ਕਹਿਣ ਲਗੇ ਕਿ, "ਮੈਂ ਆਪ ਨੂੰ ਸੋਚ ਕੇ ਦੋ ਕੁ ਦਿਨਾਂ ਦੇ ਬਾਅਦ ਦਸਾਂਗਾ।"

ਆਤਮ ਮੰਡਲ ਦੇ ਸਰਦਾਰਾਂ ਨੇ ਇਨ੍ਹਾਂ ਦੋ ਦਿਨਾਂ ਵਿਚ ਕੀ ਕੁਛ ਵਿਚਾਰਿਆ, ਕਿਵੇਂ ਤੋਲਿਆ, ਇਸ ਚੀਜ਼ ਨੂੰ ਅਨੁਭਵ ਕਰਨਾ ਬਹੁਤ ਹੀ ਕਠਿਨ ਅਤੇ ਮੁਸ਼ਕਲ ਹੈ।

ਦੋ ਦਿਨਾਂ ਦੇ ਬਾਅਦ ਸਿੰਧੀ ਦੀ ਬ੍ਰਿਧ ਮਾਤਾ ਜੀ ਫਿਰ ਆਏ ਤਾਂ ਆਪ ਨੇ ਕਿਹਾ ਕਿ, "ਮੈਂ ਆਪ ਦੀ ਪ੍ਰਮਾਰਥ ਵਿਚ ਕੋਈ ਵੀ ਮਦਦ ਨਹੀਂ ਕਰ ਸਕਾਂਗਾ। ਉਸ ਦਾ ਕਾਰਨ ਇਹ ਹੈ ਕਿ ਤੁਸਾਂ ਨੇ ਜੋ ਮੁਰਸ਼ਦ ਤੋਂ ਨਾਮ ਲਿਆ ਹੈ, ਮੈਂ ਉਸ ਨਾਮ ਦੀ ਘਾਲ ਨਹੀਂ ਘਾਲੀ। ਦੂਸਰਾ ਜੋ ਤੁਹਾਡਾ ਮਹਿਬੂਬ ਹੈ ਉਹ ਮੇਰਾ ਮਹਿਬੂਬ ਨਹੀਂ। ਮੇਰਾ ਇਸ਼ਟ ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਹੈ। ਮੇਰੀ ਪੂਜਯ

ਗੁਰਬਾਣੀ ਹੈ। ਮੇਰਾ ਇਸ਼ਕ ਗੁਰੂ ਨਾਨਕ ਦੇ ਚਰਨਾਂ ਨਾਲ ਹੈ ਸੋ ਇਨ੍ਹਾਂ ਮੁਤਜ਼ਾਦ (ਵਿਪਰੀਤ) ਚੀਜ਼ਾਂ ਦੇ ਹੋਣ ਕਰ ਕੇ ਜੋ ਚੀਜ਼ ਤੁਸੀਂ ਜਾਂ ਤੁਹਾਡਾ ਮੁਰਸ਼ਦ ਮੇਰੇ ਪਾਸੋਂ ਚਾਹੁੰਦਾ ਹੈ ਉਹ ਮੈਂ ਨਹੀਂ ਕਰ ਸਕਾਂਗਾ।"

ਸਿੰਧੀ ਸੱਜਣ ਦੀ ਬ੍ਰਿਧ ਮਾਤਾ ਨਿਰਾਸ ਹੋ ਕੇ ਘਰ ਵਾਪਸ ਪਹੁੰਚੀ ਅਤੇ ਫਿਰ ਉਹੀ ਮਨ ਦੀ ਕੈਫੀਅਤ ਹੋ ਗਈ, ਜੋ ਪਹਿਲੇ ਸੀ। ਕੁਛ ਇਕ ਦਿਨਾਂ ਬਾਅਦ ਮੁਰਸ਼ਦ ਫਿਰ ਸੁਪਨੇ ਵਿਚ ਆਇਆ। ਇਸ ਨੇ ਉਨ੍ਹਾਂ ਨੂੰ ਕਿਹਾ ਕਿ, "ਜਿਸ ਰੱਬ ਦੇ ਬੰਦੇ ਦੇ ਪਾਸ ਆਪ ਨੇ ਮੈਨੂੰ ਭੇਜਿਆ ਸੀ, ਉਸ ਨੇ ਮੈਨੂੰ ਇਹ ਕਿਹਾ ਹੈ। ਸੋ ਆਪ ਦੱਸੋ ਕਿ ਮੈਂ ਆਪ ਦੇ ਦੱਸੇ ਹੋਏ ਮਾਰਗ ਤੇ ਚਲਾਂ ਕਿ ਉਨ੍ਹਾਂ ਦੇ ਦੱਸਣ ਵਾਲੇ ਮਾਰਗ ਤੇ ਟੁਰਾਂ।" ਉਸ ਸੂਫੀ ਮੁਰਸ਼ਦ ਨੇ ਕਿਹਾ ਕਿ, "ਹਰੇਕ ਸੱਚਾ ਫਕੀਰ ਸਰਕਲ (ਦਾਇਰਾ) ਦੇ ਉੱਪਰ ਖੜੋਤਾ ਹੈ ਅਤੇ ਹਰੇਕ ਸੱਚੇ ਫਕੀਰ ਦਾ ਰੁੱਖ ਸੈਂਟਰ ਵੱਲ ਹੈ, ਸੋ ਚਾਹੇ ਕੋਈ ਕਿਤੇ ਟੁਰੇ ਆਖਰ ਹਰੇਕ ਨੇ ਨੁਕਤੇ ਤੇ ਪਹੁੰਚ ਜਾਣਾ ਹੈ। ਸੋ ਜੋ ਉਹ ਕਹਿੰਦੇ ਹਨ ਤੇ ਜਿਵੇਂ ਉਹ ਚਲਾਂਦੇ ਹਨ, ਤਿਵੇਂ ਤੁਸੀਂ ਚਲਣਾ।"

ਦੂਸਰੀ ਭਲਕ ਸਿੰਧੀ ਸੱਜਣ ਨੇ ਸੇਠ ਡੇਟਾ ਰਾਮ ਜੀ ਨੂੰ ਟੈਲੀਫੂਨ ਰਾਹੀਂ ਬੇਨਤੀ ਕੀਤੀ ਕਿ, "ਡੇਟਾ ਰਾਮ ਜੀ ! ਆਪ ਪਰਮ ਪਵਿੱਤਰ ਪਾਵਨ ਮਹਾਪੁਰਸ਼ ਤੋਂ ਮੈਨੂੰ ਸਮਾਂ ਲੈ ਦਿਉ ਕਿਉਂਕਿ ਮੇਰੀ ਬ੍ਰਿਧ ਮਾਤਾ ਉਨ੍ਹਾਂ ਨੂੰ ਮਿਲਣਾ ਚਾਹੁੰਦੀ ਹੈ।" ਸਮਾਂ ਮੁਕੱਰਰ ਹੋ ਗਿਆ। ਬ੍ਰਿਧ ਮਾਤਾ ਆਈ। ਉਸ ਨੇ ਸੁਪਨਾ ਦੱਸਿਆ ਤੇ ਕਿਹਾ, "ਮੈਨੂੰ ਮੇਰੇ ਸਿੰਧ ਵਿਚ ਬੈਠੇ ਹੋਏ ਸੂਫੀ ਮੁਰਸ਼ਦ ਤੋਂ ਇਹ ਆਗਿਆ ਮਿਲ ਰਹੀ ਹੈ। ਜਿਵੇਂ ਆਪ ਚਲਾਉਗੇ ਤਿਵੇਂ ਮੈਂ ਚਲਾਂਗੀ।"

ਭਾਈ ਸਾਹਿਬ ਜੀ ਮਹਾਰਾਜ ਦੱਸਣ ਲਗੇ ਕਿ ਉਨ੍ਹਾਂ ਨੇ ਉਸ ਬ੍ਰਿਧ ਮਾਤਾ ਨੂੰ ਕਿਹਾ ਕਿ, "ਤੈਨੂੰ ਮੁਸਲਮਾਨੀ ਕਲਾਮ ਛੱਡ ਕੇ ਗੁਰੂ ਨਾਨਕ ਦੀ ਕਲਾਮ ਨੂੰ ਗ੍ਰਹਿਣ ਕਰਨਾ ਹੋਵੇਗਾ। ਗੁਰੂ ਨਾਨਕ ਦੀ ਕਲਾਮ ਦੇ ਸਰੂਪ ਦੋ ਹਨ- ਇਕ ਗੁਰਮੰਤਰ ਅਤੇ ਦੂਸਰਾ ਗੁਰਬਾਣੀ। ਆਪ ਨੇ ਕਿਹਾ ਕੀ ਤੁਸੀਂ ਗੁਰੂ ਨਾਨਕ ਦੇ ਗੁਰਮੰਤਰ ਦੀ ਘਾਲ ਘਾਲੋਗੇ, ਕੀ ਗੁਰਬਾਣੀ ਨੂੰ ਤੁਸੀਂ ਆਪਣਾ ਪੂਰਨ ਇਸ਼ਟ ਗੁਰਦੇਵ ਬਣਾਓਗੇ, ਇਸ ਨੂੰ ਪੂਜੋਗੇ ਇਸ ਨੂੰ ਨਮਸਕਾਰ ਕਰੋਗੇ, ਕੀ ਇਸ ਦੇ ਸਤਿਕਾਰ ਵਿਚ ਤੁਹਾਡਾ ਮਨ ਡੁਲ੍ਹ ਡੁਲ੍ਹ ਪਏਗਾ ? ਕੀ ਤੁਸੀਂ ਫਿਰ ਪਿੱਛੇ ਵੱਲ ਨਹੀਂ ਝਾਕੋਗੇ ?" ਤਾਂ ਬ੍ਰਿਧ ਮਾਤਾ ਨੇ ਕਿਹਾ, "ਮੈਂ ਹੁਣ ਆਪ ਦੇ ਦਰ ਤੇ ਡਿਗ ਪਈ ਹਾਂ। ਜਿਸ ਰਸਤੇ ਆਪ ਚਲਾਉਗੇ ਮੈਂ ਉਸੀ ਰਸਤੇ ਚਲਾਂਗੀ। ਜਿਵੇਂ ਕੋਈ ਬੀਬੀ ਸਹੁਰੇ ਘਰ ਜਾ ਕੇ ਫਿਰ ਪੇਕੇ ਘਰ ਨੂੰ ਭੁਲ ਜਾਂਦੀ ਹੈ। ਇਸੇ ਤਰ੍ਹਾਂ ਅੱਜ ਤੋਂ ਬਾਅਦ ਮੈਂ ਪਿਛਲਾ ਭੁਲ ਜਾਂਵਾਗੀ।"

"ਅਬ ਹਮ ਚਲੀ ਠਾਕੁਰ ਪਹਿ ਹਾਰਿ॥
ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥
ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥"

ਭਾਈ ਸਾਹਿਬ ਮਹਾਰਾਜ ਤਰੁੱਠ ਪਏ। ਉੱਚਾ ਫਕੀਰ ਕਦੇ ਪਦਾਰਥਾਂ ਤੇ, ਘਾਲਾਂ ਤੇ, ਜਗਰਾਤਿਆਂ ਤੇ, ਤਪਾਂ ਤੇ, ਹਠਾਂ ਤੇ, ਨਹੀਂ ਰੀਝਦਾ। ਉਹ ਜਦੋਂ ਵੀ ਕਿਸੇ ਤੇ ਰੀਝੇਗਾ ਉਸ ਦੇ ਮਨ ਦੀ Sincerity ਤੇ ਹੀ ਰੀਝੇਗਾ। ਉਸ ਨੂੰ ਕੋਈ ਘਾਲ ਵੀ ਖੁਸ਼ ਨਹੀਂ ਕਰਦੀ। ਉਹ ਜਗਿਆਸੂ ਦੀ ਪੂਰਨ ਫਰਮਾਬਰਦਾਰੀ ਤੇ ਰੀਝਦਾ ਹੈ। ਫਿਰ ਆਪਣੀ ਮਹਾਨ ਕਮਾਈ ਵਿਚੋਂ, ਜੋ ਉਸ ਨੇ ਕੀਤੀ, ਉਸ ਵਿਚੋਂ ਦਾਤ ਬਖਸ਼ ਦਿੰਦਾ ਹੈ।

ਆਪ ਦੱਸਦੇ ਸਨ ਕਿ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰ ਤੇ ਉਸ ਬ੍ਰਿਧਾ ਨੂੰ ਲਿਟਾ ਦਿੱਤਾ ਜੋ ਸਾਖਸ਼ਾਤ (ਪ੍ਰਤਖਸ਼) ਦੱਸੋ ਪਾਤਿਸ਼ਾਹ ਦਾ ਪਾਵਨ ਸਰੂਪ ਹੈ ਅਤੇ ਜਿਸ ਵਿਚ ਪੂਰਨ ਅਕਾਲ ਪੁਰਖ ਵਾਹਿਗੁਰੂ ਦੀ ਜੋਤ ਜਗਮਗ ਕਰ ਰਹੀ ਹੈ ਅਤੇ ਜਿਸ ਵਿਚ ਦੱਸੋ ਗੁਰਦੇਵਾਂ ਦੀ ਮਾਹਨ ਸ਼ਕਤੀ ਟਿਕੀ ਹੋਈ ਹੈ। ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਤੋਂ ਹੀ ਮੈਂ ਨਾਮ ਦੀ ਦਾਤ ਲੈ ਦਿੱਤੀ, ਗੁਰਬਾਣੀ ਲੈ ਦਿੱਤੀ ਅਤੇ ਇਸ ਬ੍ਰਿਧ ਮਾਤਾ ਦੀ ਪਵਿੱਤਰ ਆਤਮਾ ਨੂੰ ਗੁਰੂ ਨਾਨਕ ਦੀ ਗੋਦ ਵਿਚ ਟਿਕਾ ਦਿੱਤਾ।

"ਫ਼ਕਰੇ ਊ ਫ਼ਕਰ ਰਾ ਸਰਫ਼ਰਾਜ਼ੀ।"

ਸੁਪਨ-ਸੁਨੇਹਾ

ਇਕ ਗੁਰਮੁਖ ਆਤਮਾ ਨੇ ਇਕ ਪੱਤਰ ਰਾਹੀਂ ਪਤਾ ਦਿੱਤਾ ਹੈ, ਕਿ ਇਕ ਚੰਗੀ ਆਤਮਾ ਨੂੰ, ਜਿਸ ਉੱਪਰ ਗੁਰੂ ਪਰਮੇਸ਼ੁਰ ਦੀ ਅਤਿ ਮਿਹਰ ਹੈ, ਇਕ ਸੁਪਨਾ ਆਇਆ। ਸੁਪਨਾ ਕੀ ਹੈ ? ਇਹ ਸੁਪਨਾ ਸੰਸਾਰਕ ਨਹੀਂ ਹੈ, ਗ਼ੈਬ ਦੇ ਮੰਡਲ ਦਾ ਹੈ, ਅਣਦਿਸਦੇ ਦੇਸ਼ ਦਾ, ਆਲਮੇ-ਅਰਵਾਹ ਦਾ (ਰੂਹਾਂ ਦੇ ਮੰਡਲ ਦਾ) ਹੈ।

ਸੁਪਨੇ ਵਿਚ ਕੀ ਸੀ ? ਸ੍ਰੀ ਮਾਨਜਵਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕਹਿ ਰਹੇ ਹਨ, "ਪਵਿੱਤਰ ਆਤਮਾ ਜੀ ! ਨਾਮ ਜਪੋ, ਜੋ ਨਾਮ ਨਹੀਂ ਜਪਦੇ ਮੈਂ ਇਥੇ ਦੇਖ ਰਿਹਾ ਹਾਂ ਕਿ ਬਹੁਤ ਹੀ ਦੁੱਖ ਪਾ ਰਹੇ ਹਨ ਤੁਸੀਂ ਨਾਮ ਜਪੋ ਤੇ ਸਾਰਿਆਂ ਨੂੰ ਮੇਰਾ ਸੰਦੇਸ਼ ਦੇ ਦਿਓ, ਖਾਸ ਕਰ ਕੇ ਆਪਣੇ......... ਨੂੰ ਕਿ ਨਾਮ ਜਪੋ, ਨਾਮ ਜਪੋ, ਨਾਮ ਜਪੋ।" ਫੇਰ ਉਨ੍ਹਾਂ ਪੁਛਿਆ, 'ਬੀਬੀ ਮੇਰਾ ਸੁਨੇਹਾ ਪੁਚਾ ਦੇਸੇਂ ?' ਤਾਂ ਉਨ੍ਹਾਂ ਕਿਹਾ, 'ਜੀ ਜ਼ਰੂਰ ਦੇਸਾਂ।' ਫਿਰ ਆਪ ਗੁਰਬਾਣੀ ਦੀਆਂ ਤੁਕਾਂ ਪੜ੍ਹਦੇ ਰਹੇ ਜਿਨ੍ਹਾਂ ਦਾ ਤਾਤਪਰਜ ਸੀ :-

"ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ॥"

(ਸੋਰਠਿ ਮਹਲਾ ੧)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਵਿਚ ਕਈ ਜਗ੍ਹਾ ਤੇ ਸੁਪਨੇ ਲੈਣ ਦੀ ਤੜਫ ਹੈ, ਕਿਤੇ ਸੁਪਨੇ ਦੀ ਮੰਗ ਹੈ :-

"ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥"

(ਸੋਰਠਿ ਮਹਲਾ ੧)

ਕਿਤੇ ਸੁਪਨੇ ਦਾ ਮਿਲਾਪ ਹੈ :-

"ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ॥"

(ਗਉੜੀ ਮਹਲਾ ੫)

ਕਿਤੇ ਸੁਪਨੇ ਦਾ ਵਿਛੋੜਾ ਹੈ :-

ਸੁਪਨੇ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥

(ਵਡਹੰਸ ਮਹਲਾ ੧)

ਸੁਪਨਾ ਇਕ ਵਚਿੱਤਰ ਚੀਜ਼ ਹੈ, ਇਸ ਦਾ ਵਰਣਨ ਕਈ ਜਗ੍ਹਾ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਵੀ ਕੀਤਾ। ਬਾਬਾ ਨੌਧ ਸਿੰਘ, ਮਹਾਕਾਵਯ ਰਾਣਾ ਸੂਰਤ ਸਿੰਘ ਵਿਚ ਆਪ ਨੇ ਸੁਪਨ ਦਰਸ਼ਨ ਕਰਵਾਏ ਹਨ। ਮਟਕ

ਹੁਲਾਰੇ ਵਿਚ ਆਪ ਦੀ 'ਜ਼ਬਾਨ ਜ਼ਦ' ਜੋ ਕਵਿਤਾ ਹੈ ਉਸ ਵਿਚ ਵੀ ਆਪ ਨੇ ਇਹੀ ਅੰਕਿਤ ਕੀਤਾ ਹੈ- "ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ ਅਸਾਂ ਧਾ ਗਲਵੱਕੜੀ ਪਾਈ। ਨਿਰਾ ਨੂਰ ਤੁਸੀਂ ਹੱਥ ਨ ਆਏ ਸਾਡੀ ਕੰਬਦੀ ਰਹੀ ਕਲਾਈ॥"

ਹਿੰਦੂ ਧਰਮ ਦੇ ਸ਼ਾਸਤਰਕਾਰਾਂ ਨੇ ਜਦੋਂ ਨੀਂਦ ਦਾ ਵਿਤਰੇਕ ਕੀਤਾ, ਤਦੋਂ ਉਨ੍ਹਾਂ ਨੇ ਨੀਂਦ ਨੂੰ ਚਾਰ ਹਿੱਸਿਆਂ ਵਿਚ ਵੰਡਿਆ। ਜਾਗਰਤ, ਸੁਪਨ, ਸੁਖੋਪਤੀ ਅਤੇ ਤੁਰੀਆ, "ਜਾਗ੍ਰਤਿ ਸੁਪਨ ਸੁਖੋਪਤ ਤੁਰੀਆ। ਆਤਮ ਭੂਪਤ ਕੀਏ ਪੁਰੀਆ" ਸ੍ਰੀ ਜਪੁ ਜੀ ਸਾਹਿਬ ਦੇ ਟੀਕੇ ਵਿਚ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਕਮਾਲੀਏ ਵਾਲਿਆਂ ਨੇ ਕਥਾ ਵਿਚ ਇਹੀ ਦੱਸਿਆ ਹੈ ਕਿ ਜਦੋਂ ਆਤਮਾ ਪੁਰੀ ਨਾਮੀਂ ਨਾੜੀ ਵਿਚ ਆਂਦੀ ਹੈ ਤਦੋਂ ਨੀਂਦ ਦੀ ਸੁਪਨ ਅਵਸਥਾ ਆ ਜਾਂਦੀ ਹੈ।

ਇਰਾਨੀ ਅਤੇ ਅਰਬੀ ਲੋਕਾਂ ਵਿਚ ਸੁਪਨਿਆਂ ਦੀ ਪੜਚੋਲ ਕੀਤੀ ਜਾਂਦੀ ਸੀ। ਇਸ ਸਾਇੰਸ ਦੇ ਕਈ ਲੋਕ ਮਾਹਿਰ ਹੁੰਦੇ ਸਨ। ਇਸ ਸਾਇੰਸ ਦੀਆਂ ਉਨ੍ਹਾਂ ਲੋਕਾਂ ਨੇ ਅਣਗਿਣਤ ਕਿਤਾਬਾਂ ਲਿਖੀਆਂ। ਉਹ ਲੋਕ ਖੁਵਾਬਾਂ ਦੀ ਤਦਬੀਰ ਕਰਦੇ ਹੁੰਦੇ ਸਨ। ਉਨ੍ਹਾਂ ਨੇ ਸੁਪਨ ਸੰਸਾਰ ਦੀਆਂ ਬਹੁਤ ਹੀ ਆਲੌਕਿਕ ਅਤੇ ਵਚਿੱਤਰ ਕਥਾਵਾਂ ਆਪਣੇ ਸਾਹਿਤ ਅੰਦਰ ਵਰਣਨ ਕੀਤੀਆਂ ਹਨ।

ਯੂਰਪ ਅਤੇ ਅਮਰੀਕਾ ਦੇ ਲੋਕ ਵੀ ਇਸ ਸਾਇੰਸ ਵੱਲ ਖਾਸ ਧਿਆਨ ਦੇ ਰਹੇ ਹਨ। ਪਿੱਛੇ ਇਕ ਦੁਰਘਟਨਾ ਦਾ ਜ਼ਿਕਰ ਉਨ੍ਹਾਂ ਨੇ ਕੀਤਾ ਹੈ ਕਿ ਬਾਪ ਰਾਤ ਨੂੰ ਸੁਪਨਾ ਦੇਖ ਰਿਹਾ ਹੈ ਕਿ ਮੇਰਾ ਲੜਕਾ, ਜੋ ਲੋਹੇ ਦੇ ਇਕ ਵੱਡੇ ਕਾਰਖਾਨੇ ਵਿਚ ਕੰਮ ਕਰਦਾ ਹੈ, ਅਚਾਨਕ ਉਸ ਨੂੰ ਇਕ ਜ਼ਬਰਦਸਤ ਲੋਹੇ ਦਾ ਸਰੀਆ ਲੱਗਾ ਹੈ ਤੇ ਉਸ ਕਰ ਕੇ ਉਸ ਦੀ ਲੱਤ ਨਕਾਰੀ ਹੋ ਗਈ ਹੈ। ਸਵੇਰ ਹੁੰਦੇ, ਇਸੇ ਹੀ ਦੁਰਘਟਨਾ ਦਾ ਉਸ ਨੂੰ ਟੈਲੀਫੋਨ ਆ ਗਿਆ।

ਦੇਖਣ ਵਿਚ ਆਇਆ ਹੈ ਕਿ ਕਈ ਲੋਕਾਂ ਨੂੰ ਭਵਿਸ਼ ਬਾਰੇ ਸੁਪਨੇ ਆਏ ਅਤੇ ਉਹ ਬਹੁਤ ਵਾਰੀ ਸੱਚੇ ਹੋਏ।

ਗੁਰਮੁਖ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਇਕੇਰਾਂ ਦੱਸਿਆ ਸੀ ਕਿ ਜਦੋਂ ਉਨ੍ਹਾਂ ਦੇ ਛੋਟੇ ਵੀਰ ਸਰਦਾਰ ਜੈਰਾਜ ਸਿੰਘ ਨੇ ਇਸ ਸੰਸਾਰ ਤੋਂ ਚੜ੍ਹਾਈ ਕੀਤੀ ਤਦੋਂ ਲਾਹੌਰ ਤੋਂ ਇਕ ਦੰਪਤੀ ਹਮਦਰਦੀ ਕਰਨ ਲਈ ਉਨ੍ਹਾਂ ਪਾਸ ਆਏ। ਹੋਰ ਬਹੁਤ ਸਾਰੇ ਸੱਜਣ ਮਿੱਤਰ ਵੀ ਪਾਸ ਬੈਠੇ ਸਨ। ਕਈ ਤਰ੍ਹਾਂ ਦੀਆਂ ਗੱਲਾਂ ਬਾਤਾਂ ਹੋ ਰਹੀਆਂ ਸਨ ਕਿ ਅਚਾਨਕ ਪਾਸ ਬੈਠੀ ਉਸ ਬੀਬੀ ਦੀ ਅੱਖ ਲੱਗ ਗਈ। ਉਸ ਨੇ ਉਸ ਸੁਪਨ-ਨੀਂਦ ਵਿਚ ਵੀਰ

ਜੈਰਾਜ ਸਿੰਘ ਜੀ ਨੂੰ ਇਕ ਚਿੱਟੇ ਸੁਫੈਦ ਹਾਥੀ ਤੇ ਤੱਕਿਆ। ਬਹੁਤ ਸਾਰੇ ਲੋਕਾਂ ਦਾ ਸਮੁਦਾਇ ਨਾਲ ਸੀ, ਅਤੇ ਉਸ ਦੀ ਅਗੁਵਾਨੀ ਇਕ ਉੱਚੇ ਸੁੱਚੇ ਨੂਰਾਨੀ ਮਹਾਪੁਰਸ਼ ਕਰ ਰਹੇ ਸਨ। ਇਸ ਸਮੁਦਾਇ ਵਿਚ ਉਸ ਨੂਰਾਨੀ ਜਾਹੋ ਜਲਾਲ ਵਾਲੀ ਆਤਮਾ ਨੂੰ ਜਦ ਸੁਪਨ-ਅਵਸਥਾ ਵਿਚ ਬੀਬੀ ਨੇ ਤੱਕਿਆ ਤਾਂ ਸਮੁਦਾਇ ਵਿਚ ਇਕ ਨੂੰ ਪੁੱਛਿਆ ਕਿ ਇਹ ਨੂਰਾਨੀ ਮੁਖੜੇ ਵਾਲੇ ਕੌਣ ਹਨ ਤਾਂ ਉਸ ਨੇ ਉਨ੍ਹਾਂ ਦਾ ਪਵਿੱਤਰ ਨਾਮ ਦੱਸਿਆ।

ਥੋੜ੍ਹੇ ਸਮੇਂ ਬਾਅਦ ਸੁਪਨਾ ਖਤਮ ਹੋ ਗਿਆ। ਅੱਖਾਂ ਖੁੱਲ੍ਹ ਗਈਆਂ। ਬੀਬੀ ਪੂਰਨ ਜਾਗ੍ਰਤ ਅਵਸਥਾ ਵਿਚ ਆ ਗਈ ਅਤੇ ਭਾਈ ਸਾਹਿਬ ਜੀ ਨੂੰ ਕਹਿਣ ਲਗੀ ਕਿ ਮੈਂ ਹੁਣੇ ਹੀ ਵੀਰ ਜੈਰਾਜ ਸਿੰਘ ਨੂੰ ਮਿਲੀ ਹਾਂ। ਭਾਈ ਸਾਹਿਬ ਨੇ ਪੁੱਛਿਆ : 'ਉਹ ਕਿੱਦਾਂ ?' ਬੀਬੀ ਨੇ ਸਾਰਾ ਸੁਪਨਾ ਵਿਸਥਾਰ ਨਾਲ ਆਪ ਨੂੰ ਸੁਣਾਇਆ। ਭਾਈ ਸਾਹਿਬ ਨੇ ਪੁੱਛਿਆ ਕਿ ਜਿਹੜੇ ਨੂਰਾਨੀ ਮਹਾਪੁਰਖ ਉਸ ਸਮੁਦਾਇ ਦੀ ਅਗੁਵਾਨੀ ਕਰ ਰਹੇ ਸਨ ਤੇ ਤੁਸਾਂ ਉਨ੍ਹਾਂ ਦਾ ਨਾਮ ਪੁੱਛਿਆ ਸੀ ਦੱਸੋ ਉਹ ਨਾਮ ਕੀ ਸੀ ? ਤਾਂ ਬੀਬੀ ਨੇ ਝਟ ਉਸ ਮਹਾਪੁਰਸ਼ ਦਾ ਨਾਮ, ਜੋ ਸੁਪਨੇ ਵਿਚ ਪਤਾ ਲੱਗਾ ਸੀ, ਦੱਸ ਦਿੱਤਾ। ਨਾਮ ਸੁਣ ਕੇ ਆਪ ਬੜੇ ਅਚੰਭਿਤ ਹੋਏ ਕਿਉਂਕਿ ਉਸ ਸਤਿਪੁਰਸ਼ ਦਾ ਨਾਮ, ਜਦੋਂ ਉਹ ਇਸ ਵਸਦੇ ਦਿਸਦੇ ਸੰਸਾਰ ਵਿਚ ਮਨੁੱਖੀ ਜਾਮੇ ਵਿਚ ਵਿਚਰਦੇ ਸਨ ਤਦੋਂ ਇਕ ਦੋ ਸੱਜਣਾਂ ਨੂੰ ਹੀ ਪਤਾ ਸੀ। ਕੁਝ ਚਿਰ ਬਾਅਦ ਦੁਬਾਰਾ ਨਾਮ ਪੁਛਿਆ, ਤਦੋਂ ਬੀਬੀ ਸੋਚਣ ਲਗ ਪਈ ਅਤੇ ਥੋੜ੍ਹੇ ਸਮੇਂ ਪਿੱਛੋਂ ਕਹਿਣ ਲਗੀ ਕਿ ਮੈਨੂੰ ਹੁਣ ਨਾਮ ਬਿਲਕੁਲ ਭੁੱਲ ਗਿਆ ਹੈ।

ਇਹ ਵਾਰਤਾ ਸੰਨ 1911-12 ਦੀ ਹੈ। 60 ਸਾਲ ਤੋਂ ਮਗਰੋਂ ਉਪਰੋਕਤ ਸੁਪਨਾ ਫਿਰ ਉਸੇ ਹੀ ਚੰਗੀ ਆਤਮਾ ਨੂੰ ਆਇਆ ਹੈ। ਕੇਵਲ ਉਸ ਨੂੰ ਨਹੀਂ ਕਿਹਾ ਗਿਆ, ਬਲਕਿ ਹਰੇਕ ਗੁਰਸਿੱਖ ਨੂੰ ਸੁਨੇਹਾ ਭੇਜਿਆ ਹੈ ਕਿ ਨਾਮ ਜਪੋ, ਨਾਮ ਜਪੋ, ਕਿਉਂਕਿ ਨਾਮ ਤੋਂ ਬਿਨਾ ਅਗਲੇ ਲੋਕ ਵਿਚ ਬਹੁਤ ਹੀ ਦੁੱਖ ਅਤੇ ਕਲੇਸ਼ ਹਨ।

ਇਹ ਤਾਂ ਹੋਇਆ ਇਕ ਸੁਪਨ ਸੰਦੇਸ਼ ਦਾ ਬਿਰਤਾਂਤ ਜੋ ਗ਼ੈਬ ਦੇ ਮੰਡਲ ਤੋਂ ਉਸ ਆਤਮਾ ਨੂੰ ਥੋੜ੍ਹਾ ਸਮਾਂ ਹੋਇਆ, ਪ੍ਰਾਪਤ ਹੋਇਆ।

ਸੰਨ 1953 ਵਿਚ ਸ੍ਰੀ ਮਾਨਯਵਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ 4 ਭਗਵਾਨ ਦਾਸ ਰੋਡ, ਦਿੱਲੀ ਭਾਗ ਲਾ ਰਹੇ ਸਨ। ਕੋਈ ਦਸ ਵਜੇ ਦਾ ਸਮਾਂ ਹੋਣਾ ਹੈ, ਆਪ ਮਲਿਕ ਸਾਹਿਬ ਦੀ ਕੋਠੀ ਦੇ ਬਰਾਂਡੇ ਵਿਚ ਬੈਠੇ ਸਨ। ਉਸ ਸਮੇਂ ਗੁਰਪੁਰਵਾਸੀ ਮਹੰਤ ਹੀਰਾ ਸਿੰਘ ਜੀ ਸ਼ਾਹਪੁਰ ਵਾਲੇ, ਉਨ੍ਹਾਂ ਦੇ ਵਰੋਸਾਏ ਭਾਈ ਗੁਪਾਲ ਸਿੰਘ ਜੀ (ਮਹੰਤ) ਅਤੇ ਉਨ੍ਹਾਂ ਦੇ ਨਾਲ ਆਏ ਉਨ੍ਹਾਂ ਦੇ ਪਿਆਰ ਵਾਲੇ

ਸਰਦਾਰ ਸੱਜਣ ਸਿੰਘ ਜੀ ਬਰਮਾ ਵਾਲੇ, ਅਤੇ ਕਈ ਹੋਰ ਪਤਵੰਤਿਆਂ ਨਾਲ, ਭਾਈ ਸਾਹਿਬ ਜੀ ਨੂੰ ਮਿਲਣ ਲਈ ਪਹੁੰਚੇ। ਬਚਨ ਕਰਦਿਆਂ ਸਤਿਪੁਰਸ਼ਾਂ ਨੇ ਦੱਸਿਆ ਕਿ ਜੋ ਇਸ ਸੰਸਾਰ ਵਿਚ ਜਨਮ ਲੈ ਕੇ ਰੱਬ ਦਾ ਨਾਮ ਨਹੀਂ ਜਪਦੇ ਉਹ ਪ੍ਰਲੋਕ ਵਿਚ ਜਾ ਕੇ ਰੋਣਗੇ ਅਤੇ ਜੋ ਨਾਮ ਜਪਦੇ ਹਨ ਉਹ ਵੀ ਉਥੇ ਜਾ ਕੇ ਰੋਣਗੇ। ਜਦੋਂ ਆਪ ਜੀ ਨੇ ਇਹ ਬਚਨ ਕਹੇ ਤਦੋਂ ਮੈਂ ਵੀ ਉਨ੍ਹਾਂ ਦੇ ਚਰਨਾਂ ਵਿਚ ਹਾਜ਼ਰ ਸਾਂ। ਬਚਨ ਸੁਣ ਕੇ ਮੈਂ ਕੁਝ ਸੋਚੀਂ ਪੈ ਗਿਆ ਤਾਂ ਆਪ ਪੁੱਛਣ ਲਗੇ, "ਕਾਕਾ ਕੀ ਸੋਚਦਾ ਹੈਂ ?" ਮੈਂ ਕਿਹਾ, "ਜੀ! ਇਹ ਬਚਨ ਤੇ ਕਈ ਵਾਰੀ ਕੰਨਾਂ ਵਿਚ ਪਏ ਹਨ ਕਿ ਜੋ ਨਾਮ ਨਹੀਂ ਜਪਦੇ ਉਨ੍ਹਾਂ ਨੂੰ ਪ੍ਰਲੋਕ ਵਿਚ ਬਹੁਤ ਦੁੱਖ ਸੰਤਾਪ ਹੋਣਗੇ ਪਰ ਇਹ ਨਹੀਂ ਸੁਣਿਆ ਕਿ ਜੋ ਨਾਮ ਜਪਦੇ ਹਨ ਉਹ ਵੀ ਪ੍ਰਲੋਕ ਵਿਚ ਰੋਣਗੇ।"

ਆਪ ਫੁਰਮਾਉਣ ਲਗੇ ਕਿ ਜਿਸ ਤਰ੍ਹਾਂ ਕਿਸੇ ਨੂੰ ਹਿੰਦੁਸਤਾਨ ਵਿਚੋਂ ਅਮਰੀਕਾ ਭੇਜਣਾ ਹੋਵੇ ਤਾਂ ਉਹ ਜਾਣ ਵਾਲਾ ਸੱਜਣ ਇਥੋਂ ਡਾਲਰ ਲੈ ਕੇ ਚਲਦਾ ਹੈ। ਜਦੋਂ ਅਮਰੀਕਾ ਪਹੁੰਚਦਾ ਹੈ ਤਾਂ ਉਹ ਉਥੇ ਕਈ ਪ੍ਰਕਾਰ ਦੀਆਂ ਸੁਖਦਾਈ ਚੀਜ਼ਾਂ ਤਕਦਾ ਹੈ। ਜੇ ਉਹ ਡਾਲਰ ਬਹੁਤੇ ਲੈ ਗਿਆ ਹੋਵੇ ਤਾਂ ਜੋ ਚਾਹੇ ਉਥੇ ਖਰੀਦ ਸਕਦਾ ਹੈ। ਪਰ ਜੇ ਘੱਟ ਲੈ ਗਿਆ ਹੋਵੇ ਤਾਂ ਪਛਤਾਉਂਦਾ ਹੈ ਕਿ ਮੈਂ ਬਹੁਤੇ ਡਾਲਰ ਕਿਉਂ ਨਾ ਲਿਆਂਦੇ। ਇਸੇ ਤਰ੍ਹਾਂ ਜਦੋਂ ਰੱਬ ਜੀ ਦੇ ਪਵਿੱਤਰ ਨਾਮ ਨੂੰ ਜਪਣ ਵਾਲਾ ਪ੍ਰਲੋਕ ਵਿਚ ਜਾਂਦਾ ਹੈ ਤਾਂ ਉਥੇ ਨਾਮ ਦੀ ਕਦਰ ਪੈਂਦੀ ਤਕਦਾ ਹੈ, ਤਦੋਂ ਇਹ ਹੱਥ ਮਲਦਾ ਹੈ ਕਿ ਮੈਂ ਮਨੁੱਖਾ ਜਨਮ ਪਾ ਕੇ ਕਿਉਂ ਥੋੜ੍ਹਾ ਨਾਮ ਜਾਪਿਆ ਹੈ, ਕਿਉਂ ਜੋ ਇਸ ਲੋਕ ਵਿਚ ਨਾਮ ਦੀ ਇਤਨੀ ਇਜ਼ਤ ਅਤੇ ਕਦਰ ਪੈਂਦੀ ਹੈ।

ਸੋ ਪਰਤੱਖ ਉਪਦੇਸ਼ ਅਤੇ ਸੁਪਨ ਸੰਦੇਸ਼ ਇਨ੍ਹਾਂ ਦੋਹਾਂ ਦਾ ਤਾਤਪਰਜ ਇਕ ਹੀ ਹੈ ਕਿ ਸਾਂਈ ਦੀ ਬੰਦਗੀ ਨਾਲ ਮਾਲਾਮਾਲ ਹੋ ਕੇ ਇਸ ਸੰਸਾਰ ਤੋਂ ਜਾਣਾ ਚਾਹੀਦਾ ਹੈ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਆਗਿਆ ਕਰ ਰਹੇ ਹਨ "ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥"

ਨਾਨਕ ਭਗਤਾ ਸਦਾ ਵਿਗਾਸੁ



ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਹਾਰਾਜ

ਗੁਰਮੁਖ ਮੇਲ

ਅੱਸੂ ਦਾ ਮਹੀਨਾ ਸੀ ਅਤੇ ਬਿਕਰਮੀ ਸੰਮਤ 1960 ਸੀ। ਸੰਤ ਭਾਈ ਸੰਗਤ ਦਾਸ ਜੀ ਕਮਾਲੀਏ ਟਿਕੇ ਹੋਏ ਸਨ। ਅਚਾਨਕ ਹੀ ਆਪ ਨੂੰ ਤਾਰ ਆਈ ਕਿ ਸੰਤ ਭਾਈ ਫ਼ਤਹਿ ਚੰਦ ਜੀ ਸ਼ਾਹ ਜੀਵਣੇ ਹਨ ਤੇ ਆਪ ਦਾ ਸਰੀਰ ਕੁਛ ਢਿੱਲਾ ਹੈ। ਚੰਗਾ ਹੈ ਕਿ ਆਪ ਛੇਤੀ ਪਹੁੰਚ ਜਾਓ।

ਤਾਰ ਮਿਲਦਿਆਂ ਹੀ ਸ੍ਰੀ ਸੰਤ ਜੀ ਕਮਾਲੀਏ ਤੋਂ ਟੋਭਾ ਟੇਕ ਸਿੰਘ ਅਤੇ ਟੋਭਾ ਟੇਕ ਸਿੰਘ ਤੋਂ ਮਿਘਿਆਣੇ, ਮਿਘਿਆਣੇ ਤੋਂ ਵਾਹੋਦਾਹੀ ਸ਼ਾਹ ਜੀਵਣੇ ਜਾ ਪਹੁੰਚੇ। ਡੇਰੇ ਪਹੁੰਚਣ ਤੇ ਆਪ ਨੇ ਆਪਣੇ ਅਤਿ ਪ੍ਰਿਅ ਸਤਿਪੁਰਸ਼ਾਂ ਦੇ ਚਰਨਾਂ ਨੂੰ ਪਰਸਿਆ। ਸਰੀਰ ਬਹੁਤ ਨਿਢਾਲ ਦਿੱਸਿਆ ਪ੍ਰੰਤੂ ਮੁਖੜੇ ਤੇ ਨੂਰ ਬਰਸ ਰਿਹਾ ਸੀ। ਆਪ ਦਾ ਪਹੁੰਚਣਾ ਸੰਤਾਂ ਨੂੰ ਬਹੁਤ ਹੀ ਚੰਗਾ ਲੱਗਾ। ਆਪ ਨੇ ਸੰਤਾਂ ਦੀ ਸਰੀਰਕ ਸੇਵਾ ਆਰੰਭ ਦਿੱਤੀ। ਜਦੋਂ ਸਵੇਰ ਹੋਈ ਤਾਂ ਰਸਿਕ ਮਹਾਪੁਰਸ਼ ਨੇ ਆਗਿਆ ਕੀਤੀ ਕਿ ਤੁਸੀਂ ਕੀਰਤਨ ਤੋਂ ਮਗਰੋਂ ਬਾਰਾਂਦਰੀ ਜਾ ਕੇ ਕਥਾ ਕਰੋ। ਸਤਿਬਚਨ ਕਹਿ ਕੇ ਸ੍ਰੀ ਸੰਤ ਜੀ ਬਾਰਾਂਦਰੀ, ਜਿਥੇ ਸਤਿਸੰਗ ਲੱਗਦਾ ਸੀ, ਚਲੇ ਗਏ।

ਆਪ ਨੇ ਪਹੁੰਚ ਕੇ ਸਹਸਕ੍ਰਿਤੀ ਸਲੋਕਾਂ ਦੀ ਕਥਾ ਆਰੰਭ ਕੀਤੀ। ਜਦੋਂ ਕਥਾ ਕਰ ਚੁੱਕੇ ਤਾਂ ਆਪ ਆਪਣੇ ਵਿਦਿਆ ਦਾਤਾ ਜੀ ਪਾਸ ਆ ਗਏ। ਉਨ੍ਹਾਂ ਨੇ ਪੁਛਿਆ, "ਕਥਾ ਕਰ ਆਏ ਹੋ ?" ਕਹਿਣ ਲਗੇ : ਜੀ। ਤਾਂ ਫਿਰ ਪੁੱਛਿਆ, "ਕਿਸ ਬਾਣੀ ਦੀ ਆਰੰਭ ਕੀਤੀ ਹੈ ?" ਆਪ ਨੇ ਕਿਹਾ ਕਿ ਸ੍ਰੀ ਸਹਸਕ੍ਰਿਤੀ ਸਲੋਕਾਂ ਦੀ। ਆਪ ਕਹਿਣ ਲੱਗੇ : ਇਹ ਕਥਾ ਮੇਰੇ ਜੀਵਨ ਤੋਂ ਬਾਅਦ ਕਰਨੀ, ਹੁਣ ਤੁਸੀਂ ਟਿੱਕੇ ਦੀ ਵਾਰ ਦੀ ਕਥਾ ਆਰੰਭ ਕਰੋ।

ਦੂਸਰੇ ਦਿਨ ਸਵੇਰੇ ਆਪ ਨੇ ਟਿੱਕੇ ਦੀ ਵਾਰ, ਜੋ ਸਤੇ ਅਤੇ ਬਲਵੰਡ ਨੇ ਰਾਮਕਲੀ ਰਾਗ ਵਿਚ ਉਚਾਰਨ ਕੀਤੀ ਸੀ, ਦੀ ਕਥਾ ਸ਼ੁਰੂ ਕਰ ਦਿੱਤੀ। ਬੇਅੰਤ ਸੰਗਤਾਂ ਦਾ ਇਕੱਠ ਹੁੰਦਾ ਸੀ। ਉਸ ਸਮੇਂ ਸ੍ਰੀ ਸੰਤ ਪਿਤਾ ਜੀ ਦੀ ਉਨੀ ਵੀਹ ਬਰਸ ਲਗਭਗ ਆਯੂ ਸੀ। ਆਵਾਜ਼ ਸੁਰੀਲੀ, ਕਥਾ ਅਤਿਅੰਤ ਰਸੀਲੀ, ਸੰਗਤਾਂ ਦੇ ਮਨਾਂ ਨੂੰ ਖਿੱਚਦੀ ਸੀ। ਪਰ ਉਧਰ ਸ੍ਰੀਮਾਨ ਭਾਈ ਫ਼ਤਹਿ ਚੰਦ ਸਾਹਿਬ ਦਾ ਸਰੀਰ ਦਿਨੋ-ਦਿਨ ਨਰਮ ਹੋ ਰਿਹਾ ਸੀ। ਕਮਜ਼ੋਰੀ ਵੱਧ ਰਹੀ ਸੀ ਤੇ ਇੰਵ ਮਾਲੂਮ ਹੁੰਦਾ ਸੀ ਕਿ ਆਪ ਹੁਣ ਪ੍ਰਭੂ-ਦੇਸ਼ ਜਾਣ ਦੀ ਤਿਆਰੀ ਕਰ ਰਹੇ ਹਨ।

ਚਲਾਣੇ ਤੋਂ ਇਕ ਦਿਨ ਪਹਿਲਾਂ ਸੰਤ ਪਿਤਾ ਜੀ ਨੇ ਆਪਣੇ ਮਹਾਪੁਰਸ਼ ਜੀ ਨੂੰ ਬਿਨੈ ਕੀਤੀ : ਆਪ ਜੀ ਤੋਂ ਮੈਂ ਵੱਡੀਆਂ ਦਾਤਾਂ ਤੇ ਬਖਸ਼ਿਸ਼ਾਂ ਲਈਆਂ ਹਨ, ਪ੍ਰੰਤੂ ਇਕ ਗੱਲ ਲਈ ਮੇਰੇ ਮਨ ਵਿਚ ਬਹੁਤ ਹੀ ਬੇਚੈਨੀ ਹੈ ਕਿ ਜਿਸ ਰੱਬ ਦੇ ਰਸਤੇ ਆਪ ਨੇ ਮੈਨੂੰ ਟੋਰਿਆ ਹੈ, ਉਸ ਲਈ ਮੈਨੂੰ ਅਜੇ ਰਹਿਬਰ ਦੀ ਲੋੜ ਹੈ। ਇਹ ਫੁਰਨਾ ਹਰ ਵਕਤ ਹੀ ਮੇਰੇ ਮਨ ਨੂੰ ਅਸ਼ਾਂਤ ਕਰ ਰਿਹਾ ਹੈ। ਆਪ ਕਹਿਣ

ਲੱਗੇ, "ਬੱਚਾ! ਤੇਰੇ ਪ੍ਰਮਾਰਥ ਦੇ ਰਸਤੇ ਨੂੰ ਨਿਰਵਿਘਨ ਲੈ ਜਾਣ ਵਾਲਾ, ਤੈਨੂੰ ਇਕ ਮੇਰੇ ਤੋਂ ਵੀ ਮਹਾਨ ਉੱਚਾ ਮਹਾਪੁਰਸ਼ ਮੇਰੇ ਪਿੱਛੋਂ ਮਿਲੇਗਾ, ਉਹ ਤੇਰੇ ਪਰਮਾਰਥ ਵਿਚ ਰੱਬੀ-ਰਸ, ਰੱਬੀ-ਖੇੜਾ, ਰੱਬੀ ਪ੍ਰਕਾਸ਼ ਦਾ ਤੇਰੇ ਅੰਦਰ ਸੰਚਾਰ ਕਰੇਗਾ। ਤੁਹਾਡੇ ਤੇ ਜੋ ਇਕ ਬਖਸ਼ਿਸ਼ ਸਦਾ ਹੀ ਪੁਸ਼ਤ ਦਰ ਪੁਸ਼ਤ ਚਲਦੀ ਆ ਰਹੀ ਹੈ, ਉਹ ਬਖਸ਼ਿਸ਼ ਵੀ ਤੁਹਾਡੇ ਸਦੈਵੀ ਅੰਗ ਸੰਗ ਹੋਵੇਗੀ।"

ਚਾਰ ਕੱਤਕ ਸੰਮਤ 1960 ਬਿਕਰਮੀ ਨੂੰ ਰਸਿਕ ਮਹਾਪੁਰਸ਼, ਗੁਰੂ ਅਮਰਦਾਸ ਪਾਤਿਸ਼ਾਹ ਦੇ ਧਿਆਨ ਵਿਚ ਸਦਾ ਟਿਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨੁਕਤਾ-ਰਸ ਗਿਆਨੀ, ਸੰਤ ਭਾਈ ਫ਼ਤਹਿ ਚੰਦ ਜੀ ਦਾ ਸਰੀਰ ਸ਼ਾਂਤ ਹੋ ਗਿਆ। ਉਨ੍ਹਾਂ ਦੀ ਪਵਿੱਤਰ ਆਤਮਾ ਨੇ ਰੱਬੀ ਦੇਸ਼ ਵਿਚ ਜਾ ਪ੍ਰਵੇਸ਼ ਕੀਤਾ।

ਉਨ੍ਹਾਂ ਦੀ ਅੰਤਮ ਸੰਸਕਾਰ ਦੀ ਸਾਰੀ ਕ੍ਰਿਆ ਕਰ ਕੇ ਸ੍ਰੀ ਸੰਤ ਪਿਤਾ ਜੀ ਕਮਾਲੀਏ ਆ ਟਿਕੇ।

ਪ੍ਰਮਾਰਥ ਦਾ ਰਸਤਾ ਇਕ ਮਹਾਨ ਮੁਸ਼ਕਲ ਅਤੇ ਬਾਰੀਕ ਰਸਤਾ ਹੈ। ਇਸੇ ਕਰ ਕੇ ਇਸ ਰਸਤੇ ਤੇ ਚੱਲਣ ਲਈ ਬੜੀ ਹੀ ਇਹਤਿਯਾਤ ਦੀ ਲੋੜ ਪੈਂਦੀ ਹੈ। ਨਿੱਕੇ ਜਿਹੇ ਨੁਕਤੇ ਤੋਂ ਖੁੰਝ ਜਾਣ ਕਰ ਕੇ ਪੈਂਡਾ ਦੁਰੇਡਾ ਅਤੇ ਕੇਂਦਰ ਤੋਂ ਦੂਰ ਹੋ ਜਾਂਦਾ ਹੈ। ਅਕਲ ਦਾ ਗਿਆਨ ਚਾਹੇ ਕਿਤਨਾ ਹੀ ਡੂੰਘਾ ਅਤੇ ਤੀਖਣ ਹੋਵੇ, ਪਰ ਪ੍ਰਮਾਰਥ ਦੀਆਂ ਗੁੰਝਲਾਂ ਨੂੰ ਖੋਲ੍ਹਣਾ ਉਸ ਲਈ ਬਹੁਤ ਹੀ ਕਠਿਨ ਹੈ।

ਕੁਝ ਸਮਾਂ ਆਪ ਨੇ ਸੰਤ ਭਾਈ ਕਾਲਾ ਸਿੰਘ ਜੀ ਤੋਂ ਅਤੇ ਪੰਡਤ ਸ੍ਰੀ ਰਾਮ ਸ਼ਰਣ ਦਾਸ ਜੀ ਤੋਂ ਸੰਸਕ੍ਰਿਤ ਵਿਦਿਆ ਦਾ ਅਭਿਆਸ ਕੀਤਾ। ਆਪ ਦਾ ਬਹੁਤ ਸਾਰਾ ਸਮਾਂ ਇਕਾਂਤ ਵਿਚ ਲੰਘਦਾ ਸੀ। ਪ੍ਰਮਾਰਥ ਦੀਆਂ ਗੁੰਝਲਾਂ ਨੂੰ ਖੋਲ੍ਹਣ ਲਈ ਆਪ ਨੇ ਉਸ ਸਮੇਂ ਇਨ੍ਹਾਂ ਚੰਗੇ ਚੰਗੇ ਘਾਲੀ ਮਹਾਪੁਰਸ਼ਾਂ ਦਾ ਸੰਗ ਕੀਤਾ। ਉਨ੍ਹਾਂ ਦੇ ਦੱਸੇ ਹੋਏ ਮਾਰਗਾਂ ਤੇ ਚੱਲਣ ਦਾ ਵੀ ਪੂਰਾ ਪ੍ਰਯਤਨ ਕੀਤਾ, ਪ੍ਰੰਤੂ ਜਿਸ ਰਸਾ-ਵੇਸ਼ ਵਿਚ ਆਪ ਜਾਣਾ ਚਾਹੁੰਦੇ ਸਨ ਉਹ ਪੂਰਨ ਰਸ ਆਪ ਨੂੰ ਨਾ ਮਿਲ ਸਕਿਆ।

ਸੰਤ ਭਾਈ ਫ਼ਤਹਿ ਚੰਦ ਜੀ ਦੀ ਆਗਿਆ ਅਨੁਸਾਰ ਆਪ ਕਥਾ ਦੀ ਸੇਵਾ ਜਿਥੇ ਵੀ ਜਾਂਦੇ ਕਰਦੇ ਰਹਿੰਦੇ ਸਨ ਪਰ ਆਪ ਦਾ ਬਹੁਤ ਸਾਰਾ ਸਮਾਂ ਕਮਾਲੀਏ ਜਾਂ ਸ਼ੁਜ਼ਾਬਾਦ ਵਿਚ ਹੀ ਸਫਲ ਹੁੰਦਾ ਸੀ।

ਗਰਮੀ ਦਾ ਮੌਸਮ ਸੀ।ਆਪ ਸ਼ੁਜ਼ਾਬਾਦ (ਮੁਲਤਾਨ) ਟਿਕੇ ਹੋਏ ਸਨ। ਦੁਪਹਿਰ ਦੇ ਸਮੇਂ ਪ੍ਰਸ਼ਾਦ ਛਕਣ ਮਗਰੋਂ ਭਾਈ ਸਾਹਿਬ ਸਿੰਘ ਜੀ (ਜੋ ਸ਼ੁਜ਼ਾਬਾਦ ਦੇ ਪੂਜਯ ਸੰਤ ਭਾਈ ਤਾਰਾ ਸਿੰਘ ਜੀ ਦੇ ਸਪੁੱਤਰ ਸਨ ਤੇ ਚੰਗੀ ਪ੍ਰਮਾਰਥ ਦੀ ਲਗਨ ਅਤੇ ਖਿੱਚ ਰੱਖਦੇ ਸਨ) ਆਪ ਪਾਸ ਆ ਗਏ ਅਤੇ ਕਹਿਣ ਲੱਗੇ : ਇਹ ਇਕ ਨਵੀਂ ਜਿਹੀ ਕਿਤਾਬ ਮੈਂ ਲਿਆਇਆ ਹਾਂ, ਜੇਕਰ ਆਪ ਦਾ ਚਿੱਤ ਕਰੇ ਤਾਂ ਪੜ੍ਹ ਲੈਣਾ। ਸੰਤ ਪਿਤਾ ਜੀ ਹੱਸ ਕੇ ਕਹਿਣ ਲੱਗੇ : ਭਾਈ ਸਾਹਿਬ ਸਿੰਘ

ਜੀ, "ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥ ਪੜੇ ਸੁਨੇ ਕਿਆ ਹੋਈ॥ ਜਉ ਸਹਜ ਨਾ ਮਿਲਿਓ ਸੋਈ॥" ਬਹੁਤ ਪੜ੍ਹ ਲਿਆ ਹੈ, ਬਹੁਤ ਹੀ ਵਿਚਾਰ ਲਿਆ ਹੈ ਪਰ ਜਿਸ ਚੀਜ ਦਾ ਮੈਂ ਲੋੜਕੂ ਹਾਂ ਉਹ ਪੜ੍ਹਨ ਗੁਣਨ ਤੋਂ ਬਹੁਤ ਹੀ ਅਗਾਂਹ ਹੈ। ਹਰ ਪੁਸਤਕ ਬੁੱਧੀ ਨੂੰ ਵਧਾਂਦੀ ਹੈ, ਫੁਰਨਿਆਂ ਨਾਲ ਮਨ ਨੂੰ ਭਰਦੀ ਹੈ, ਸਾਂਈਂ ਦੇ ਦੇਸ਼ ਦੀ ਕੋਈ ਸਹਾਇਕ ਨਹੀਂ ਬਣਦੀ, ਬਲਕਿ ਵਿੱਥ ਪਾਂਦੀ ਹੈ। ਇਸ ਲਈ ਆਪ ਇਹ ਪੁਸਤਕ ਲੈ ਜਾਓ ਅਤੇ ਮੈਨੂੰ ਨਿਸ਼ਚਿੰਤ ਟਿਕਣ ਦਿਓ।

ਭਾਈ ਸਾਹਿਬ ਸਿੰਘ ਇਕ ਤਕੜਾ ਗੁਰਬਾਣੀ ਦੀ ਸੂਝ ਬੂਝ ਵਾਲਾ ਰੱਬ ਦਾ ਪਿਆਰਾ ਸੀ। ਉਹ ਦਿਵਜ ਕੀਰਤਨ ਕਰਦਾ ਸੀ। ਉਸ ਦੇ ਅੰਦਰ ਰੱਬ ਦੇ ਮਿਲਾਪ ਦੀ ਡੂੰਘੀ ਤੜਫ ਅਤੇ ਖਿੱਚ ਸੀ। ਇਕਵੰਜਾ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਉਹ ਨਿਤਨੇਮ ਨਾਲ ਕਰਦਾ ਹੁੰਦਾ ਸੀ। ਇਕ ਆਸਣ ਤੇ ਉਸ ਨੇ ਕਈ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦੇ ਅਖੰਡ ਪਾਠ ਮੱਧ ਤਕ ਕੀਤੇ ਸਨ। ਪ੍ਰਮਾਰਥ ਦੀ ਉਸ ਨੂੰ ਉਮਰ ਤੋਂ ਵੱਧ ਸਮਝ ਸੀ। ਸੋ ਉਹ ਕਹਿਣ ਲੱਗੇ ਕਿ ਅੱਛਾ ਮੈਂ ਆਪ ਦੇ ਸਿਰਹਾਣੇ ਥੱਲੇ ਇਹ ਪੁਸਤਕ ਰੱਖ ਜਾਂਦਾ ਹਾਂ ਜੇਕਰ ਆਰਾਮ ਕਰਨ ਮਗਰੋਂ ਆਪ ਦਾ ਚਿੱਤ ਕਰੇ ਤਾਂ ਇਸ ਨੂੰ ਪੜ੍ਹ ਲੈਣਾ, ਨਾ ਚਿੱਤ ਕਰੇ ਤਾਂ ਮੈਂ ਸ਼ਾਮ ਨੂੰ ਆਪ ਪਾਸੋਂ ਵਾਪਸ ਲੈ ਜਾਵਾਂਗਾ।

ਭਾਈ ਸਾਹਿਬ ਸਿੰਘ ਜੀ ਚਲੇ ਗਏ। ਜੋ ਪੁਸਤਕ ਉਹ ਸੰਤ ਪਿਤਾ ਜੀ ਦੇ ਸਿਰਹਾਣੇ ਥੱਲੇ ਰੱਖ ਗਏ ਸਨ, ਉਹ 'ਰਾਣਾ ਸੂਰਤ ਸਿੰਘ' ਦਾ ਟਰੈਕਟ ਸੀ, ਜੋ ਖਾਲਸਾ ਟਰੈਕਟ ਸੁਸਾਇਟੀ ਨੇ ਛਾਪਿਆ ਸੀ। ਦੁਪਹਿਰ ਦੇ ਆਰਾਮ ਕਰਨ ਤੋਂ ਬਾਅਦ ਜਦ ਆਪ ਨੀਂਦ ਤੋਂ ਉਥਾਨ ਹੋਏ ਤਾਂ ਸੁਖਮਨੀ ਸਾਹਿਬ ਜੀ ਦਾ ਪਾਠ ਸੰਪੂਰਨ ਕੀਤਾ, ਜਿਵੇਂ ਕਿ ਉਨ੍ਹਾਂ ਦਾ ਆਪਣਾ ਨਿਤ ਦਾ ਨੇਮ ਸੀ। ਉਸ ਤੋਂ ਮਗਰੋਂ ਸਿਰਹਾਣੇ ਹੇਠੋਂ ਆਪ ਨੇ ਪੁਸਤਕ ਕੱਢੀ ਤੇ ਜਦੋਂ ਖੋਲ੍ਹੀ ਤਦੋਂ ਕੁਦਰਤ ਵੱਲੋਂ ਐਸਾ ਅਦਭੁਤ ਕ੍ਰਿਸ਼ਮਾ ਹੋਇਆ ਕਿ ਪੋਥੀ ਦਾ ਉਹ ਸਫਾ ਖੁਲ੍ਹਿਆ ਜਿਥੇ ਇਸ ਰਚਨਾ ਦੇ ਲਿਖਣਹਾਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪੰਜਾਂ ਖੰਡਾਂ ਨੂੰ ਮੂਰਤੀਮਾਨ ਕੀਤਾ ਸੀ। ਆਪ ਨੇ ਉਹ ਸਫ਼ੇ ਪੜ੍ਹੇ, ਸਵਾਦ ਆਇਆ। ਫਿਰ ਆਪ ਨੇ ਮੁੱਢ ਤੋਂ ਟਰੈਕਟ ਪੜ੍ਹਨਾ ਸ਼ੁਰੂ ਕੀਤਾ। ਬੜੇ ਹੀ ਸਵਾਦ ਵਿਚ ਆਪ ਦੀ ਸੁਰਤ ਰਸ-ਲੀਨ ਹੋ ਗਈ। ਕੁਝ ਸਮੇਂ ਬਾਅਦ ਖਿਆਲ ਆਇਆ ਕਿ ਦੇਖੀਏ ਇਸ ਪੁਸਤਕ ਦਾ ਕਰਤਾ ਕੌਣ ਹੈ ? ਪਹਿਲਾ ਟਾਈਟਲ ਪੇਜ ਦੇਖਿਆ ਤੇ ਉਸ ਉੱਪਰ ਲਿਖਿਆ ਹੋਇਆ ਸੀ 'ਸੁੰਦਰੀ ਕਰਤਾ'। ਇਹ 'ਸੁੰਦਰੀ ਕਰਤਾ' ਕੌਣ ਹੈ ? ਪਤਾ ਨਹੀਂ। ਫਿਰ ਖਿਆਲ ਆਇਆ ਕਿ ਦੇਖੀਏ ਇਹ ਪੁਸਤਕ ਛਪੀ ਕਿਥੇ ਹੈ ? ਤਾਂ ਅਖ਼ੀਰੀ ਟਾਈਟਲ ਤੇ ਲਿਖਿਆ ਹੋਇਆ ਸੀ 'ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ' ਵਿਚ ਛਪੀ।

ਭਾਈ ਵਜ਼ੀਰ ਸਿੰਘ, ਜਿਸ ਦੇ ਪ੍ਰੈਸ ਵਿਚ ਇਹ ਰਾਣਾ ਸੂਰਤ ਸਿੰਘ ਦਾ ਟਰੈਕਟ ਛਪਿਆ ਸੀ, ਉਹ ਕਮਾਲੀਏ ਦੇ ਹੀ ਸਨ। ਇਸ ਗੱਲ ਦਾ ਪਤਾ ਸੰਤ

ਪਿਤਾ ਜੀ ਨੂੰ ਭਲੀ ਪ੍ਰਕਾਰ ਸੀ। ਸੋ ਉਨ੍ਹਾਂ ਨੇ ਸੋਚਿਆ ਕਿ ਜਿਸ ਗੁਰੂ ਕੇ ਲਾਲ ਨੇ ਇਹ ਕਮਾਲ ਦੀ ਪੁਸਤਕ ਲਿਖੀ ਹੈ ਉਸ ਦਾ ਪਤਾ ਜ਼ਰੂਰ ਹੀ ਭਾਈ ਵਜ਼ੀਰ ਸਿੰਘ ਜੀ ਨੂੰ ਹੋਣਾ ਹੈ।

ਸਮੇਂ ਬਾਅਦ ਆਪ ਸ਼ੁਜ਼ਾਬਾਦ ਤੋਂ ਕਮਾਲੀਏ ਪਹੁੰਚੇ। ਭਾਈ ਵਜ਼ੀਰ ਸਿੰਘ ਦਾ ਪਤਾ ਉਨ੍ਹਾਂ ਦੇ ਘਰ ਤੋਂ ਮੰਗਵਾਇਆ ਤਾਂ ਪਤਾ ਲੱਗਾ ਕਿ ਭਾਈ ਵਜ਼ੀਰ ਸਿੰਘ ਜੀ ਅੱਜਕੱਲ੍ਹ ਕਮਾਲੀਏ ਆਪਣੇ ਘਰ ਹੀ ਆਏ ਹੋਏ ਹਨ। ਆਪ ਨੇ ਉਨ੍ਹਾਂ ਨੂੰ ਸਦਾ ਘੱਲਿਆ, ਉਹ ਮਿਲਣ ਲਈ ਆ ਗਏ। ਭਾਈ ਵਜ਼ੀਰ ਸਿੰਘ ਜੀ ਤੋਂ ਆਪ ਨੇ ਪੁੱਛਿਆ : ਭਾਈ ਵਜ਼ੀਰ ਸਿੰਘ ਜੀ ! ਇਕ ਪੁਸਤਕ, ਰਾਣਾ ਸੂਰਤ ਸਿੰਘ ਦੇ ਨਾਮ ਕਰ ਕੇ ਆਪ ਦੇ ਛਾਪੇਖਾਨੇ ਛਪੀ ਹੈ, ਉਸ ਦਾ ਲੇਖਕ ਕੌਣ ਹੈ ?

ਭਾਈ ਵਜ਼ੀਰ ਸਿੰਘ ਜੀ ਹੱਸ ਕੇ ਕਹਿਣ ਲੱਗੇ : 'ਉਸ ਪੁਸਤਕ ਦਾ ਲਿਖਾਰੀ ਮੇਰਾ ਪ੍ਰੈਸ ਦਾ ਭਾਈਵਾਲ ਹੈ ਅਤੇ ਉਨ੍ਹਾਂ ਦਾ ਨਾਮ ਹੈ ਭਾਈ ਵੀਰ ਸਿੰਘ ਜੀ ਹੈ। ਉਹ ਪ੍ਰੈਸ ਵਿਚ ਮੇਰੇ ਨਾਲ ਹੀ ਕੰਮ ਕਰਦੇ ਹਨ ਅਤੇ ਅੰਮ੍ਰਿਤਸਰ ਹੀ ਉਨ੍ਹਾਂ ਦਾ ਨਿਵਾਸ ਹੈ।' ਆਪ ਨੇ ਕਿਹਾ : ਭਾਈ ਵਜ਼ੀਰ ਸਿੰਘ ! ਕੀ ਉਸ ਮਹਾਪੁਰਸ਼ ਦੇ ਮੈਨੂੰ ਤੁਸੀਂ ਦਰਸ਼ਨ ਕਰਾ ਦੇਸੋ ? ਤਾਂ ਉਨ੍ਹਾਂ ਉੱਤਰ ਦਿੱਤਾ ਕਿ ਜਦੋਂ ਵੀ ਆਪ ਸ੍ਰੀ ਅੰਮ੍ਰਿਤਸਰ ਜੀ ਆਓ, ਮੈਂ ਬੜੀ ਖੁਸ਼ੀ ਨਾਲ ਆਪ ਨੂੰ ਉਨ੍ਹਾਂ ਨਾਲ ਮਿਲਾ ਦੇਸਾਂ।

ਕੁਝ ਸਮੇਂ ਮਗਰੋਂ ਸੰਤ ਜੀ ਨੇ ਸ੍ਰੀ ਅੰਮ੍ਰਿਤਸਰ ਜੀ ਦੀ ਯਾਤਰਾ ਦਾ ਸੰਕਲਪ ਕੀਤਾ। ਕਮਾਲੀਏ ਤੋਂ ਚਲ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ ਤੇ ਡੇਰਾ ਬਾਬਾ ਮਿਸ਼ਰਾ ਸਿੰਘ ਜੀ ਦੇ ਅਸਥਾਨ ਤੇ ਆਪਣਾ ਡੇਰਾ ਕੀਤਾ। ਉਸ ਸਮੇਂ ਉਸ ਅਸਥਾਨ ਦੇ ਪੂਜਯ ਮਹੰਤ ਸ੍ਰੀਮਾਨ ਭਾਈ ਰਤਨ ਸਿੰਘ ਜੀ ਸਨ। ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਪਵਿੱਤਰ ਅਸਥਾਨਾਂ ਦੀ ਯਾਤਰਾ ਨੂੰ ਆਪ ਨੇ ਦੋ ਚਾਰ ਦਿਨਾਂ ਅੰਦਰ ਸੰਪੂਰਨ ਕੀਤਾ। ਸੇਵਾ ਪੰਥੀ ਮਹਾਪੁਰਸ਼ ਮਹੰਤ ਉੱਤਮ ਸਿੰਘ ਸਾਹਿਬ ਅਤੇ ਉਨ੍ਹਾਂ ਦੇ ਉੱਤਰ ਅਧਿਕਾਰੀ ਗਿਆਨੀ ਅਮੀਰ ਸਿੰਘ ਜੀ ਦੇ ਵੀ ਆਪ ਨੇ ਦਰਸ਼ਨ ਦੀਦਾਰੇ ਕੀਤੇ। ਸ੍ਰੀ ਸੰਤ ਪਿਤਾ ਜੀ ਦੇ ਵਿਦਿਆ ਦਾਤਾ ਸੰਤ ਭਾਈ ਫ਼ਤਿਹ ਚੰਦ ਸਾਹਿਬ ਜਦੋਂ ਭੀ ਸ੍ਰੀ ਅੰਮ੍ਰਿਤਸਰ ਜਾਂਦੇ ਸਨ ਤਾਂ ਸਦਾ ਇਸੇ ਡੇਰੇ ਵਿਚ ਹੀ ਨਿਵਾਸ ਕੀਤਾ ਕਰਦੇ ਸਨ।

ਅਚਾਨਕ ਹੀ ਖਿਆਲ ਆਇਆ ਕਿ ਭਾਈ ਵਜ਼ੀਰ ਸਿੰਘ ਜੀ ਨੂੰ ਮਿਲੀਏ ਅਤੇ ਉਨ੍ਹਾਂ ਦੇ ਰਾਹੀਂ ਭਾਈ ਵੀਰ ਸਿੰਘ ਜੀ ਦੇ ਵੀ ਦਰਸ਼ਨ ਕਰੀਏ। ਆਪ ਸ੍ਰੀ ਹਰਿਮੰਦਰ ਸਾਹਿਬ ਜੀ ਸਵੇਰੇ ਯਾਤਰਾ ਕਰ ਕੇ ਸਿੱਧੇ ਹੀ ਹਾਲ ਬਾਜ਼ਾਰ ਜਿਥੇ ਵਜ਼ੀਰ ਹਿੰਦ ਪ੍ਰੈਸ ਸੀ, ਜਾ ਪਹੁੰਚੇ। ਵੱਡਾ ਦਰਵਾਜ਼ਾ ਪ੍ਰੈਸ ਦਾ ਬੰਦ ਸੀ, ਸੋ ਆਪ ਨੇ ਖੜਕਾਇਆ। ਛੋਟੀ ਬਾਰੀ ਰਾਹੀਂ ਇਕ ਸੱਜਣ ਬਾਹਰ ਆਇਆ ਉਸ ਤੋਂ ਪੁੱਛਿਆ ਕਿ ਭਾਈ ਵਜ਼ੀਰ ਸਿੰਘ ਜੀ ਕਿੱਥੇ ਹਨ ਤਾਂ ਉਹ ਕਹਿਣ ਲੱਗਾ ਕਿ ਉਹ ਤਾਂ ਦੋ ਤਿੰਨ ਦਿਨਾਂ ਤੋਂ ਕਮਾਲੀਏ ਗਏ ਹੋਏ ਹਨ। ਫਿਰ

ਆਪ ਨੇ ਪੁੱਛਿਆ : ਭਾਈ ਤੇਰਾ ਨਾਮ ਕੀ ਹੈ, ਤਾਂ ਉਹ ਕਹਿਣ ਲੱਗਾ ਕਿ ਮੇਰਾ ਨਾਮ ਮੂਲਾ ਸਿੰਘ ਹੈ; ਮੈਂ ਇਥੇ ਪ੍ਰੈਸ ਵਿਚ ਬਤੌਰ ਸੇਵਾਦਾਰ ਕੰਮ ਕਰਦਾ ਹਾਂ। ਸ੍ਰੀ ਸੰਤ ਜੀ ਨੇ ਕਿਹਾ ਭਾਈ ਮੂਲਾ ਸਿੰਘ ਜੀ। ਭਾਈ ਵੀਰ ਸਿੰਘ ਜੀ, ਜੋ ਇਸ ਪ੍ਰੈਸ ਦੇ ਮਾਲਕ ਹਨ, ਉਹ ਕਿੱਥੇ ਹਨ ? ਮੈਂ ਉਨ੍ਹਾਂ ਨੂੰ ਮਿਲਣਾ ਹੈ। ਭਾਈ ਮੂਲਾ ਸਿੰਘ ਜੀ ਕਹਿਣ ਲੱਗੇ ਕਿ ਇਹ ਪ੍ਰੈਸ ਦੇ ਨਾਲ ਵਾਲੇ ਮਕਾਨ ਵਿਚ ਉੱਪਰ ਰਹਿੰਦੇ ਹਨ ਪਰ ਅੱਜ ਐਤਵਾਰ ਹੈ ਤੇ ਪ੍ਰੈਸ ਬੰਦ ਹੈ। ਇਸ ਕਰ ਕੇ ਆਪ ਉਨ੍ਹਾਂ ਨੂੰ ਅੱਜ ਨਹੀਂ ਮਿਲ ਸਕੋਗੇ।

ਸੰਤ ਪਿਤਾ ਜੀ ਆਪਣੀ ਜ਼ੁਬਾਨੀ ਦੱਸਿਆ ਕਰਦੇ ਸਨ ਕਿ ਮੇਰੇ ਮਨ ਵਿਚ ਦਰਸ਼ਨ ਦੀ ਬਹੁਤ ਭਾਰੀ ਤੜਫ਼ ਸੀ। ਸੋ ਮੈਂ ਛਾਪੇਖਾਨੇ ਦੀ ਛੋਟੀ ਬਾਰੀ ਤੋਂ ਟੱਪ ਕੇ, ਛਾਪੇਖਾਨੇ ਦੇ ਵਿਹੜੇ ਵਿਚ ਜਾ ਖੜ੍ਹਾ ਹੋਇਆ ਅਤੇ ਉਥੋਂ ਜ਼ੋਰ ਦੀ ਆਵਾਜ਼ ਭਾਈ ਸਾਹਿਬ ਜੀ ਦਾ ਨਾਮ ਲੈ ਕੇ ਮਾਰੀ। ਭਾਈ ਸਾਹਿਬ ਉਸ ਸਮੇਂ ਆਪਣੇ ਮਕਾਨ ਦੀ ਧੁਰ ਛੱਤ ਤੇ ਸਨ। ਕੇਸੀ ਇਸ਼ਨਾਨ ਕੀਤਾ ਹੋਇਆ ਸੀ, ਸਿਰ ਤੇ ਇਕ ਪਰਨਾ ਸੀ, ਮੇਰੀ ਆਵਾਜ਼ ਪਹੁੰਚਣ ਤੇ ਉਨ੍ਹਾਂ ਨੇ ਉੱਪਰੋਂ ਛਾਪੇਖਾਨੇ ਵਾਲੇ ਪਾਸੇ ਤੱਕਿਆ ਤੇ ਕਹਿਣ ਲੱਗੇ, 'ਆਇਆ ਜੀ।' ਆਪ ਛਾਪੇਖਾਨੇ ਦੇ ਵਿਹੜੇ ਵਿਚ ਆ ਗਏ ਤੇ ਸ੍ਰੀ ਸੰਤ ਪਿਤਾ ਜੀ ਨੂੰ ਉੱਪਰ ਗੋਲ ਕਮਰੇ ਵਿਚ ਲੈ ਗਏ।

ਸੰਤ ਪਿਤਾ ਜੀ ਦੱਸਦੇ ਸਨ ਕਿ ਮੇਰਾ ਇਹ ਮਿਲਾਪ ਭਾਈ ਸਾਹਿਬ ਜੀ ਨਾਲ ਪਹਿਲਾ ਮਿਲਾਪ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਆਪ ਤੋਂ ਪ੍ਰਮਾਰਥ ਬਾਬਤ ਸ਼ੁਭ ਵਿਚਾਰਾਂ ਸੁਣਨੀਆਂ ਹਨ ਅਤੇ ਆਪਣੀਆਂ ਵਿਚਾਰਾਂ ਦੱਸਣੀਆਂ ਹਨ। ਸੋ ਇਨ੍ਹਾਂ ਗੱਲਾਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਦੋ ਗੱਲਾਂ ਮੈਂ ਜ਼ਰੂਰੀ ਕਰਨਾ ਚਾਹੁੰਦਾ ਹਾਂ। ਪਹਿਲੀ ਗੱਲ ਇਹ ਕਿ ਆਪ ਜੀ ਮੈਨੂੰ ਆਗਿਆ ਦਿਓ ਕਿ ਮੈਂ ਇਸ ਦਰਵਾਜ਼ੇ ਨੂੰ ਬੰਦ ਕਰ ਦਿਆਂ ਅਤੇ ਦੂਸਰੀ ਗੱਲ ਇਹ ਹੈ ਕਿ ਜੋ ਗੱਲਾਂ ਆਪਸ ਵਿਚ ਪ੍ਰਮਾਰਥ ਦੀਆਂ ਕਰਨੀਆਂ ਹਨ, ਜੋ ਰਾਜ਼ ਪੁੱਛਣੇ ਹਨ, ਉਸ ਵਿਚ ਕੋਈ ਛੁਪਾ, ਨਾ ਮੈਂ ਰਖਾਂਗਾ ਅਤੇ ਨਾ ਹੀ ਆਪ ਨੇ ਕੁਛ ਲੁਕੋ ਰੱਖਣਾ। ਭਾਈ ਸਾਹਿਬ ਜੀ ਮੁਸਕਰਾਏ ਤੇ ਕਿਹਾ 'ਸੱਚ ਦੇ ਰਸਤੇ ਸੱਚ ਦੀ' ਹੀ ਵਰਤੋਂ ਹੋਣੀ ਚਾਹੀਏ, ਜੋ ਕੁਛ ਮੈਨੂੰ ਪਤਾ ਹੈ, ਅਤੇ ਜੋ ਕੁਛ ਮੈਨੂੰ ਪ੍ਰਾਪਤ ਹੋਇਆ ਹੈ ਉਹ ਮੈਂ ਆਪ ਨੂੰ ਸੱਚੋ ਸੱਚ ਦੱਸ ਦੇਵਾਂਗਾ।

ਇਨ੍ਹਾਂ ਬਚਨਾਂ ਤੋਂ ਬਾਅਦ ਸੰਤ ਪਿਤਾ ਜੀ ਨੇ ਸ਼ੁਰੂ ਤੋਂ ਲੈ ਕੇ ਅਖੀਰ ਤਕ ਸੱਚ ਲਈ ਜੋ ਆਪ ਦੇ ਹਿਰਦੇ ਵਿਚ ਅਕਾਂਕਸ਼ਾ, ਸਾਧਨ ਅਤੇ ਜੋ ਉਸ ਨੂੰ ਫਲ ਲੱਗਾ, ਸਭ ਕੁਛ ਭਾਈ ਸਾਹਿਬ ਜੀ ਦੇ ਅੱਗੇ ਰੱਖ ਦਿੱਤਾ। ਜਿਉਂ ਜਿਉਂ ਭਾਈ ਸਾਹਿਬ ਸੁਣਦੇ ਜਾਣ ਤਿਉਂ ਤਿਉਂ ਆਪ ਚਕ੍ਰਿਤ ਹੁੰਦੇ ਜਾਣ ਕਿ ਇਸ ਛੋਟੀ ਜਿਹੀ ਉਮਰ ਵਿਚ ਇਸ ਲੜਕੇ ਨੇ ਮਹਾਨ ਘਾਲ ਨੂੰ ਘਾਲਿਆ ਹੈ। ਉਸ ਤੋਂ ਮਗਰੋਂ ਭਾਈ ਸਾਹਿਬ ਜੀ ਨੇ ਆਪਣੀ ਘਾਲ ਅਤੇ ਪ੍ਰਾਪਤੀ ਵਿਸਥਾਰ ਸਹਿਤ ਸੰਤ ਜੀ ਨੂੰ ਦੱਸੀ। ਗੁੱਝੇ ਭੇਤ ਖੋਲ੍ਹੇ। ਇਨ੍ਹਾਂ ਵਿਚਾਰ ਵਟਾਂਦਰਿਆਂ ਨੇ ਤਕਰੀਬਨ

ਸਾਢੇ ਤਿੰਨ ਘੰਟੇ ਲੈ ਲਏ। ਘੜੀ ਨੇ ਡੇਢ ਵਜਾਇਆ। ਆਪ ਸੰਤ ਜੀ ਜਾਣ ਲਈ ਤਿਆਰ ਹੋਏ ਤਦੋਂ ਅਚਾਨਕ ਭਾਈ ਸਾਹਿਬ ਜੀ ਨੇ ਪੁੱਛਿਆ ਕਿ ਕੋਈ ਸੇਵਾ ਦੱਸੋ ? ਤਾਂ ਕਹਿਣ ਲੱਗੇ ਕਿ ਆਪ ਨੇ ਆਤਮਿਕ ਭੋਜਨ ਛਕਾਇਆ ਹੈ ਹੁਣ ਸਰੀਰਕ ਭੋਜਨ ਵੀ ਛਕਾਓ।

ਭਾਈ ਸਾਹਿਬ ਦੇ ਮਨ ਵਿਚ ਇਸ ਸਰਲਤਾ ਨੇ ਬੜਾ ਡੂੰਘਾ ਅਸਰ ਕੀਤਾ। ਇਸ ਸਰਲਤਾ ਨੇ ਇਨ੍ਹਾਂ ਦੋਹਾਂ ਮਹਾਨ ਹਸਤੀਆਂ ਨੂੰ ਅਤਿ ਹੀ ਨੇੜੇ ਕਰ ਦਿੱਤਾ। ਸਤਿਗੁਰੂ ਦਾ ਬਖਸ਼ਿਆ ਪ੍ਰਸ਼ਾਦ ਆਇਆ ਅਤੇ ਸ੍ਰੀ ਸੰਤ ਪਿਤਾ ਜੀ ਪ੍ਰਸ਼ਾਦ ਛਕ ਕੇ ਭਾਈ ਸਾਹਿਬ ਦੇ ਘਰੋਂ ਵਿਦਾ ਹੋ ਗਏ।

ਭਾਈ ਹੀਰਾ ਸਿੰਘ ਜੀ ਰਾਗੀ ਉਨ੍ਹਾਂ ਦਿਨਾਂ ਵਿਚ ਛਾਪੇਖਾਨੇ ਵਿਚ ਕੁਝ ਕੰਮ ਕੀਤਾ ਕਰਦੇ ਹੁੰਦੇ ਸਨ। ਉਨ੍ਹਾਂ ਨੇ ਕਿਸੇ ਸਮੇਂ ਸੰਤ ਜੀ ਨੂੰ ਦੱਸਿਆ ਸੀ ਕਿ ਜਦੋਂ ਆਪ ਜੀ ਉਥੋਂ ਵਿਦਾ ਹੋਏ ਤਾਂ ਸ਼ਾਮ ਵਕਤ ਭਾਈ ਸਾਹਿਬ ਜੀ ਆਪਣੇ ਘਰ 'ਜੌੜਾ ਪਿੱਪਲ' ਗਏ। ਆਪਣੇ ਪਿਤਾ ਡਾਕਟਰ ਚਰਨ ਸਿੰਘ ਜੀ ਨੂੰ ਅੱਜ ਦਾ ਸੰਤ ਪਿਤਾ ਜੀ ਦਾ ਮਿਲਾਪ ਤੇ ਪ੍ਰਮਾਰਥ ਦੇ ਵਿਚਾਰ ਵਟਾਂਦਰੇ ਦੱਸੇ। ਛੋਟੀ ਜਿਹੀ ਉਮਰ ਵਿਚ ਗੁਰੂ ਗ੍ਰੰਥ ਸਾਹਿਬ, ਵੇਦਾਂ, ਸ਼ਾਸਤਰਾਂ, ਪੁਰਾਣਾਂ, ਉਪਨਿਸ਼ਦਾਂ ਦੀ ਚੰਗੀ ਵਾਕਫੀ ਦਾ ਜ਼ਿਕਰ ਕੀਤਾ। ਡਾਕਟਰ ਸਾਹਿਬ ਨੇ ਕਿਹਾ ਐਸੇ ਨੌਜਵਾਨ ਨੂੰ ਮੈਨੂੰ ਜ਼ਰੂਰ ਹੀ ਮਿਲਾਓ।

ਸਵੇਰੇ ਭਾਈ ਸਾਹਿਬ ਆਪਣੇ ਛਾਪੇਖਾਨੇ ਆਏ। ਭਾਈ ਹੀਰਾ ਸਿੰਘ ਜੀ ਦਸਦੇ ਸਨ ਕਿ ਆਪ ਨੇ ਮੈਨੂੰ ਬੁਲਾਇਆ ਤੇ ਕਿਹਾ ਕਿ ਟਾਂਗਾ ਲੈ ਜਾਓ ਤੇ ਅਮਕੀ ਜਗ੍ਹਾ ਕਮਾਲੀਏ ਤੋਂ ਇਕ ਨੌਜਵਾਨ ਲੜਕਾ, ਜਿਸ ਦਾ ਨਾਮ ਸੰਤ ਭਾਈ ਸੰਗਤ ਦਾਸ ਹੈ, ਆ ਕੇ ਟਿਕਿਆ ਹੋਇਆ ਹੈ, ਉਸ ਨੂੰ ਨਾਲ ਲੈ ਆਓ, ਕਿਉਂਕਿ ਡਾਕਟਰ ਸਾਹਿਬ ਜੀ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ।

ਭਾਈ ਹੀਰਾ ਸਿੰਘ ਜੀ ਉਸ ਟਿਕਾਣੇ ਪਹੁੰਚੇ, ਉਥੇ ਜਾ ਕੇ ਮਾਲੂਮ ਹੋਇਆ ਕਿ ਉਹ ਅੱਜ ਹੀ ਸਵੇਰੇ ਦੀ ਗੱਡੀ ਕਮਾਲੀਏ ਚਲੇ ਗਏ ਹਨ। ਭਾਈ ਸਾਹਿਬ ਦੇ ਨਾਲ ਇਹ ਪਹਿਲਾ ਮਿਲਾਪ, ਖਿਆਲ ਪੈਂਦਾ ਹੈ ਕਿ ਸੰਨ 1907 ਵਿਚ ਹੋਇਆ ਅਤੇ **1908** ਵਿਚ ਡਾਕਟਰ ਚਰਨ ਸਿੰਘ ਜੀ ਅਕਾਲ ਚਲਾਣਾ ਕਰ ਗਏ, ਜਿਸ ਕਰ ਕੇ ਉਨ੍ਹਾਂ ਨਾਲ ਸੰਤ ਪਿਤਾ ਜੀ ਦਾ ਮਿਲਾਪ ਨਾ ਹੋ ਸਕਿਆ।

ਸੰਨ 1907 ਤੋਂ ਮਗਰੋਂ, ਦੂਸਰਾ ਮਿਲਾਪ, ਭਾਈ ਸਾਹਿਬ ਜੀ ਦਾ ਤਦੋਂ ਹੋਇਆ ਜਦੋਂ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਛੋਟੇ ਵੀਰ ਭਾਈ ਜੈਰਾਜ ਸਿੰਘ ਨੇ ਕਮਾਲੀਏ ਅਕਾਲ ਚਲਾਣਾ ਕੀਤਾ।

ਭਾਈ ਜੈਰਾਜ ਸਿੰਘ ਨੇ ਭਾਈ ਵਜ਼ੀਰ ਸਿੰਘ ਦੇ ਛੋਟੇ ਭਰਾ ਭਾਈ ਬਹਾਦਰ ਸਿੰਘ ਨਾਲ ਮਿਲ ਕੇ ਕਣਕ ਪੀਹਣ ਵਾਲੀ ਆਟੇ ਦੀ ਚੱਕੀ ਕਮਾਲੀਏ ਲਗਾਈ ਹੋਈ ਸੀ। ਦੋਨੋਂ ਭਾਈਵਾਲ ਉਥੇ ਕੰਮ ਕਰਦੇ ਸਨ। ਇਕ ਦਿਨ ਜਦੋਂ ਆਟੇ ਦੀ

ਚੱਕੀ ਸਵੇਰੇ ਚਲਾਣੀ ਸੀ ਤਾਂ ਮਿਸਤਰੀ ਨੇ ਭਾਈ ਜੈਰਾਜ ਸਿੰਘ ਜੀ ਨੂੰ ਆਵਾਜ਼ ਦਿੱਤੀ ਅਸਾਂ ਇੰਜਣ ਚਲਾਣਾ ਹੈ ਤੇ ਆਪ ਸਾਡੇ ਨਾਲ ਮਿਲ ਕੇ ਜ਼ਰਾ ਪਹੀਏ ਨੂੰ ਘੁਮਾ ਦਿਓ ਤਾਂ ਕਿ ਇੰਜਣ ਸਟਾਰਟ ਹੋ ਜਾਵੇ। ਭਾਈ ਜੈਰਾਜ ਸਿੰਘ ਜੀ ਨੇ ਕੇਸੀ ਇਸ਼ਨਾਨ ਕੀਤਾ ਹੋਇਆ ਸੀ, ਕੇਸ ਖੁੱਲ੍ਹੇ ਸਨ ਉਸੇ ਤਰ੍ਹਾਂ ਬਾਹਰ ਆ ਗਏ। ਮਿਸਤਰੀ ਦੇ ਕਹਿਣ ਅਨੁਸਾਰ ਪਹੀਏ ਨੂੰ ਜਦੋਂ ਘੁਮਾਇਆ ਤਾਂ ਅਚਾਨਕ ਹੀ ਇੰਜਣ ਸਟਾਰਟ ਹੋ ਗਿਆ। ਕੁਦਰਤ ਵੱਸ ਆਪ ਦੇ ਕੇਸ ਪਟੇ ਵਿਚ ਆ ਗਏ ਤੇ ਆਪ ਦੇ ਸਿਰ ਤੇ ਕਾਰੀ ਸੱਟ ਲੱਗੀ। ਇਸੇ ਹੀ ਐਕਸੀਡੈਂਟ ਨਾਲ ਆਪ ਦਾ ਅਕਾਲ ਚਲਾਣਾ ਹੋ ਗਿਆ।

ਸ੍ਰੀ ਅੰਮ੍ਰਿਤਸਰ ਜੀ ਭਾਈ ਸਾਹਿਬ ਜੀ ਨੂੰ ਤਾਰ ਆ ਗਈ ਤੇ ਆਪ ਕਮਾਲੀਏ ਪਹੁੰਚੇ। ਭਾਈ ਜੈਰਾਜ ਸਿੰਘ ਜੀ ਉਸ ਸਮੇਂ ਹਸਪਤਾਲ ਵਿਚ ਸਨ। ਸੰਧਿਆ ਸਮੇਂ ਭਾਈ ਸਾਹਿਬ ਜੀ ਕਮਾਲੀਏ ਪਹੁੰਚੇ। ਹਸਪਤਾਲ ਗਏ ਆਪਣੇ ਛੋਟੇ ਵੀਰ ਦੀ ਹਾਲਤ ਅਤਿ ਹੀ ਨਾਜ਼ਕ ਤੱਕੀ ਤੇ ਕਿਹਾ : 'ਜੈਰਾਜ ਸਿੰਘ ਮੈਂ ਆ ਗਿਆ ਹਾਂ।' ਇਤਨੇ ਅੱਖਰ ਸੁਣਦਿਆਂ ਹੀ ਭਾਈ ਜੈਰਾਜ ਸਿੰਘ ਨੇ ਅੱਖਾਂ ਖੋਲ੍ਹੀਆਂ ਤੇ ਕਿਹਾ : 'ਵੀਰ ਜੀ, ਤੁਸੀਂ ਆ ਗਏ ਹੋ, ਸ਼ੁਕਰ ਹੈ', ਤੇ ਇਨ੍ਹਾਂ ਅੱਖਰਾਂ ਨਾਲ ਹੀ ਆਪ ਨੇ ਆਪਣੇ ਸੁਆਸ ਦੇ ਦਿੱਤੇ।

ਦੂਸਰੀ ਭਲਕੇ ਉਨ੍ਹਾਂ ਦੇ ਸਰੀਰ ਦਾ ਅੰਤਮ ਸੰਸਕਾਰ ਉਥੇ ਹੀ ਹੋਣਾ ਸੀ, ਜਿਥੇ ਕਿ ਭਾਈ ਜੈਰਾਜ ਸਿੰਘ ਦੀ ਚੱਕੀ ਸੀ। ਕਮਾਲੀਏ ਦੇ ਬਹੁਤ ਸਾਰੇ ਲੋਗ ਇਸ ਮਹਾਨ ਦੁਰਘਟਨਾ ਕਰ ਕੇ ਉਥੇ ਇਕੱਠੇ ਹੋਏ ਸਨ। ਸੰਤ ਪਿਤਾ ਜੀ ਭੀ ਉਥੇ ਪਹੁੰਚੇ ਹੋਏ ਸਨ। ਭਾਈ ਜੈਰਾਜ ਸਿੰਘ ਦੇ ਸਰੀਰ ਦੇ ਅੰਤਮ ਸੰਸਕਾਰ ਲਈ ਤਿਆਰੀ ਹੋ ਰਹੀ ਸੀ ਕਿ ਅਚਾਨਕ ਭਾਈ ਸਾਹਿਬ ਜੀ ਨੇ ਸੰਤ ਪਿਤਾ ਜੀ ਨੂੰ ਇਸ਼ਾਰਾ ਕਰ ਕੇ ਬੁਲਾਇਆ। ਨਾਲ ਲੈ ਕੇ ਕੁਛ ਵਿੱਥ ਤੇ ਦੂਰ ਗਏ। ਉਥੇ ਜਾ ਕੇ ਆਪ ਖੜ੍ਹੇ ਹੋ ਗਏ ਤੇ ਕਹਿਣ ਲਗੇ ਕਿ ਇਸ ਵੇਲੇ ਕੋਈ ਵੀ ਗੱਲ ਕਰਨੀ, ਮੇਰੇ ਲਈ ਨਾ ਤਾਂ ਮੁਨਾਸਬ ਹੈ ਤੇ ਨਾ ਹੀ ਸਮਾਂ ਹੈ ਪ੍ਰੰਤੂ ਮੈਨੂੰ ਕੋਈ ਅਰਸ਼ਾਂ ਤੋਂ ਮਜਬੂਰ ਕਰ ਰਿਹਾ ਹੈ ਕਿ ਮੈਂ ਆਪ ਨੂੰ ਦੋ ਅੱਖਰ ਕਹਿ ਦਿਆਂ ਅਤੇ ਉਹ ਅੱਖਰ ਇਹ ਹਨ ਕਿ 'ਸੰਤ ਭਾਈ ਫ਼ਤਹਿ ਚੰਦ ਜੀ ਆਪ ਤੇ ਪ੍ਰਸੰਨ ਨਹੀਂ ਹਨ।' ਇਹ ਅੱਖਰ ਕਹਿ ਕੇ ਭਾਈ ਸਾਹਿਬ ਜੀ ਤੇ ਸੰਤ ਜੀ ਆਪੋ ਆਪਣੇ ਅਸਲ ਟਿਕਾਣੇ ਤੇ ਵਾਪਸ ਆ ਗਏ ਅਤੇ ਭਾਈ ਸਾਹਿਬ ਆਪਣੇ ਵੀਰ ਦੇ ਅੰਤਮ ਸੰਸਕਾਰ ਕਰਨ ਪਿੱਛੋਂ ਵਾਪਸ ਸ੍ਰੀ ਅੰਮ੍ਰਿਤਸਰ ਚਲੇ ਗਏ।

ਸੰਨ 1913 ਵਿਚ ਸੰਤ ਪਿਤਾ ਜੀ ਫਿਰ ਸ੍ਰੀ ਅੰਮ੍ਰਿਤਸਰ ਗਏ। ਆਪ ਦੇ ਮਨ ਵਿਚ, ਜਿਸ ਦਿਨ ਤੋਂ ਇਹ ਅੱਖਰ ਭਾਈ ਸਾਹਿਬ ਜੀ ਨੇ ਕਹੇ ਸਨ ਕਿ 'ਸੰਤ ਭਾਈ ਫ਼ਤਹਿ ਚੰਦ ਜੀ ਆਪ ਤੇ ਪ੍ਰਸੰਨ ਨਹੀਂ ਹਨ', ਉਸ ਦਿਨ ਤੋਂ ਕੁਛ ਬੇਚੈਨੀ ਜਿਹੀ ਰਹਿਣ ਲੱਗ ਪਈ ਸੀ। ਆਪ ਛਾਪੇਖਾਨੇ ਆਏ ਤੇ ਭਾਈ ਸਾਹਿਬ ਜੀ ਨੂੰ ਮਿਲੇ ਤੇ ਪੁੱਛਿਆ ਕਿ ਆਪ ਨੂੰ ਕਿਸ ਤਰ੍ਹਾਂ ਪਤਾ ਹੈ ਕਿ ਸੰਤ ਭਾਈ ਫ਼ਤਹਿ ਚੰਦ ਸਾਹਿਬ ਮੇਰੇ ਤੇ ਪ੍ਰਸੰਨ ਨਹੀਂ ਹਨ , ਭਾਈ ਸਾਹਿਬ ਨੇ ਕਿਹਾ

ਕਿ ਫਕੀਰਾਂ ਦੇ ਫਰਸ਼ਾਂ ਤੇ ਭੀ ਆਪੋ ਵਿਚ ਸਬੰਧ ਹੁੰਦੇ ਹਨ ਅਤੇ ਅਰਸ਼ਾਂ ਤੇ ਵੀ। ਸੋ ਇਹ ਫਕੀਰੀ ਰਮਜ਼ਾਂ ਹਨ, ਰਾਜ਼ ਨਹੀਂ। ਸੰਤ ਜੀ ਨੇ ਪੁੱਛਿਆ ਕਿ ਆਪ ਨੂੰ ਕਿਵੇਂ ਇਹ ਗੱਲ ਅਨਭੁਵ ਹੋਈ ਹੈ, ਕੀ ਆਪ ਦੱਸ ਸਕੋਗੇ ਕਿ ਮੇਰੇ ਤੇ ਉਹ ਕਿਉਂ ਪ੍ਰਸੰਨ ਨਹੀਂ ਹਨ ? ਭਾਈ ਸਾਹਿਬ ਨੇ ਕਿਹਾ ਸੰਤ ਭਾਈ ਫ਼ਤਹਿ ਚੰਦ ਸਾਹਿਬ ਇਕ ਰਸਿਕ ਬੈਰਾਗੀ ਸੰਤ ਸਨ ਤੇ ਜਿਸ ਫਕੀਰ ਦਾ ਆਪ ਸੰਗ ਕਰ ਰਹੇ ਹੋ ਉਹ ਤਪੱਸਵੀ ਹੈ, ਤਪ ਵਿਚ ਤੇਜ ਹੈ, ਪ੍ਰਕਾਸ਼ ਹੈ, ਸ਼ਕਤੀ ਹੈ, ਵਾਕ ਸਿਧੀ ਹੈ ਪ੍ਰੰਤੂ ਤਪ ਵਿਚ ਰਸ ਨਹੀਂ। ਤਪ ਵਿਚ ਜੜ੍ਹ ਅਤੇ ਚੇਤਨ ਮਾਇਆ ਦਾ ਵਿਸਤਾਰ ਹੁੰਦਾ ਹੈ ਪ੍ਰੰਤੂ ਆਤਮਕ ਖੇੜੇ ਤੋਂ ਰੂਹ ਸਦਾ ਹੀ ਸੁੱਕੀ ਰਹਿੰਦੀ ਹੈ। ਆਪ ਦੇ ਪਹਿਲੇ ਮਹਾਪੁਰਸ਼ ਬੀਤਰਾਗਤਾ ਵਿਚ ਸਨ, ਉਨ੍ਹਾਂ ਦੀ ਰੂਹ ਖੇੜੇ ਵਿਚ ਸੀ, ਉਨ੍ਹਾਂ ਦਾ ਮਨ ਸਦਾ ਹੀ ਪ੍ਰਫੁੱਲਤ ਸੀ, ਉਨ੍ਹਾਂ ਦੇ ਚਿਹਰੇ ਤੇ ਸਦਾ ਹੀ ਪ੍ਰਸੰਨਤਾ ਟਪਕਦੀ ਰਹਿੰਦੀ ਸੀ, ਸੋ ਇਸ ਖੇੜੇ ਦਾ ਬੀਜ ਆਤਮ ਰਸ ਹੈ। ਇਸ ਰਸ ਨੂੰ ਤਪ ਦੀ ਗਰਮੀ ਖਤਮ ਕਰ ਦਿੰਦੀ ਹੈ। ਸੋ ਤੁਹਾਨੂੰ ਆਪਣਾ ਪਹਿਲਾ ਫਕੀਰ ਇਸ ਰਸ ਵਿਚ ਮਖਮੂਰ ਕਰਨਾ ਚਾਹੁੰਦਾ ਹੈ। ਹੁਣ ਤੁਸੀਂ ਅਗੋਂ ਆਪ ਦਾਨਾ ਹੋ, ਵਿਚਾਰ ਲੈਣਾ।

ਸੰਤ ਜੀ ਭਾਈ ਸਾਹਿਬ ਜੀ ਤੋਂ ਵਿਦਾ ਹੋ ਕੇ ਜਦੋਂ ਆਪਣੇ ਨਿਵਾਸ ਅਸਥਾਨ ਵੱਲ ਟੁਰੇ ਤਾਂ ਰਸਤੇ ਵਿਚ ਆਪ ਨੂੰ ਸੰਤ ਭਾਈ ਫ਼ਤਹਿ ਚੰਦ ਜੀ ਦੇ ਬਚਨ ਚੇਤੇ ਆਏ ਜੋ ਉਨ੍ਹਾਂ ਨੇ ਸੰਸਾਰ ਤੋਂ ਚਲਾਣਾ ਕਰਨ ਤੋਂ ਪਹਿਲਾਂ ਕਹੇ ਸਨ ਕਿ ਮੈਂ ਆਪਣੇ ਜੀਵਨ ਵਿਚ ਗੁਰੂ ਬਖਸ਼ੀ ਘਾਲ ਅਤੇ ਮੇਹਰ ਨਾਲ ਇਸ ਅਵਸਥਾ ਤੇ ਪਹੁੰਚ ਚੁੱਕਾ ਹਾਂ, ਪ੍ਰੰਤੂ ਮਗਰੋਂ ਜੋ ਮਹਾਪੁਰਸ਼ ਤੈਨੂੰ ਮਿਲੇਗਾ ਉਹ ਮੇਰੀ ਰੂਹਾਨੀ ਅਵਸਥਾ ਤੋਂ ਬਹੁਤ ਹੀ ਅਗੇਰੇ ਹੋਵੇਗਾ। ਮੈਂ ਇਸ ਜੀਵਨ ਵਿਚ ਜੋ ਕੁਝ ਘਾਲ ਅਤੇ ਤਿਆਗ ਕੀਤਾ ਹੈ, ਉਸ ਤੋਂ ਪਰਮੇਸ਼ਵਰ ਨੂੰ ਲਖਿਆ ਹੈ, ਜਾਣਿਆ ਹੈ, ਪ੍ਰੰਤੂ ਉਹ ਮਹਾਪੁਰਸ਼ ਕੇਵਲ ਕਰਤਾ ਪੁਰਖ ਨੂੰ ਜਾਣੇਗਾ ਨਹੀਂ, ਉਸ ਨੂੰ ਉਹ ਕਰਤਾ ਪੁਰਖ ਪ੍ਰਾਪਤ ਹੋਵੇਗਾ। ਇਨ੍ਹਾਂ ਵਿਚਾਰਾਂ ਨੇ ਮਨ ਵਿਚ ਹੋਰ ਹਿਲ ਜੁਲ ਪੈਦਾ ਕਰ ਦਿੱਤੀ ਅਤੇ ਆਪ ਦੂਸਰੀ ਭਲਕੇ ਫਿਰ ਭਾਈ ਸਾਹਿਬ ਜੀ ਪਾਸ ਆਏ ਤੇ ਕਹਿਣ ਲੱਗੇ ਕਿ ਜੋ ਬਚਨ ਆਪ ਨੇ ਕਹੇ ਸਨ ਉਨ੍ਹਾਂ ਨੂੰ ਜ਼ਰਾ ਵਧੀਕ ਖੋਲ੍ਹ ਕੇ ਦੱਸੋ। ਤਾਂ ਭਾਈ ਸਾਹਿਬ ਜੀ ਨੇ ਇਕੋ ਹੀ ਬਚਨ ਗੁਰਬਾਣੀ ਵਿਚੋਂ ਪੜ੍ਹ ਦਿੱਤਾ।

ਉਹ ਬਚਨ ਇਹ ਸੀ :

"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥"

(ਸਲੋਕ ਫਰੀਦ ਜੀ- ੩੬)

ਸੰਤ ਜੀ ਨੂੰ ਬਾਣੀ ਤੇ ਅਡੋਲ ਸਿਦਕ ਅਤੇ ਭਰੋਸਾ ਸੀ। ਉਨ੍ਹਾਂ ਨੂੰ ਗੁਰਬਾਣੀ ਵਿਚੋਂ ਗੁਰੂ ਦੀ ਸੂਰਤ ਦਿਸਦੀ ਸੀ, ਸਤਿਗੁਰੂ ਜੀ ਬੋਲਦੇ ਦਿਸਦੇ

ਸਨ। ਸਤਿਗੁਰੂ ਜੀ ਦਾ ਦਿਵਯ ਪ੍ਰਕਾਸ਼ ਦਿਸਦਾ ਸੀ, ਗੁਰਬਾਣੀ ਅਤੇ ਗੁਰੂ ਉਨ੍ਹਾਂ ਲਈ ਇਕ ਸੀ। ਆਪਣੇ ਜੀਵਨ ਵਿਚ ਜਿਤਨੇ ਹੀ ਉਨ੍ਹਾਂ ਨੂੰ ਪ੍ਰਮਾਰਥ ਉੱਤੇ ਚਲਾਉਣ ਵਾਲੇ ਉਸਤਾਦ ਮਿਲੇ, ਚਾਹੇ ਉਹ ਵੇਦਾਂਤੀ ਸਨ, ਚਾਹੇ ਸੂਫੀ ਸਨ, ਚਾਹੇ ਗਿਆਨੀ ਸਨ, ਚਾਹੇ ਯੋਗੀ ਸਨ, ਉਨ੍ਹਾਂ ਦਾ ਸਤਿਸੰਗ, ਸੰਤ ਜੀ ਲਈ ਤਦ ਤਕ ਜਾਰੀ ਰਿਹਾ ਜਦ ਤਕ ਕਿ ਉਨ੍ਹਾਂ ਨੇ ਬਾਣੀ ਤੇ ਕਿੰਤੂ ਨਹੀਂ ਕੀਤੀ। ਜਦੋਂ ਹੀ ਕਿਸੇ ਸਾਧੂ ਸੰਤ ਮਹਾਤਮਾ ਨੇ ਕਿਸੇ ਤਰ੍ਹਾਂ ਵੀ ਗੁਰਬਾਣੀ ਬਾਬਤ ਕਿੰਤੂ ਕੀਤੀ, ਸੰਤ ਜੀ ਨੇ ਉਨ੍ਹਾਂ ਨੂੰ ਇਕ ਛਿਨ ਵਿਚ ਤਿਆਗ ਦਿੱਤਾ ਅਤੇ ਫਿਰ ਜੀਵਨ ਭਰ ਉਨ੍ਹਾਂ ਦਾ ਦਰਸ਼ਨ ਨਹੀਂ ਕੀਤਾ।

ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਨੇ ਇਤਨਾ ਅਸਰ ਸੰਤ ਜੀ ਦੀ ਆਤਮਾ ਤੇ ਕੀਤਾ ਕਿ ਆਪ ਭਾਈ ਸਾਹਿਬ ਜੀ ਨੂੰ ਕਹਿਣ ਲਗੇ ਕਿ ਮੈਂ ਠੀਕ ਸੰਤ ਭਾਈ ਫ਼ਤਹਿ ਚੰਦ ਜੀ ਦੇ ਮਾਰਗ ਤੋਂ ਖੁੰਝ ਗਿਆ ਹਾਂ ਅਤੇ ਮੈਂ ਹੁਣ ਕੋਸ਼ਿਸ਼ ਕਰਾਂਗਾ ਕਿ ਉਸ ਮਾਰਗ ਤੇ ਫਿਰ ਆ ਜਾਵਾਂ।

ਸੰਤ ਜੀ ਦੇ ਮਨ ਵਿਚ ਪ੍ਰਮਾਰਥ ਦੀ ਇਕ ਡੂੰਘੀ ਲਗਨ ਸੀ। ਉਹ ਲਗਨ ਕਿਸੇ ਜਗ੍ਹਾ ਤੇ ਟੁੱਟਣ ਵਾਲੀ, ਖ਼ਮ ਖਾਣ ਵਾਲੀ, ਢਿੱਲੀ ਪੈ ਜਾਣ ਵਾਲੀ ਨਹੀਂ ਸੀ। ਜਿਤਨੀ ਹੀ ਇਹ ਲਗਨ ਡੂੰਘੀ ਸੀ, ਉਤਨਾ ਹੀ ਨੇਹੁੰ ਆਪਣੇ ਪ੍ਰਮਾਰਥਕ ਉਸਤਾਦ ਨਾਲ ਡੂੰਘਾ ਹੁੰਦਾ ਸੀ, ਪ੍ਰੰਤੂ ਉਹ ਛੇਤੀ ਖਤਮ ਹੋਣ ਵਾਲਾ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪ ਖਤਮ ਕਰਨਾ ਚਾਹੁੰਦੇ ਸਨ। ਉਹ ਨੇਹੁੰ ਦੀ ਪ੍ਰਕ੍ਰਿਆ ਨੂੰ ਚੰਗੀ ਤਰ੍ਹਾਂ ਜਾਣਦੇ ਸਨ : "ਲਾਉਣਾ ਤੇ ਤੋੜ ਨਿਭਾਉਣਾ"। ਉਨ੍ਹਾਂ ਦੇ ਅੰਦਰ ਇਸ ਚੀਜ਼ ਨੇ ਘਰ ਕੀਤਾ ਹੋਇਆ ਸੀ ਕਿ :

"ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥
ਹੀਰਾ ਕਿਸਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥੧੫੩॥"

ਆਪ ਨੂੰ ਇਹ ਚੰਗੀ ਤਰ੍ਹਾਂ ਸਮਝ ਆ ਗਈ ਸੀ ਕਿ ਜਿਸ ਮਾਰਗ ਤੇ ਮੈਂ ਤੁਰ ਰਿਹਾ ਹਾਂ ਅਤੇ ਮੈਨੂੰ ਤੋਰਿਆ ਜਾ ਰਿਹਾ ਹੈ ਉਹ ਮੇਰੇ ਪਹਿਲੇ ਮਹਾਪੁਰਸ਼ ਦੇ ਖਿਆਲ ਅਨੁਸਾਰ ਠੀਕ ਨਹੀਂ ਹੈ, ਪ੍ਰੰਤੂ ਕਿਸੇ ਨਾਲ ਅਧਵਾਟੇ ਨੇਹੁੰ ਤੋੜਨਾ ਵੀ ਆਪ ਦੇ ਮਨ ਦੇ ਖਿਆਲ ਅਨੁਸਾਰ ਠੀਕ ਨਹੀਂ ਸੀ।

ਇਸ ਗੱਲ ਨੂੰ ਦੋ ਕੁ ਸਾਲ ਬੀਤ ਗਏ। 'ਨਾ-ਦਰੁਸਤ ਰਸਤੇ' ਨੂੰ ਵੀ ਆਪ ਦਰੁਸਤ ਸਮਝ ਕੇ ਚਲਦੇ ਗਏ। ਅਚਾਨਕ ਹੀ ਉਸ ਪ੍ਰਮਾਰਥਕ- ਉਸਤਾਦ ਨੇ ਕਿਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਗੁਰਤਾ ਉੱਪਰ ਕਿੰਤੂ ਕੀਤੀ। ਸੁਤੇ ਹੀ ਉਨ੍ਹਾਂ ਦੀ ਰਸਨਾ ਤੋਂ ਨਿਕਲ ਗਿਆ ਸੀ ਕਿ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ, ਫਿਰ ਵੀ ਦੇਹਧਾਰੀ ਗੁਰੂ ਦੀ ਲੋੜ ਹੈ। ਇਹ ਗੱਲ ਸੰਤ ਜੀ ਦੇ ਪ੍ਰਮਾਰਥਕ ਜੀਵਨ-ਆਦਰਸ਼ ਤੋਂ ਬਹੁਤ ਹੀ ਦੂਰ ਸੀ, ਬਲਕਿ ਇਥੋਂ ਤਕ ਕਿ ਇਹ ਉਨ੍ਹਾਂ ਦੇ ਬੱਧੇ ਹੋਏ ਸਿਦਕ ਤੋਂ ਬਿਲਕੁਲ ਉਲਟ ਸੀ। ਸੰਤ ਜੀ ਨੇ ਕਹਿ ਦਿੱਤਾ ਕਿ ਭਾਵੇਂ ਆਪ ਮੇਰੇ ਪ੍ਰਮਾਰਥੀ ਰਹਿਬਰ ਹੋ ਪ੍ਰੰਤੂ ਮੈਂ ਇਸ ਗੱਲ

ਤੇ ਬਿਲਕੁਲ ਵਿਸ਼ਵਾਸ ਨਹੀਂ ਰੱਖਦਾ ਅਤੇ ਮੈਂ ਇਸ ਤੋਂ ਬਿਲਕੁਲ ਉਲਟ ਹਾਂ, ਕਿਉਂਕਿ ਆਪ ਜਿਸ ਮਾਰਗ ਤੇ ਚੱਲ ਰਹੇ ਹੋ ਅਤੇ ਮੈਨੂੰ ਚਲਾਣਾ ਚਾਹੁੰਦੇ ਹੋ ਉਹ ਨਿਸ਼ਾਨਾ ਤੇ ਮੇਰਾ ਆਪਣਾ ਨਿਸ਼ਾਨਾ ਦੋਨੋਂ ਬਿਲਕੁਲ ਪ੍ਰਤਿਕੂਲ ਹਨ। ਇਸ ਲਈ ਅੱਜ ਤੋਂ ਮੈਂ ਸਦਾ ਲਈ ਆਪ ਤੋਂ ਵਿਦੈਗੀ ਮੰਗਾਂਗਾ।

ਸ੍ਰੀ ਸੰਤ ਜੀ ਆਪਣੇ ਪ੍ਰਮਾਰਥਕ ਰਹਿਬਰ ਦੇ ਚਰਨਾਂ ਤੇ ਆਖਰੀ ਬੰਦਨਾ ਕਰਦੇ ਉਨ੍ਹਾਂ ਦੇ ਸਮਾਜ ਵਿਚੋਂ ਨਿਕਲ ਗਏ। ਮਨ ਨੇ ਇਕ ਖੁਲ੍ਹਾਪਨ ਪ੍ਰਤੀਤ ਕੀਤਾ। ਆਪ ਉਥੋਂ ਚੱਲ ਕੇ ਜ਼ਿਲ੍ਹਾ ਲਾਇਲਪੁਰ ਵਿਚ ਇਕ ਮੰਡੀ ਗੋਜਰਾ ਸੀ, ਉਥੇ ਆ ਟਿਕੇ। ਕਥਾ ਆਰੰਭ ਕਰ ਦਿੱਤੀ। ਗੁਰਦੁਆਰੇ ਵਿਚ ਰੌਣਕ ਦਿਨ-ਬ-ਦਿਨ ਵੱਧਣ ਲੱਗੀ। ਆਪ ਕਥਾ ਤੋਂ ਬਾਅਦ ਇਕਾਂਤ ਹੋ ਜਾਂਦੇ ਸਨ। ਨਾ ਕਿਸੇ ਨਾਲ ਮਿਲਣਾ, ਨ ਕਿਸੇ ਨਾਲ ਜੁਲਣਾ, ਪਰਮੇਸ਼ਵਰ ਦੇ ਨਾਮ ਵਿਚ ਹਰਦਮ ਲੱਗੇ ਰਹਿਣਾ, ਇਹ ਉਨ੍ਹਾਂ ਨਿੱਤ ਦਾ ਕਰਤੱਵ ਹੋ ਗਿਆ।

ਆਪ ਦੱਸਦੇ ਸਨ, "ਇਕ ਰਾਤ ਮੈਂ ਆਪਣੇ ਚੁਬਾਰੇ ਵਿਚ ਟਿਕਿਆ ਹੋਇਆ ਸਾਂ। ਅੰਮ੍ਰਿਤ ਵੇਲੇ ਜਦ ਮੈਂ ਜਾਗਿਆ ਤਾਂ ਹਰ ਇੱਟ ਵਿਚੋਂ ਆਵਾਜ਼ ਆ ਰਹੀ ਸੀ **'ਕੇਸ ਰੱਖੋ', 'ਕੇਸ ਰੱਖੋ'**। ਮੇਰੇ ਚੁਬਾਰੇ ਤੋਂ ਬਾਹਰ ਇਕ ਪ੍ਰੇਮੀ ਸਦਾ ਹੀ ਰਹਿੰਦਾ ਸੀ। ਮੈਂ ਬਾਹਰ ਦਰਵਾਜ਼ਾ ਖੋਲ੍ਹ ਕੇ ਉਸ ਨੂੰ ਕਿਹਾ ਕਿ ਛੇਤੀ ਤੋਂ ਛੇਤੀ ਦੋ ਨਵੇਂ ਕਛਹਿਰੇ ਬਣਵਾ ਲਿਆ ਅਤੇ ਉਸ ਦਿਨ ਤੋਂ ਮੈਂ ਕੇਸਾਂ ਦੀ ਅਤੇ ਕਛਹਿਰੇ ਦੀ ਰਹਿਤ ਨੂੰ ਪਰਪੱਕ ਕਰ ਲਿਆ।"

"ਸੰਨ 1915 ਵਿਚ ਮੈਂ ਸ੍ਰੀ ਅੰਮ੍ਰਿਤਸਰ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਪਹੁੰਚਿਆ। ਉਨ੍ਹਾਂ ਨੂੰ ਸਭ ਹਾਲ ਦੱਸਿਆ ਜੋ ਬੀਤਿਆ ਸੀ। ਆਪ ਬਹੁਤ ਪ੍ਰਸੰਨ ਹੋਏ ਤੇ ਖਾਸ ਕਰ ਕੇ ਜਦੋਂ ਮੈਂ ਉਨ੍ਹਾਂ ਨੂੰ ਆਪਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੀ ਨੇਸ਼ਟਾ ਦੱਸੀ।"

ਸੰਨ 1915 ਤੋਂ ਲੈ ਕੇ 1950 ਅੰਤ ਤਕ ਭਾਈ ਸਾਹਿਬ ਜੀ ਦੇ ਚਰਨਾਂ ਨਾਲ ਸਦੈਵੀ ਆਪ ਜੁੜੇ ਰਹੇ। ਇਸ 35 ਸਾਲ ਦੇ ਸਮੇਂ ਵਿਚ ਜੋ ਕੁਛ ਦਾਤਾਂ, ਬਰਾਤਾਂ, ਬਖਸ਼ਿਸ਼ਾਂ, ਭਾਈ ਸਾਹਿਬ ਜੀ ਤੋਂ ਆਪ ਨੇ ਪ੍ਰਾਪਤ ਕੀਤੀਆਂ ਉਹ ਇਕ ਲੰਮੀ ਅਤੇ ਸੁਆਦਲੀ ਕਥਾ ਹੈ ਜੋ ਫਿਰ ਕਿਸੇ ਸਮੇਂ ਪਾਠਕਾਂ ਦੀ ਭੇਟਾ ਕਰਨ ਦਾ ਉਪਰਾਲਾ ਕਰਾਂਗਾ।

ਮਾਇਆ ਸਾਖ਼ਸ਼ੀ

ਗਾਲਬਨ ਜੂਨ, 1931-32 ਦਾ ਜ਼ਿਕਰ ਹੈ, ਕਿ ਸੰਤ ਹਰਦੇਵ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਸਾਧੂ, ਭਾਈ ਸਾਹਿਬ ਜੀ ਨੂੰ ਉਨ੍ਹਾਂ ਦੇ ਨਿਵਾਸ ਤੇ, ਅੰਮ੍ਰਿਤਸਰ ਮਿਲਣ ਲਈ ਆਏ।

ਭਾਈ ਸਾਹਿਬ ਅਤੇ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਉਨ੍ਹਾਂ ਦਿਨਾਂ ਵਿਚ ਸ੍ਰੀ ਸੂਰਜ ਪ੍ਰਕਾਸ਼ ਦਾ ਕੰਮ ਕਰ ਰਹੇ ਸਨ।

ਸੰਤ ਹਰਦੇਵ ਸਿੰਘ ਜੀ ਨੇ ਸੰਤ ਸੰਗਤ ਸਿੰਘ ਜੀ ਮਹਾਰਾਜ ਅਤੇ ਭਾਈ ਸਾਹਿਬ ਮਹਾਰਾਜ ਦੇ ਪਹਿਲੀ ਵਾਰੀ ਦਰਸ਼ਨ ਦਿਦਾਰੇ ਕੀਤੇ ਸਨ, ਤੇ ਭਾਈ ਸਾਹਿਬ ਜੀ ਵੀ ਉਨ੍ਹਾਂ ਨੂੰ ਪਹਿਲੀ ਵਾਰੀ ਮਿਲੇ ਸਨ। ਸੰਤ ਹਰਦੇਵ ਸਿੰਘ ਜੀ ਦਾ ਚਿਹਰਾ ਬਹੁਤ ਸੁੰਦਰ, ਦਾੜ੍ਹਾ ਆਲੌਕਿਕ, ਮਸਤਕ ਤੇ ਸਾਤਵਿਕ ਨੂਰ ਚਮਕ ਰਿਹਾ ਸੀ। ਉਨ੍ਹਾਂ ਦੇ ਬੋਲਣ ਵਿਚ ਬੜੀ ਮ੍ਰਿਦੁਲਤਾ, ਬਚਨ ਬੜੇ ਮਧੁਰ ਅਤੇ ਪ੍ਰਸੰਨਮੁੱਖ ਹੁੰਦੇ ਰਹੇ। ਭਾਈ ਸਾਹਿਬ ਦਾ ਸੁਭਾਵ ਕੁਦਰਤ ਵੱਲੋਂ ਸ਼ਰਮਾਕਲਾ ਸੀ ਸੋ ਆਪ ਚੁਪ ਚਾਪ ਬਚਨ ਬਿਲਾਸ ਸੁਣਦੇ ਰਹੇ। ਸ੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਦੇ ਮਨ ਵਿਚ ਗੁਰਮੁਖ ਸ੍ਰੀ ਭਾਈ ਸਾਹਿਬ ਜੀ ਦਾ ਡੂੰਘਾ ਸਤਿਕਾਰ ਸੀ, ਸੋ ਉਹ ਵੀ ਚੁਪ ਰਹੇ ਤੇ ਸੰਤ ਹਰਦੇਵ ਸਿੰਘ ਜੀ ਕਥਾ ਬਾਰਤਾ ਸੁਣਾਂਦੇ ਰਹੇ।

ਸੰਤ ਹਰਦੇਵ ਸਿੰਘ ਜੀ ਨਾਲ ਬਚਨ ਕਰਦਿਆਂ ਕਰਾਂਦਿਆਂ ਸੰਧਿਆ ਪੈ ਗਈ। ਸੰਤ ਜੀ ਮਹਾਰਾਜ ਨਾਲ ਸ਼ਾਇਦ ਇਕ ਨਿਆਇ ਸ਼ਾਸਤਰ ਦਾ ਗਿਆਤਾ ਸਾਧੂ ਸੀ। ਉਹ ਸ੍ਰੀਮਾਨ ਭਾਈ ਸਾਹਿਬ ਜੀ ਮਹਾਰਾਜ ਵੱਲ ਤਕ ਕੇ ਕਹਿਣ ਲੱਗਾ ਕਿ ਮਹਾਰਾਜ ਆਪ ਨੇ ਆਤਮਾ ਸਾਖਸ਼ਾਤਕਾਰ ਕਰ ਲਿਆ ਹੈ ਕਿ ਨਹੀਂ। ਭਾਈ ਸਾਹਿਬ ਜੀ ਚੁਪ ਰਹੇ ਫਿਰ ਉਸ ਨੇ ਦੁਬਾਰਾ ਪੁੱਛ ਕੀਤੀ ਕਿ ਕੀ ਆਪ ਆਤਮਾ ਸਾਖਸ਼ੀ ਹੋ, ਤਾਂ ਭਾਈ ਸਾਹਿਬ ਜੀ ਕਹਿਣ ਲੱਗੇ ਕਿ ਮੈਂ ਮਾਇਆ ਸਾਖਸ਼ੀ ਹਾਂ। ਇਹ ਸੁਣ ਸਾਰੇ ਹੱਸ ਪਏ ਕਿਉਂਕਿ ਸ਼ਾਸਤਰ ਵਿਚ ਮਾਇਆ ਸਾਖਸ਼ੀ ਦਾ ਕਿਤੇ ਵੀ ਜ਼ਿਕਰ ਨਹੀਂ। ਸੰਤ ਹਰਦੇਵ ਸਿੰਘ ਜੀ ਉਠ ਖੜ੍ਹੇ ਤੇ ਭਾਈ ਸਾਹਿਬ ਮਹਾਰਾਜ ਨੇ ਕਿਹਾ ਕਿ ਕੱਲ੍ਹ ਆਪ ਸਾਰੇ ਮਹਾਤਮਾ ਪ੍ਰਸ਼ਾਦ ਇਥੇ ਹੀ ਛਕੋ। ਸੰਤ ਹਰਦੇਵ ਸਿੰਘ ਜੀ ਮਹਾਰਾਜ ਨੇ ਪ੍ਰਸ਼ਾਦ ਦੀ ਨਿਓਤ ਮੰਨ ਲਈ ਤੇ ਵਿਦਾ ਹੋਏ।

ਦੂਜੀ ਸੰਧਿਆ ਸਮੇਂ ਸੰਤ ਹਰਦੇਵ ਸਿੰਘ ਜੀ ਮਹਾਰਾਜ ਆਪਣੀ ਮੰਡਲੀ ਨਾਲ ਆ ਗਏ। ਭਾਈ ਸਾਹਿਬ ਦੀ ਕੋਠੀ ਦੇ ਡਰਾਇੰਗ ਰੂਮ ਵਿਚ ਸੰਤਾਂ ਦੇ ਪ੍ਰਸ਼ਾਦ ਲਈ ਆਸਣ ਲਗਾ ਦਿੱਤਾ। ਸੰਤ ਮੰਡਲੀ ਨੇ ਬੜੇ ਸੁਆਦ ਦੇ ਨਾਲ

ਭੋਜਨ ਛਕਿਆ ਤੇ ਮਗਰੋਂ ਭਾਈ ਸਾਹਿਬ ਮਹਾਰਾਜ ਨੇ ਉਸ ਨਿਆਇ ਸ਼ਾਸਤਰ ਦੇ ਗਿਆਤਾ ਸਾਧੂ ਵੱਲ ਤਕ ਕੇ ਕਿਹਾ ਕਿ ਕੱਲ੍ਹ ਤੁਸਾਂ ਕੁਝ ਪੁੱਛਿਆ ਸੀ। ਸੋ ਉਸ ਸਮੇਂ ਮੈਂ ਆਪ ਨੂੰ ਇਤਨੇ ਅੱਖਰ ਕਹੇ ਸਨ ਕਿ ਮੈਂ ਮਾਇਆ ਦਾ ਸਾਖ਼ਸ਼ੀ ਹੋ ਗਿਆ ਤਾਂ ਮੇਰਾ ਭਾਵ ਇਹ ਸੀ ਕਿ ਜਿਸ ਨੇ ਕਦੇ ਹਨੇਰਾ ਤਕਿਆ ਹੈ ਤੇ ਕਹਿੰਦਾ ਹੈ ਅੰਧਕਾਰ ਹੈ। ਇਸ ਦਾ ਮਤਲਬ ਇਹ ਹੈ ਕਿ ਪਹਿਲਾਂ ਉਸ ਨੂੰ ਚਾਨਣੇ ਦਾ ਗਿਆਨ ਹੈ।

ਸਿੱਖ ਧਰਮ ਵਿਚ ਕਦੇ ਵੀ ਕੋਈ ਸਿੱਖ ਆਤਮਾ ਸਾਖਸ਼ੀ ਜਾਂ ਬ੍ਰਹਮ ਸਾਖਸ਼ੀ ਨਹੀਂ ਕਹੇਗਾ। ਇਹ ਮਾਰਗ ਭਗਤੀ ਦਾ ਹੈ। ਇਸ ਵਿਚ ਭਾਈ ਨੰਦ ਲਾਲ ਸਾਹਿਬ ਦੱਸਦੇ ਹਨ "ਸਿਰ ਤੋਂ ਲੈ ਕੇ ਪੈਰਾਂ ਤੀਕਰ ਤੂੰ ਮਉਲਾ ਬਨ ਜਾਂਈ। ਫਿਰ ਭੀ ਜੀਵਨ ਪਿਆਰੇ ਅਪਨਾ ਬੰਦਗੀ ਵਿਚ ਬਿਤਾਈਂ।" ਸੋ ਇਹ ਅੱਖਰ ਗੁਰਮਤਿ ਵਿਚ ਵਰਤਣੇ ਵੇਹਅਤ ਨਹੀਂ ਹਨ, ਦਰੁਸਤ ਨਹੀਂ ਹਨ। ਗੁਰਮਤਿ ਵਿਚ ਤਾਂ ਸਭ ਤੋਂ ਉੱਚੀ ਚੀਜ਼ ਹੈ ਨਿਮਰਤਾ ਅਤੇ ਦੂਸਰੀ ਹੈ, ਸਾਈਂ ਦੀ ਬੰਦਗੀ।

ਭਾਈ ਸਾਹਿਬ ਜੀ ਦੇ ਇਸ ਆਲੌਕਿਕ ਵਿਸਤਾਰ ਤੇ ਸਾਰੇ ਸਾਧੂ ਅਸ਼ ਅਸ਼ ਕਰ ਉਠੇ ਤੇ ਭਾਈ ਸਾਹਿਬ ਦੀ ਵਿਚਿੱਤਰ ਗੁਰਮਤਿ ਮਰਿਯਾਦਾ ਨੂੰ ਤੱਕ ਕੇ ਸਾਰਿਆਂ ਨੇ ਨਮਸਕਾਰ ਕੀਤੀ।

ਨਾਨਕ ਕੈ ਘਰਿ ਕੇਵਲ ਨਾਮੁ॥

ਦੇਸ਼ਾਂ ਦੇਸ਼ਤਰਾਂ ਨੂੰ ਤਾਰਦੇ, ਫੇਰੀਆਂ ਲਾਂਦੇ, ਜਦੋਂ ਗੁਰੂ ਬਾਬਾ ਜੀ ਸ੍ਰੀ ਕਰਤਾਰਪੁਰ ਸਾਹਿਬ ਆ ਟਿਕੇ, ਤਦ ਇਥੇ ਹੀ ਧਰਮਸਾਲ ਬੱਧੀ, ਨਗਰ ਵਸਾਇਆ, ਸਤਿਸੰਗ ਇਸਥਿਤ ਕੀਤਾ, ਮਾਨੋਂ ਧਰਤੀ ਤੇ ਸਚਖੰਡ ਬਣਾ ਦਿੱਤਾ। ਭਾਈ ਗੁਰਦਾਸ ਜੀ ਦੱਸਦੇ ਹਨ:

ਧਰਮਸਾਲ ਕਰਤਾਰਪੁਰ ਸਾਧ ਸੰਗਤਿ ਸਚਖੰਡ ਵਸਾਇਆ॥
ਵਾਹਿਗੁਰੂ ਗੁਰ ਸਬਦੁ ਸੁਣਾਇਆ॥

ਬਾਬਾ ਜੀ ਨੇ 'ਸਤਿ ਸਰੂਪ' ਦਾ ਨਾਮ 'ਸਤਿਨਾਮ' ਸੰਗਤਾਂ ਪਾਸ ਜਪਾਇਆ, ਅਰ ਗੁਰ ਸ਼ਬਦ, ਗੁਰ ਮੰਤ੍ਰ 'ਵਾਹਿਗੁਰੂ' ਦ੍ਰਿੜ ਕਰਾਇਆ:

"ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥"

ਨਾਮ ਮੰਤ੍ਰ 'ਸਤਿ ਨਾਮ' ਹੈ। ਵਾਹਿਗੁਰੂ ਦੇ ਜਿਤਨੇ ਨਾਮ ਹੈਨ ਸਭ ਮੰਤ੍ਰ ਹੈਨ, ਪਰ 'ਵਾਹਿਗੁਰੂ' ਦਾ ਨਾਮ ਸਭ ਤੋਂ ਉੱਚਾ ਹੈ। ਸਾਰੇ ਮੰਤ੍ਰਾਂ ਦਾ ਮੁੱਖ ਸਤਿਨਾਮ ਹੈ:-

'ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿਨਾਮੁ ਤੇਰਾ ਪਰਾ ਪੂਰਬਲਾ॥'

ਭਾਵੇਂ ਕੋਈ ਪਾਪੀ ਹੈ, ਪੁੰਨੀ ਹੈ, ਨੀਚ ਹੈ, ਊਚ ਹੈ, ਅਵਤਾਰ ਹੈ, ਪੈਗੰਬਰ ਹੈ, ਕੋਈ ਭੀ ਹੈ, ਜਦ ਕਿ ਓਹ ਸਤਿ ਵਿਚੋਂ ਆਇਆ ਹੋਇਆ ਹੈ, ਓਹ ਸਤਿ ਦੀ ਅੰਸ਼ ਹੈ। ਇਸ ਲਈ ਉਸ ਦਾ ਹੱਕ ਹੈ ਕਿ ਸਤਿ ਵਿਚ ਪਹੁੰਚੇ। ਉਸ ਦਾ ਰਸਤਾ ਕੀ ਹੈ? ਨਾਮੁ। ਓਹ ਨਾਮ ਕੀ ਹੈ? ੧ਓ, ਸਤਿਨਾਮ। ਸਤਿ ਰੂਪ ਨਾਮ ਦਾ ਹੈ:

"ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥"

ਇਸ ਵਿਚ ਸਾਰੇ ਨਾਮ ਇਕਤ੍ਰ ਹੋ ਗਏ ਹਨ।

ਉਹ, ਜੋ ਵਾਹਿਗੁਰੂ ਹੈ, ਓਅੰਕਾਰਿ ਦੁਆਰਾ ਸ੍ਰਿਸ਼ਟੀ ਉਤਪੰਨ ਕਰ ਕੇ, ਸਤਿ ਰੂਪ ਹੋ ਕਰ ਕੇ ਬਿਰਾਜਮਾਨ ਹੈ। ਉਸ ਦੀ ਸਤਿਆ ਹੀ ਕਾਰਜ ਕਰ ਰਹੀ ਹੈ। ਪ੍ਰਥਮ ਸਰੂਪ ਲਕੜੀ ਹੈ, ਫਿਰ ਅੰਗਾਰੇ ਬਣ ਜਾਣਗੇ, ਫਿਰ ਸੁਆਹ, ਫਿਰ ਖ਼ਾਕ। ਬੂਟੇ ਜਦ ਖ਼ਾਕ ਜਜ਼ਬ ਕਰਨਗੇ, ਫਿਰ ਬੂਟੇ ਬਣ ਜਾਣਗੇ। ਰਚਨਾ ਦੇ ਸਰੂਪ ਤਾਂ ਬਦਲਦੇ ਰਹੇ ਪਰ 'ਹੈ' ਕਿਤੇ ਨਹੀਂ ਗਈ, ਅਸਲ ਵਸਤੂ 'ਹੈ' ਹੀ ਹੈ। ਮ੍ਰਿਤੂ ਵਿਚ ਵੀ 'ਹੈ' ਹੀ ਹੈ:-

ਹੈ ਹੈ ਕਰਿ ਕੈ ਓਹਿ ਕਰੇਨਿ॥

'ਹੈ' ਹੀ ਤਾਂ ਵਾਹਿਗੁਰੂ ਹੈ। ਇਸ ਨੂੰ ਚੰਬੜ ਜਾਓ। ਫੁਰਨਾ ਰੋਕ ਕੇ ਜਦ ਲੀਨ ਹੋ ਜਾਓਗੇ ਤਾਂ ਸਾਨੂੰ ਪ੍ਰਤੀਤ ਹੋਵੇਗਾ ਕਿ 'ਹੈ' ਤਾਂ ਕੋਈ ਚੀਜ਼ ਹੈ। ਨਾਸਤੀ ਤੋਂ ਕਿਵੇਂ ਕੁਛ ਹੋ ਸਕਦੇ ਹੈ ? ੧ਓ ਜੋ ਹੈ ਸਤਿ ਹਸਤੀ, ੧ ਹੈ ਓ ਸਤਿ ਹੈ, ਫਿਰ ਨਾਮ ਭੀ ਸਤਿ ਹੈ। ਨਾਮ ਅਭਿਆਸੀ ਭੀ ਸਤਿ ਹੈ। 'ਸਤਿ ਸੇਵਦਾਰ' ਹੋ ਗਿਆ। ਪੂਜਾ ਕੀਤੀ, ਸਤਿ ਸਰੂਪ ਹੋ ਗਿਆ। ਸਤਿ ਤੋਂ ਆਇਆ ਹੈ, ਇਸ ਲਈ ਸਤਿ ਵਿਚ ਜਾਣ ਦਾ ਅਧਿਕਾਰੀ ਹੈ ਤੇ ਅਸਤਿ ਨੂੰ ਕੱਟ ਕੇ ਸਤਿ ਵਿਚ ਪਹੁੰਚਾਉਣ ਵਾਲਾ ਨਾਮ ਹੈ। ਜੋ ਨਾਮ ਜਪੇਗਾ ਅਸਲ ਸਤਿ ਨੂੰ ਪਹੁੰਚੇਗਾ। ਉਹ ਜੋ ਨਾਮ ਹੈ, ਸਤਿ ਹੈ, ਉਹ ਕਰਤਾ ਹੈ, ਸਰਬ ਬ੍ਰਹਮੰਡਾਂ ਦਾ ਕਰਤਾ ਹੈ। ਵਾਹਿਗੁਰੂ ਜੀ ਦੇ ਦਰਬਾਰ ਵਿਚ ਨਾਮ ਬਿਨਾ ਕੁਝ ਪ੍ਰਵਾਨ ਨਹੀ:

'ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ॥'

ਮਾਰਗ ਜਪੁ ਹੈ :

ਜਪ ਦੇ ਤਿੰਨ ਸਰੂਪ ਹਨ:

1. ਮਾਨਸਕ - ਮਨ ਨਾਲ
2. ਉਪਾਸੂ- ਕੰਠ ਨਾਲ,ਹੋਠਾਂ ਨਾਲ ਮੱਧਮ
3. ਵਾਚਕ- ਉੱਚੀ ਧੁਨੀ ਨਾਲ ਸਾਜ਼ ਲੈ ਕੇ।

ਕੀਰਤਨ ਆਦਿ, ਰਸਨਾ ਨਾਲ ਜਿਸ ਪੁਰਸ਼ ਨੂੰ ਜੈਸਾ ਸੁਆਦ ਆਵੇ, ਜੈਸਾ ਰਸ ਆਵੇ, ਤੈਸਾ ਹੀ ਠੀਕ ਹੈ। ਜਪ ਕਰਨ ਦਾ ਮਾਰਗ ਹੈ- ਗੁਰ ਪ੍ਰਸਾਦਿ, ਭਾਵ ਗੁਰੂ ਦੀ ਕਿਰਪਾ ਨਾਲ ਜਪੁ, ਯਾ ਗੁਰੂ ਦੁਆਰਾ ਜਪੁ। ਅਸੀਂ ਕ੍ਰਿਤ ਹਾਂ ਤੇ ਉਹ ਕਰਤਾ ਹੈ। ਅਸੀਂ ਕਰਤੇ ਕੋਲੋਂ ਟੁੱਟੇ ਹਾਂ ਤੇ ਦੁੱਖ ਪਾ ਰਹੇ ਹਾਂ। ਗੁਰੂ,ਕਿਰਪਾ ਕਰ ਕੇ ਵਿਛੜੇ ਨੂੰ ਮੇਲ ਦੇਂਦਾ ਹੈ। ਹੁਣ ਉਸ ਦੇ ਮਿਲਣ ਦਾ ਮਾਰਗ ਹੈ ਨਾਮ, ਤੇ ਨਾਮ ਨੂੰ ਜਪ ਜੀਭ ਨਾਲ:

'ਜੀਭ ਰਸਾਇਣਿ ਚੂਨੜੀ ਰਤੀ ਨਾਲ ਲਵਾਇ॥'
'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥'

ਸਰੀਰ ਵਿਚ ਓਅੰਕਾਰ ਹੀ ਵਸ ਰਿਹਾ ਹੈ :

'ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ
ਹਰਿ ਰੂਪ ਨਦਰੀ ਆਇਆ॥'

ਇਸ ਬਿਨਾ ਤਾਂ ਅਸੀਂ ਮਿੱਟੀ ਦੇ ਪੁਤਲੇ ਹਾਂ। ਉਸ ਵਿਚ ਆਤਮਾ ਨੇਤ੍ਰਾਂ ਰਾਹੀਂ ਦੇਖ ਰਹੀ ਹੈ, ਚਿਤ ਚੇਤਾ ਕਰ ਰਿਹਾ ਹੈ, ਮਨ ਫੁਰਨੇ ਫੁਰਾ ਰਿਹਾ ਹੈ, ਬੁਧੀ ਵਿਚਾਰ ਕਰ ਰਹੀ ਹੈ। ੧ਓ ਸਤਿ ਨਾਮੁ ਕਰਤਾ ਪੁਰਖੁ-ਇਥੇ ਪੁਚਾਣ ਵਾਲਾ ਕੌਣ ਹੈ? ਨਾਮ ਹੈ:

'ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ
ਅਬਿਨਾਸੀ ਪੁਰਖੁ ਬਿਧਾਤਾ॥

ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ
ਹਰਿ ਨਾਮੇ ਹੀ ਮਨੁ ਰਾਤਾ॥'

ਨਿਰੰਕਾਰ ਨੂੰ ਮੰਨਣ ਵਾਲੇ ਦੀ ਨਾਮ ਹੀ ਸਹਾਇਤਾ ਕਰਦਾ ਹੈ ਅਰ ਸਰਗੁਣ ਵਿਚ ਭੀ ਨਾਮ ਹੀ ਹੈ। ਸਰੀਰ ਵਿਚ ਅਥਵਾ ਸਰੀਰ ਦੇ ਬਾਹਰ ਧਾਤੂ ਵਿਚ, ਲੋਕ ਭਗਵਾਨ ਨੂੰ ਥਾਪਦੇ ਹਨ, ਵਾਹਿਗੁਰੂ ਜੀ ਥਾਪਿਆ ਜਾ ਸਕਦਾ ਹੀ ਨਹੀਂ, ਕ੍ਰਿਤ ਕਦੇ ਵੀ ਕਰਤਾ ਨੂੰ ਨਹੀਂ ਬਣਾ ਸਕਦੀ। ਦੁਨੀਆ ਆਪਣੇ ਥਾਪਿਆਂ ਦੀ ਪੂਜਾ ਕਰਦੀ ਹੈ :

'ਥਾਪਿਆ ਨ ਜਾਇ ਕੀਤਾ ਨਾ ਹੋਇ॥'

ਆਤਮ ਦੇਵ ਨੂੰ ਪੂਜਣ ਲਈ ਨਾਮ ਦੇ ਫੁੱਲ ਚੁਣ ਕੇ ਅਗੇ ਭੇਟਾ ਕਰੋ ਤੇ ਨਾਮ ਜਪਣਾ ਹੀ ਇਸ ਦੀ ਪੂਜਾ ਹੈ। ਸੁਖਮਨ ਨਾੜੀ ਵਿਚ ਕ੍ਰੀੜਾ ਆਪ ਹੀ ਕਰਦੇ ਹੈਨ ਸਭ ਇੰਦ੍ਰੇ ਬੰਦ ਕਰ ਕੇ:

'ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ॥
ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ॥

'ਜਨੁ ਰਾਤਾ ਹਰਿ ਨਾਮਾ ਕੀ ਸੇਵਾ॥'

ਨਾਮ ਜਪਣਾ, ਪਾਠ ਕਰਨਾ ਇਹ ਸਭ ਪੂਜਾ ਵਿਚ ਸ਼ਾਮਲ ਹੈ। ਅਭਿਆਸ ਚਾਰ ਤਰ੍ਹਾਂ ਨਾਲ ਹੁੰਦਾ ਹੈ। (੧) ਰਸਨਾ ਨਾਲ (੨) ਕੰਠ ਨਾਲ (੩) ਹਿਰਦੇ ਨਾਲ (੪) ਤ੍ਰਿਕੁਟੀ ਨਾਲ।

ਸ੍ਰੀ ਅੰਮ੍ਰਿਤਸਰ ਵਿਚ ਇਕ ਮਹਾਪੁਰਸ਼ ਸੇ, ਸਵੇਰੇ ਉਹ ਤਿੰਨ ਬਜੇ ਸ੍ਰੀ ਹਰਿਮੰਦਰ ਸਾਹਿਬ ਜੀ ਗਏ। ਓਥੇ ਬੇਰ ਦੇ ਕੋਲ ਇਕ ਗੁਰਮੁਖ ਬਾਣੀ ਦਾ ਪਾਠ ਕਰ ਰਿਹਾ ਸੀ। ਉਹ ਮਹਾਪੁਰਸ਼, ਕੋਲ ਬੈਠ ਗਿਆ, ਭੋਗ ਪਾਉਣ ਤੋਂ ਬਾਦ ਉਸ ਪੁਛਿਆ 'ਤੂੰ ਉੱਚਾ ਪਾਠ ਕਿਉਂ ਕਰਦਾ ਹੈ?' ਉਸ ਜਵਾਬ ਦਿੱਤਾ:-

੧) ਆਲਸ ਤੇ ਨੀਂਦਰ ਆਂਦੀ ਹੈ, ਉੱਚਾ ਪਾਠ ਕਰਨ ਰੂਪੀ ਡੰਡਾ ਮਾਰਦਾ ਹਾਂ।

੨) ਜਾਗਣ ਵੇਲੇ ਮਨ ਫੁਰਨੇ ਫੁਰਾਂਦਾ ਹੈ ਤਾਂ ਬਾਣੀ ਨਾਲ ਸਤਿਗੁਰੂ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਕਿਰਪਾ ਕਰ ਕੇ ਰੋਕੋ,ਫਿਰ ਇਹ ਫੁਰਨੇ ਕੁਝ ਰੁਕ ਜਾਂਦੇ ਹਨ:

ਹੋਹੁ ਦਇਆਲ ਮੇਰਾ ਮਨੁ ਲਾਵਹੁ
ਹਉ ਅਨਦਿਨੁ ਰਾਮਨਾਮੁ ਨਿਤ ਧਿਆਈ॥
ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ
ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ॥ (ਗੂਜਰੀ ਮਹਲਾ ੪)

੩) ਉਹ ਬੇਪਰਵਾਹ ਹੈ। ਉਥੇ ਕਈ ਰਾਜੇ, ਮਹਾਰਾਜੇ ਬੇਨਤੀਆਂ ਕਰ ਰਹੇ ਹਨ, ਪਾਤਸ਼ਾਹ ਬੇਪ੍ਰਵਾਹ ਹੈ:

ਸਤਰਿ ਸੈਇ ਸਲਾਰ ਹੈ ਜਾਕੈ॥
ਸਵਾ ਲਾਖੁ ਪੈਕਾਬਰ ਤਾਕੈ॥
ਸੇਖ ਜੋ ਕਹੀਅਹਿ ਕੋਟਿ ਅਠਾਸੀ॥
ਛਪਨ ਕੋਟਿ ਜਾ ਕੇ ਖੇਲ ਖਾਸੀ ॥ (ਭੈਰਉ ਕਬੀਰ ਜੀ)

ਅਨੰਤ ਸ੍ਰਿਸ਼ਟੀ ਉਥੇ ਬੈਠੀ ਹੈ:
ਮੋ ਗਰੀਬ ਕੀ ਕੋ ਗੁਜਰਾਵੈ॥
ਮਜਲਸਿ ਦੂਰਿ ਮਹਲੁ ਕੋ ਪਾਵੈ॥ (ਭੈਰਉ ਕਬੀਰ ਜੀ)

ਉੱਚੀਆਂ ਕੂਕਾਂ ਮਾਰਦਾ ਹਾਂ, ਜੋ ਉਹ ਸੁਣ ਲੈਣ, ਸੋ ਉਹ ਸੁਣ ਲੈਂਦੇ ਹਨ, ਵਾਹਿਗੁਰੂ ਜੀ ਤਾਂ ਬਖਸਿੰਦ ਹਨ:
ਪ੍ਰਭ ਬਖਸੰਦ ਦੀਨ ਦਇਆਲ ॥ (ਸੁਖਮਨੀ)

ਉਸ ਕਹਿਆ 'ਤੈਨੂੰ ਕਿਸ ਤਰ੍ਹਾਂ ਪਤਾ ਲਗਦਾ ਹੈ ਕਿ ਉਸ ਨੇ ਸੁਣ ਲਿਆ ਹੈ?' 'ਮੈਨੂੰ ਬਾਣੀ ਵਿਚ ਰਸ ਆਉਣ ਲਗ ਪੈਂਦਾ ਹੈ' :
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ॥ (ਮਾਰੂ ਮਹਲਾ ੧)
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ॥
ਆਨ ਰਸਾ ਮਹਿ ਵਿਆਪੈ ਚਿੰਦ॥ (ਆਸਾ ਮਹਲਾ ੫)
ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥
ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥
(ਗਉੜੀ ਬਾਵਨ ਅਖਰੀ ਮਹਲਾ ੫)

ਅੱਗੇ ਗਏ ਤਾਂ ਇਕ ਮਹਾਤਮਾ ਚੁੱਪ ਕਰ ਕੇ ਸਮਾਧੀ ਲਾਈ ਬੈਠਾ ਸੀ ਉਸ ਪਾਸੋਂ ਪੁੱਛਿਆ: ਭਾਈ ਅੰਦਰ ਕੀਰਤਨ ਹੋ ਰਿਹਾ ਹੈ ਤੂੰ ਬਾਹਰ ਚੁਪ ਕਰ ਕੇ ਬੈਠਾ ਹੈ? ਉਸ ਕਹਿਆ: ਉਹ ਬ੍ਰਹਿਮੰਡ ਦਾ ਕੀਰਤਨ ਹੈ, ਮੈਂ ਪਿੰਡ ਦਾ ਕੀਰਤਨ ਕਰ ਰਹਿਆ ਹਾਂ, ਜਿਸ ਨੂੰ ਸੁਨਾਵਣਾ ਹੈ, ਉਹ ਅੰਦਰ ਬੈਠਾ ਹੈ, ਇੱਕਠੇ ਹਾਂ ਅਸੀਂ ਦੋਵੇਂ:
ਯਕ ਅਰਜ ਗੁਫਤਮ ਪੇਸਿ ਤੋ ਦਰਗੋਸ ਕੁਨ ਕਰਤਾਰ॥
(ਤਿਲੰਗੁ ਮਹਲਾ ੧)

ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ
ਹਰਿ ਕਰਿ ਕਿਰਪਾ ਮਨਿ ਵਸੁ ਜੀਉ॥ (ਗਉੜੀ ਮਹਲਾ ੪)
ਦਇਆ ਕਰਹੁ ਬਸਹੁ ਮਨਿ ਆਇ॥
ਮੋਹਿ ਨਿਰਗੁਨ ਲੀਜੈ ਲੜਿ ਲਾਇ॥ (ਬਿਲਾਵਲੁ ਮਹਲਾ ੫)

ਅੱਗੇ ਵਧ ਕੇ ਦੁਖਭੰਜਨੀ ਪਹੁੰਚੇ, ਇਥੇ ਇਕ ਮਹਾਤਮਾ ਬੇਰ ਨਾਲ ਢਾਸਣਾ ਲਾ ਕੇ ਬੈਠੇ ਸਨ।

ਭਗਤਿ ਭਗਤਨ ਹੂੰ ਬਨਿ ਆਈ॥
ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ॥
(ਕਾਨੜਾ ਮਹਲਾ ੫)

ਅੱਖਾਂ ਬੰਦ ਸਨ, ਉਸ ਪ੍ਰੇਮੀ ਨੇ ਬੁਲਾਇਆ ਪਰ ਗੁਰਮੁਖ ਬੋਲੇ ਨਾ, ਉਸ ਨੇ ਸਮਝਿਆ ਸੌਂ ਗਏ ਹਨ, ਕਹਿਆ: 'ਗੁਰਮੁਖੋ, ਜਾਗੋ ਅੰਮ੍ਰਿਤ ਵੇਲਾ ਹੈ, ਹਰਿਮੰਦਰ ਸਾਹਿਬ ਵਿਚ ਕੀਰਤਨ ਹੋ ਰਿਹਾ ਹੈ' ਜਿਸ ਵਕਤ ਬਹੁਤ ਹਿਲਾਇਆ ਤਾਂ ਗੁਰਮੁਖਾਂ ਦੇ ਨੈਣ ਖੁਲ੍ਹ ਗਏ ਤੇ ਹਥ ਜੋੜ ਕੇ ਕਹਿਣ ਲਗੇ 'ਹੇ ਗੁਰੂ ਰਾਮਦਾਸ ਜੀ! ਇਸ ਨੂੰ ਬਖਸ਼ ਲੌ, ਬਖਸ਼ ਲੌ, ਬਖਸ਼ ਲੌ। ਪ੍ਰੇਮੀ ਹੈਰਾਨ ਹੋ ਕੇ ਕਹਿਣ ਲਗਾ, "ਮਹਾਰਾਜ ਇਹ ਕੀ ਗੱਲ ਹੈ''? ਤਾਂ ਗੁਰਮੁਖ ਕਹਿਣ ਲਗੇ:
'ਗੁਰੂ ਨਾਨਕ ਦੀ ਗੋਦ ਸੁੱਤੀ ਮੈਂ ਪਈ,
ਤੁਧ ਨੇ ਆਨ ਉਠਾਇਆ, ਸੁਰਤੀ ਖਿੰਡ ਗਈ।'

ਸਤਿਗੁਰ ਜੀ ਮਿਹਰ ਕਰਨਗੇ :-
'ਆਪਿ ਜਪਾਏ ਜਪੈ ਸੋ ਨਾਉ॥
ਆਪਿ ਗਵਾਏ ਸੁ ਹਰਿ ਗੁਨ ਗਾਉ॥'

ਜਿਵੇਂ ਜਿਵੇਂ ਅਸਤਿ ਪਦਾਰਥ ਨਿਕਲਦੇ ਜਾਣਗੇ, ਸਤਿ ਦੇ ਨੇੜੇ ਨੇੜੇ ਹੁੰਦਾ ਜਾਏਗਾ, ਭਾਵ ਸਤਿ ਪ੍ਰਵੇਸ਼ ਕਰਦਾ ਜਾਵੇਗਾ, ਜਿਤਨਾ ਅਸਤਿ ਦਾ ਤਿਆਗ, ਉਤਨਾ ਸਤਿ ਦੇ ਨੇੜੇ। ਮਾਂ ਨਹੀਂ ਰੱਖ ਸਕੇ, ਪਿਉ ਨਹੀਂ ਰੱਖ ਸਕੇ ਸ਼ਰੀਰ ਤੇ ਬਚਪਨ ਨਹੀਂ ਰਖ ਸਕੇ। ਜਿਤਨੇ ਫੁਰਨੇ ਮਨ ਦੀ ਓਰ ਨਹੀਂ ਜਾਣ ਦਿਆਂਗੇ ਉਤਨੇ ਸਤਿ ਦੇ ਨੇੜੇ:
'ਨਾਮੁ ਸਤਿ ਸਤਿ ਧਿਆਵਨਹਾਰ॥'

ਆਪਣੇ ਫੁਰਨੇ ਰੋਕੋ, ਅਸਤਿ ਤੋਂ ਹਟਾਵੋ ਤੇ ਸਤਿ ਦਾ ਧਿਆਨ ਧਰੋ ਕਮਾਲ ਦੀ ਗਲ ਇਹ ਹੈ ਕਿ ਜੋ ਸਤਿ ਦਾ ਧਿਆਨ ਧਾਰੇਗਾ ਉਹ ਅਸਤਿ ਸਰੀਰ ਵਿਚ ਬੈਠਾ ਹੋਇਆ ਵੀ ਸਤਿ ਹੋ ਜਾਏਗਾ:-
'ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥'
'ਆਤਮ ਰਾਮ ਪਰਗਾਸੁ ਗੁਰ ਤੇ ਹੋਵੈ॥'

ਆਤਮਾ ਜੋ ਸ਼ਰੀਰ ਵਿਚ ਹੈ, ਸਾਰੀਆਂ ਇੰਦਰੀਆਂ,ਮਨ, ਬੁਧਿ, ਸਭ ਦਾ ਮਾਲਕ ਤੇ ਪਾਤਸ਼ਾਹ ਹੈ। ਇਹ ਸਤਿ ਹੈ। ਸਤਿ ਵਿਚ ਇਸਥਿਤ ਕਿਵੇਂ ਹੋਈਏ? ਭਾਈ ! ਨਾਮ ਜਪ, ਨਾਮ ਚੂੰਕਿ ਵਾਹਿਗੁਰੂ ਤੋਂ ਹੀ ਆਇਆ ਹੈ ਇਸ ਲਈ ਉਸ ਕੋਲ ਹੀ ਲੈ ਜਾਏਗਾ। ਸਚ ਵਿਚ ਇਸਥਿਤੀ ਕੌਣ ਕਰੇਗਾ? ਨਾਮ। ਤੇ ਨਾਮ ਕਿਥੋਂ ਮਿਲੇਗਾ? ਸਤਿਗੁਰਾਂ ਪਾਸੋਂ:-
'ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥'

ਸਤਿਗੁਰ ਨਾਨਕ ਦੇਵ ਜੀ ਦੇ ਘਰ ਨਿਰੋਲ ਨਾਮ ਹੀ ਹੈ। ਜੋ ਨਾਮ ਜਪੇਗਾ ਇਸ ਲੋਕ ਵਿਚ ਪ੍ਰਲੋਕ ਵਿਚ ਸਤਿ ਹੋ ਜਾਏਗਾ।

'ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ॥'

ਜਿਵੇਂ ਚਸ਼ਮੇ ਵਿਚੋਂ ਜਲ ਆਪੇ ਆਪ ਨਿਕਲਦਾ ਹੈ ਤਿਵੇਂ ਆਤਮਾ ਵਿਚੋਂ ਸੁਖ ਹੀ ਸੁਖ ਨਿਕਲਣਗੇ। ਫਿਰ ਮਰ ਮਰ ਕੇ ਚੌਰਾਸੀ ਨਹੀਂ ਪਏਗਾ; ਸੁਖ ਰੂਪ ਹੋਣ ਕਰ ਕੇ ਜੀਵਨ ਮੁਕਤ ਹੈ। ਸਤਿ ਵਿਚ ਇਸਥਿਤ ਹੋਣਾ ਹੈ, ਫੁਰਨੇ ਰੁਕਦੇ ਨਹੀਂ, ਅੰਦਰ ਹਨੇਰਾ ਹੈ ਅੱਖ ਨੂਟਿਆਂ। ਫਿਰ ਸਤਿ ਵਿਚ ਕਿਵੇਂ ਜਾਈਏ? ਮਹਾਰਾਜ ਨੇ ਫੁਰਮਾਇਆ ਹੈ ਕਿ ਨਾਮ ਸਤਿ ਹੈ। ਸਤਿਗੁਰ ਤੋਂ ਆਇਆ ਹੈ, ਆਪ ਹੈ ਸਤਿ। ਨਾਮ ਲੈ ਜਾਏਗਾ ਸਤਿ ਕੋਲ ਜਿਵੇਂ ਪਾਣੀ ਦੀ ਸੁਹਬਤ ਕਿਰਨ ਨਾਲ ਹੋਈ ਤੇ ਕਿਰਨ ਚੁਕ ਕੇ ਲੈ ਗਈ ਪਾਣੀ ਨੂੰ ਆਪਣੇ ਮੰਡਲ ਵਿਚ, ਤਿਵੇਂ ਗੁਰੂ ਦੀ ਸੁਹਬਤ ਨਾਲ ਸਤਿ ਵਿਚ ਸਮਾਈ ਹੈ। ਸਤਿ ਵਿਚ ਇਸਥਿਤੀ ਨਾਮ ਕਰੇਗਾ। ਨਾਮ ਗੁਰੂ ਬਖਸ਼ੇਗਾ।

ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥
(ਮਾਝ ਮਹਲਾ ੩)

ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥
(ਧਨਾਸਰੀ ਮਹਲਾ ੩)

ਨਾਨਕ ਕੈ ਘਰਿ ਕੇਵਲ ਨਾਮੁ॥
(ਭੈਰਉ ਮਹਲਾ ੫)

ਜੇ ਜੇ ਅਉਰ ਧਿਆਨ ਕੋ ਧਰਹੀ॥
ਬਹਿਸ ਬਹਿਸ ਬਾਦਨ ਤੇ ਮਰਹੀ॥ (ਬਚਿਤ੍ਰ ਨਾਟਕ)

ਉਨ੍ਹਾਂ ਦੇ ਮੁਖ ਉੱਜਲੇ ਹੋਣਗੇ ਜਿਨ੍ਹਾਂ ਦੇ ਹਿਰਦੇ ਵਿਚ ਸਿਮਰਨ ਹੈ, ਨਾਮ ਹੈ, ਜਪੁ ਹੈ, ਧਿਆਨ ਹੈ :-

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥
(ਸਲੋਕ ਵਾਰਾਂ ਤੇ ਵਧੀਕ ਮ: ੪)

ਨਾਮ ਦੇ ਪੰਜ ਦਰਜੇ ਹਨ :- (੧) ਜਪ (੨) ਸਪਰਸ਼-ਹਿਰਦੇ ਵਿਚ ਟਿਕਣਾ (੩) ਸਰੀਰ ਵਿਚ ਰਸ ਜਾਣਾ (੪) ਰੋਮਾਂ ਵਿਚ ਰਸ ਜਾਣਾ (੫) ਰੋਮ ਤੇ ਬ੍ਰਹਮੰਡ ਵਿਚ ਰਸ ਜਾਣਾ

(੧) ਜਪ- ਇਹ ਤਾਂ ਪਾਰਸ ਹੈ, ਲੋਹੇ ਨੂੰ ਸੋਨਾ ਬਨਾਉਣ ਵਾਲਾ ਹੈ। ਜਪ ਦਾ ਅਰਥ ਹੈ ਰਸਨਾ ਨਾਲ ਜਪਣਾ, ਪੜ੍ਹ ਕੇ ਆਪ ਹੀ ਸੁਣਨਾ। ਬਾਣੀ ਪੜ੍ਹਦੇ ਹੋ ਤਾਂ ਸੁਣਨ ਦੀ ਕੋਸ਼ਿਸ਼ ਕਰੋ, ਇਹ ਆਪ ਨੂੰ ਪ੍ਰਕਾਸ਼ ਰੂਪ ਕਰ ਦੇਵੇਗੀ।

ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ ਮਿਟੇ ਅੰਧਿਆਰਾ॥
(ਭਾਈ ਗੁਰਦਾਸ ਜੀ ਵਾਰ ੧-੩੮)

ਇਸ ਕਰ ਕੇ ਮਨ ਟਿਕਦਾ ਹੈ:

ਗੁਰਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ॥
(ਭਾਈ ਗੁਰਦਾਸ ਜੀ ਵਾਰ ੩-੭)

ਯਾਰ, ਦੋਸਤ ਦਾ ਦਰਸ਼ਨ ਕਰ ਕੇ ਆਖਦਾ ਹੈ: ਖਿੜ ਗਿਆ ਹਾਂ। ਕੋਈ ਤਾਸੀਰ ਹੋਈ ਨਾ ਮਿਲਣ ਦੀ ? ਕਰੋਧ ਅਥਵਾ ਗਾਲ੍ਹਾਂ ਦੀ ਵੀ ਤਾਸੀਰ ਹੁੰਦੀ ਹੈ। ਗੁਰਬਾਣੀ ਦੀ ਕਿਉਂ ਨਾ ਤਾਸੀਰ ਹੋਵੇਗੀ। ?

'ਸਤਿਗੁਰ ਬਚਨ ਬਚਨ ਹੈ ਸਤਿਗੁਰ......।' (ਕਾਨੜਾ ਮਹਲਾ ੪)

ਓਹ ਨਾਮ ਜਪ ਕੀ ਹੈ?
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਇਆ॥
(ਭਾਈ ਗੁਰਦਾਸ ਜੀ)

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥
ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੋ ਹੋਇ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ॥
ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰ ਦੇਇ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ॥੧॥
(ਗੂਜਰੀ ਵਾਰ ਮਹਲਾ ੩)

੨. ਸਪਰਸ਼-ਪਹਿਲੇ ਜੀਭ ਵਿਚ, ਫਿਰ ਹਿਰਦੇ ਵਿਚ ਚਲਾ ਜਾਂਦਾ ਹੈ। ਮਨ ਅੰਦਰ 'ਵਾਹਿਗੁਰੂ' 'ਵਾਹਿਗੁਰੂ' ਹੁੰਦਾ ਰਹੇਗਾ।

'........ਅਮਿਅ ਨਾਮੁ ਜਾ ਕਉ ਫੁਰਿਆ॥'
(ਸਵਈਏ ਮਹਲੇ ਚਉਥੇ ਕੇ)

ਬਿਨੁ ਜਿਹਵਾ ਜੋ ਜਪੈ ਹਿਆਇ॥ (ਮਲਾਰ ਮਹਲਾ ੧)

ਹਿਰਦੇ ਵਿਚ ਜਾ ਕੇ ਸਫੁਰਨ ਹੋਣ ਲਗ ਪਏਗਾ। ਜੋ ਆਪੇ ਝਰਦਾ, ਸਿੰਮਦਾ ਰਹੇ, ਉਹ ਸਿਮਰਨ ਹੈ। ਇਥੇ ਅੰਮ੍ਰਿਤ ਬਣ ਜਾਏਗਾ, ਤੁਸੀਂ ਘੁੱਟ ਭਰ ਕੇ ਪੀਓਗੇ, ਅੰਦਰ ਅੰਮ੍ਰਿਤ ਦਾ ਚਸ਼ਮਾ ਫੁਟ ਪਏਗਾ।

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ॥
(ਵਡਹੰਸੁ ਮ:੩)

੩. ਸ਼ਰੀਰ ਵਿਚ ਰਸ ਜਾਣਾ- ਸਾਰੇ ਸ਼ਰੀਰ ਵਿਚ ਰਸ ਜਾਣਾ ਇਹ ਤੀਜੀ ਦਸ਼ਾ ਹੈ, ਜਿਵੇਂ ਪਾਣੀ ਪਹਿਲੇ ਮੁੱਖ ਤੇ ਮੋਟੀਆਂ ਜੜ੍ਹਾਂ ਵਿਚ ਰਸਦਾ ਹੈ ਤੇ ਫਿਰ ਡਾਲੀਆਂ ਦੇ ਰਾਹੀਂ ਪੱਤੇ ਵਿਚ ਰਸ ਜਾਂਦਾ ਹੈ, ਇਸੇ ਤਰ੍ਹਾਂ ਹਰ ਨਾੜੀ ਵਿਚ, ਹਰ ਨਾਲੀ ਵਿਚ, ਨਾਮ ਰਸ ਜਾਂਦਾ ਹੈ, ਅਸਲੀਅਤ ਪ੍ਰਗਟ ਹੋ ਪੈਂਦੀ ਹੈ।

੪. ਰੋਮਾਂ ਵਿਚ ਰਸ ਜਾਣਾ-ਰੋਮ ਜੋ ਹਨ, ਇਹ ਬਾਰੀਕ ਛੇਦ ਹਨ ਜੋ ਸ਼ਰੀਰ

ਵਿਚ ਹੈਨ। ਉਹਨਾਂ ਦੇ ਵਿਚ 'ਵਾਹਿਗੁਰੂ' 'ਵਾਹਿਗੁਰੂ' 'ਵਾਹਿਗੁਰੂ' ਦਾ ਜਾਪ ਸ਼ੁਰੂ ਹੋ ਜਾਂਦਾ ਹੈ ਤੇ ਇਕ ਵਾਹਿਗੁਰੂ ਕਹਿਣ ਨਾਲ ਕਈ ਕਰੋੜ ਵਾਰੀ ਵਾਹਿਗੁਰੂ ਦਾ ਜਪੁ ਹੋ ਜਾਂਦਾ ਹੈ:-

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥ (ਸਿਧ ਗੋਸਟਿ)

'ਸੁਣਿਐ ਜੋਗ ਜੁਗਤਿ ਤਨਿ ਭੇਦ॥'

ਇਥੇ ਰੋਮ ਰੋਮ ਵਿਚ ਜੀਭ ਲਗ ਜਾਂਦੀ ਹੈ ਤੇ 'ਵਾਹਿਗੁਰੂ' 'ਵਾਹਿਗੁਰੂ' ਹੋਣ ਲਗ ਜਾਂਦਾ ਹੈ।

ਹਰ ਸਰੇ ਮੂਏ ਜ਼ੁਬਾਂ ਕੁਨ ਅਜ਼ ਕਰਮ॥ (ਭਾਈ ਨੰਦ ਲਾਲ)

ਭਾਈ ਨੰਦ ਲਾਲ ਜੀ ਅਰਦਾਸ ਕਰਦੇ ਹਨ ਕਿ ਹੇ ਦਾਤਾ ਮੇਰੇ ਹਰੇਕ ਰੋਮ ਨੂੰ ਜੀਭ ਬਣਾ ਦੇ।

ਗੁਰੂ ਅਰਜਨ ਦੇਵ ਪਾਤਸ਼ਾਹ ਦੇ ਚਰਨਾਂ ਵਿਚ ਇੱਕ ਸਿੱਖ ਆਇਆ ਤੇ ਕਹਿਣ ਲਗਾ: "ਪਾਤਸ਼ਾਹ! ਆਪ ਨੇ ਲਿਖਿਆ ਹੈ:

ਗੁਰਮੁਖਿ ਰੋਮਿ ਰੋਮਿ ਹਰ ਧਿਆਵੈ॥"

ਸੋ ਐਸੀ ਅਵਸਥਾ ਵਾਲਾ ਕੋਈ ਮਹਾਪੁਰਸ਼ ਹੈ ਤਾਂ ਦਾਸ ਨੂੰ ਭੀ ਦਰਸ਼ਨ ਕਰਾਓ? ਸਤਿਗੁਰ ਜੀ ਨੇ ਫੁਰਮਾਇਆ: 'ਹੇ ਗੁਰਮੁਖ! ਜੇਕਰ ਤੂੰ ਦਰਸ਼ਨ ਕਰਨੇ ਹੈਨ ਤਾਂ ਤੈਨੂੰ ਮਾਂਗਟ ਜਾਣਾ ਪਏਗਾ, ਓਥੇ ਇਕ ਗੁਰਸਿੱਖ ਹੈ, ਭਾਈ ਬੰਨੋ, ਜਿਸ ਨੂੰ ਇਹ ਅਵਸਥਾ ਪ੍ਰਾਪਤ ਹੈ। ਆਗਿਆ ਲੈ ਕੇ ਸਿਖ ਚੱਲ ਪਿਆ।ਮਾਂਗਟ ਪਹੁੰਚਿਆ ਤਾਂ ਕੀ ਤੱਕਦਾ ਹੈ ਕਿ ਭਾਈ ਬੰਨੋ ਜੀ ਘਿਉ ਦੇ ਵਾਪਾਰੀ ਹਨ; ਅਨੰਤ ਜੱਟੀਆਂ ਘਿਉ ਲਈ ਬੈਠੀਆਂ ਹਨ, ਕੋਈ ਤਪਾ ਰਹੀਆਂ ਹਨ, ਕੋਈ ਛਾਣ ਰਹੀਆਂ ਹਨ, ਕੋਈ ਝਗੜ ਰਹੀਆਂ ਹਨ। ਭਾਈ ਸਾਹਿਬ ਚੌਂਕੀ ਤੇ ਬੈਠੇ ਹਨ। ਤੱਕ ਕੇ ਖੜਾ ਹੋ ਗਿਆ। ਉਧਰ ਭਾਈ ਸਾਹਿਬ ਦੀ ਅਚਣਚੇਤ ਨਜ਼ਰ ਸਿੱਖ ਤੇ ਪਈ, ਉਠ ਖੜੇ ਹੋਏ। ਆਪਣੇ ਪਾਸ ਲਿਆਂਦਾ, ਸਤਿਕਾਰ ਕੀਤਾ ਤੇ ਪੁੱਛਿਆ, 'ਕਿਵੇਂ ਆਏ ਹੋ'? ਸਿੱਖ ਨੇ ਸਾਰੀ ਵਾਰਤਾ ਦੱਸੀ ਤਾਂ ਭਾਈ ਸਾਹਿਬ ਕਹਿਣ ਲਗੇ: 'ਸਤਿ ਬਚਨ' ਆਪ ਆ ਕੇ ਚੌਕੀ ਤੇ ਸਜ ਗਏ ਤੇ ਵਾਪਾਰ ਕਰਨ ਲਗ ਪਏ।ਕੁਝ ਸਮੇਂ ਬਾਦ ਸਿੱਖ ਨੂੰ ਕਹਿਣ ਲੱਗੇ ਕਿ ਚੋਲਾ ਚਾ ਕੇ ਕੰਡ ਨਾਲ ਕੰਨ ਲਾਓ। ਜਿਸ ਵੇਲੇ ਗੁਰਸਿੱਖ ਨੇ ਕੰਨ ਲਾਏ ਤਾਂ ਰੋਮ ਰੋਮ ਵਿਚੋਂ 'ਵਾਹਿਗੁਰੂ''ਵਾਹਿਗੁਰੂ' ਦੀ ਧੁਨੀ ਹੋ ਰਹੀ ਸੀ।

ਰੋਮਿ ਰੋਮਿ ਰਵਿਆ ਹਰਿਨਾਮੁ॥
ਸਤਿਗੁਰੁ ਪੂਰੈ ਕੀਨੋ ਦਾਨੁ॥ (ਭੈਰਉ ਮਹਲਾ ੫)

ਜ਼ਾਹਰ ਅੰਦਰ ਮਾਇਲੇ ਫਰਜ਼ੰਦੋ ਜ਼ਨ॥
ਦਰ ਹਕੀਕਤ ਬਾ ਖਦਾਏ ਖ਼ੇਸ਼ਤਨ॥
ਜ਼ਾਹਰ ਅੰਦਰ ਮਾਇਲੇ ਹਿਰਸੋ ਹਵਾ॥
ਬਾਤਨੇ ਊ ਪਾਕ ਅਜ਼ ਯਾਦੇ ਖੁਦਾ॥ (ਭਾਈ ਨੰਦ ਲਾਲ)

੫. ਬ੍ਰਹਮੰਡ ਵਿਚ ਨਾਮ ਦਾ ਵਿਆਪਕ ਹੋ ਜਾਣਾ-ਜੋ ਰੋਮ ਰੋਮ ਵਿਚ ਨਾਮ ਸੀ, ਉਸ ਅਵਸਥਾ ਤੋਂ ਪੰਜਵੀ ਅਵਸਥਾ ਇਹ ਪ੍ਰਾਪਤ ਹੋਣੀ ਹੈ ਕਿ ਸਾਰਾ ਬ੍ਰਹਮੰਡ ਨਾਮ ਜਪਦਾ ਨਜ਼ਰ ਆਉਂਦਾ ਹੈ:

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ
ਸਭ ਹਰਿ ਹਰਿ ਨਾਮੁ ਧਿਆਵੈ ਰਾਮ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ
ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮੁ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ
ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥
ਨਾਨਕ ਤੇ ਹਰਿ ਦਰਿ ਪੈਨਾਇਆ ਮੇਰੀ ਜਿੰਦੁੜੀਏ
ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥ (ਬਿਹਾਗੜਾ ਮ: ੪)

ਨਾਮ ਕੇ ਧਾਰੇ ਆਗਾਸ ਪਾਤਾਲ ॥ (ਸੁਖਮਨੀ)

ਸਿਮਰਹਿ ਪਸੁ ਪੰਖੀ ਸਭਿ ਭੂਤਾ॥
ਸਿਮਰਹਿ ਬਨ ਪਰਬਤ ਅਉਧੂਤਾ ॥
ਲਤਾ ਬਲੀ ਸਾਖ ਸਭ ਸਿਮਰਹਿ
ਰਵਿ ਰਹਿਆ ਸੁਆਮੀ ਸਭ ਮਨਾ॥ (ਮਾਰੂ ਮਹਲਾ ੩)

ਜੈਸੇ ਦਾਤਾ ਬੜਾ ਹੈ ਤੈਸੇ ਉਸ ਦਾ ਨਾਮ ਭੀ ਬੜਾ ਹੈ, 'ਸਾਚੇ ਨਾਮ ਕੀ ਤਿਲੁ ਵਡਿਆਈ॥' ਨਾਮ ਦੀ ਮਹਿਮਾ ਕੋਈ ਨਹੀਂ ਗਾ ਸਕਦਾ। ਨਾਮ ਸਤਿ ਹੈ, ਕਰਤਾ ਹੈ, ਕ੍ਰਿਤ ਹੈ, ਰਚਿਤ ਹੈ, ਰਚਣਹਾਰ ਹੈ; ਭੁੱਲ ਹੈ ਤਾਂ ਯਾਦ ਭੀ ਹੈ। ਭੈ ਨਿਵਿਰਤੀ ਦਾ ਕਾਰਨ ਨਿਰਭਉ ਹੈ। ਦ੍ਵੈਤ ਨਿਵਿਰਤੀ ਦਾ ਕਾਰਨ ਇਕ ਦਾ ਸਿਮਰਨ ਹੈ:-

ਏਕੋ ਜਪਿ ਏਕੋ ਸਾਲਾਹਿ॥ (ਸੁਖਮਨੀ)

ਇਕ ਬਿਨ ਦੂਸਰ ਸੋ ਨ ਚਿਨਾਰ॥ (ਪਾਤ :੧੦)

'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥

ਹਰੇਕ ਰੋਮ ਨੂੰ ਜੀਭ ਲਗ ਜਾਂਦੀ ਹੈ। 'ਵਾਹਿਗੁਰੂ'

ਲਤਾ ਬਲੀ ਸਾਖ ਸਭਿ ਸਿਮਰਹਿ
ਰਵਿ ਰਹਿਆ ਸੁਆਮੀ ਸਭ ਮਨਾ॥ (ਮਾਰੂ ਸੋਲਹੇ ਮਹਲਾ ੩)

ਬ੍ਰਹਮੰਡ ਵਿਚ ਕਿਣਕਾ ਕਿਣਕਾ ਵਾਹਿਗੁਰੂ ਜਪ ਰਿਹਾ ਹੈ। ਹਰੇਕ ਚੀਜ਼ ਨੂੰ ਜੀਭ ਲੱਗੀ ਹੋਈ ਹੈ।

ਤਾਤਪਰਜ-ਜਿਸ ਤਰ੍ਹਾਂ ਇਕ ਮੁਲਕ ਵਿਚ ਕੀਰਤਨ ਹੁੰਦਾ ਹੈ, ਦੂਜੇ ਮੁਲਕ ਵਿਚ ਨਹੀਂ ਸੁਣ ਸਕਦਾ, ਪਰ ਰੇਡੀਓ ਸੁਣ ਸਕੀਦਾ ਹੈ। ਇਸੇ ਤਰ੍ਹਾਂ ਹਰੇਕ ਚੀਜ਼ ਇਸ ਸੰਸਾਰ ਦੀ ਨਾਮ ਜਪ ਰਹੀ ਹੈ, ਪਰ ਅਸੀਂ ਹੁਣ ਸੁਣ ਨਹੀਂ ਸਕਦੇ, ਪਰ ਜਦੋਂ ਅਸੀਂ ਨਾਮ ਦਾ ਸਿਮਰਨ ਕਰਦੇ ਹੋਏ ਉੱਚੀ ਪੌੜੀ ਤੇ ਚੜ੍ਹਦੇ ਹਾਂ ਤਾਂ ਲੂੰ ਲੂੰ ਕਿਣਕੇ ਵਿਚੋਂ ਆਵਾਜ ਸੁਣੀਂਦੀ ਹੈ-'ਵਾਹਿਗੁਰੂ''ਵਾਹਿਗੁਰੂ'

"ਗਾਵੀਐ ਸੁਣੀਐ ਮਨਿ ਰਖੀਐ ਭਾਉ॥"

ਜਿਸ ਨਾਮ ਨੂੰ ਮਨ ਸੁਣੇਗਾ, ਇਕਾਗਰ ਹੋਏਗਾ

ਨਾਮ ਰਤਨੁ ਸੁਨਿ ਜਪਿ ਜਪਿ ਜੀਵਾ
ਹਰਿ ਨਾਨਕ ਕੰਠ ਮਝਾਰੇ ॥ (ਟੋਡੀ ਮਹਲਾ ੫)

ਇਹ ਵਰਡ (word) ਨਹੀਂ। ਜੇ ਇੱਕ ਮਨੁੱਖ ਕੌੜਾ ਬਚਨ ਬੋਲੇ, ਕਹਿੰਦਾ ਹੈ "ਮੇਰੇ ਅੱਗ ਲੱਗ ਗਈ" ਪਰ ਇਹ ਤਾਂ ਨਾਮ ਹੈ। ਮਹਾਪੁਰਖਾਂ ਦੀ ਤਾਸੀਰ ਨਾਲ ਧਰੁਵਾ ਬਝ ਜਾਂਦਾ ਹੈ, ਅਗਿਆਤ ਬੱਚੇ ਨੂੰ ਹੁੰਡੀ ਦਾ, ਨੋਟ ਦਾ ਕੀ ਪਤਾ? ਪਰ ਸਾਧ ਸੰਗਤ ਜੀ! ਆਪ ਨੂੰ ਨੋਟ ਵਿਚੋਂ ਅਨੰਤ ਪਦਾਰਥ ਮਿਲ ਸਕਦੇ ਹਨ। ਇਹ ਨਾਮ ਰਤਨ ਹੈ, ਗੁਰਬਾਣੀ ਦੀਆਂ ਹੁੰਡੀਆਂ ਹਨ, ਇਸ ਦਾ ਪਤਾ ਗੁਰੂ ਨੂੰ ਹੈ। ਪਰ ਧੰਨ ਤਾਂ ਗੁਰੂ ਨਾਨਕ ਹੈ।

ਰਤਨਾਂ ਵੇਖੈ ਸਭ ਕੋ ਰਤਨਾਂ ਪਾਰਖੁ ਵਿਰਲਾ ਕੋਈ ॥
(ਭਾਈ ਗੁਰਦਾਸ ਜੀ)

ਸਾਧ ਸੰਗਤ ਜੀ! ਬ੍ਰਹਮੰਡ ਦੀ ਪਾਤਸ਼ਾਹੀ ਕੋਈ ਦੇ ਦੇਵੇ, ਸੁਰਗ ਦੇ ਦੇਵੇ ਪਰ ਸ੍ਰੀ ਜਪੁ ਸਾਹਿਬ ਦਾ ਵੱਟਾ ਨਾ ਕਰਨਾ। ਪੁੰਨ ਖੀਣ ਹੋਣ ਤੇ ਸੁਰਗ ਵਿਚੋਂ ਧੱਕੇ ਮਾਰ ਕੇ ਕੱਢ ਦੇਣਗੇ। ਧੰਨ ਗੁਰਬਾਣੀ ਹੈ, ਧੰਨ ਨਾਮ ਹੈ, ਸਾਰੇ ਜਪਾਂ ਦਾ ਸਾਹਿਬ ਹੈ ਜਪੁ ਸਾਹਿਬ, ਇਹ ਸੱਚੀ ਦਰਗਾਹ ਦਾ ਸਰਟੀਫਿਕੇਟ ਹੈ, ਇਸ ਵਿਚ ਆਗਿਆ ਲਿਖੀ ਹੈ।

'ਮੰਨੈ ਮਾਰਗਿ ਠਾਕ ਨਾ ਪਾਇ॥'

ਰੱਬ ਦੀ ਦਰਗਾਹ ਪੁੱਜਣ ਦਾ ਨਗਾਰਾ ਹੈ। 'ਸਬਦ ਨਿਸਾਨ ਬਜਾਇਓ' ਜੁਗੋ ਜੁਗ ਝੁਲਦੇ ਰਹਿਣ, ਅਰ ਆਪ ਝੁਲਾਂਦੇ ਰਹੋ।

ਮਨ ਵਿਚ ਇਕ ਇਹ ਅਜੀਬ ਤਾਕਤ ਹੈ ਕਿ ਜਿਸ ਚੀਜ਼ ਨੂੰ ਮਨ ਚੰਗਾ ਸਮਝੇ ਅਤੇ ਚਾਹੇ, ਉਹ ਉਹੀ ਚੀਜ਼ ਬਣ ਜਾਂਦਾਹੈ।

ਜੈਸੇ ਸੇਵੈ ਤੈਸੋ ਹੋਇ॥ (ਗਉੜੀ ਮਹਲਾ ੧)

ਮਨ ਦੀ ਇਸ ਸੁਭਾਵਕ ਸ਼ਕਤੀ ਤੇ ਹੀ ਨਾਮ ਸਿਮਰਨ ਦੀ ਬੁਨਿਆਦ ਰਖੀ ਗਈ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਨਾਮ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ:

ਨਾਮ: ਸੰਸਕ੍ਰਿਤ ਰੂਪ ਨਾਮਨ

ਧਾਤੂ ਹੈ ਮਾਂ: ਯਾਦ ਰੱਖਣਾ, ਯਾਦ ਕਰਨਾ। 'ਨਾਮਨ' ਤੋਂ ਪ੍ਰਾਕ੍ਰਿਤ ਤੇ ਪੰਜਾਬੀ ਰੂਪ ਹੈ ਨਾਮ।

ਗੁਰਬਾਣੀ ਵਿਚ ਨਾਮ ਪਦ ਨੂੰ ਨਾਉ, ਨਾਵ, ਨਾਇ, ਰੂਪਾਂ ਵਿਚ ਵੀ ਲਿਖਿਆ ਹੈ ਯਥਾ:

ਨਾਉ ਤੇਰਾ ਨਿਰੰਕਾਰ ਹੈ (ਵਾਰ ਆਸਾ ਮ: ੧)
ਨਾਵੈ ਅੰਦਰਿ ਹਉ ਵਸਾ॥ (ਸਿਰੀ ਰਾਗੁ ਮ:੧)
ਸਾਚਾ ਸਾਹਿਬੁ ਸਾਚੁ ਨਾਇ (ਜਪੁ ਜੀ)

ਗੁਰਬਾਣੀ ਵਿਚ ਇਹ ਪਦ ਵਿਸ਼ੇਸ਼ ਕਰ ਕੇ 'ਪਰਮੇਸੁਰ ਦੇ ਨਾਮ' ਦਾ ਵਾਚਕ ਹੋ ਕੇ ਆਯਾ ਹੈ, ਜਿਸ ਨੂੰ ਕਈ ਵੇਰ ਤਾਂ 'ਹਰਿ ਨਾਮ' ਕਰ ਕੇ ਲਿਖਿਆ ਹੈ, ਪਰ ਅਕਸਰ ਨਿਰਾ 'ਨਾਮ' ਕਰ ਕੇ ਵਰਤਿਆ ਹੈ। ਯਥਾ:

'ਨਾਮ ਤਤੁ ਸਭ ਹੀ ਸਿਰਿ ਜਾਪੈ॥' (ਰਾਮ :ਮ:੧)

ਪਰਮੇਸੁਰ ਦਾ ਨਾਮ ਹੀ ਸਾਰ ਵਸਤੂ ਤੇ ਸਭ ਤੋਂ ਸ਼ਿਰੋਮਣ ਜਾਣੀਦਾ ਹੈ

ਗੁਰਬਾਣੀ ਵਿਚ ਉਨ੍ਹਾਂ ਨਾਮਾਂ ਨੂੰ, ਜੋ ਗੁਣ ਕਰਮ ਆਦਿ ਕਰ ਕੇ ਪਰਮੇਸੁਰ ਦੇ ਧਰੇ ਗਏ ਹਨ, 'ਕਿਰਤਮ ਨਾਮ' ਕਰ ਕੇ ਲਿਖਿਆ ਹੈ। ਯਥਾ:

ਕਿਰਤਮ ਨਾਮ ਕਥੇ ਤੇਰੇ ਜਿਹਬਾ (ਮਾਰੂ ਸੋਲਹੇ ਮਹਲਾ ੫)

ਇਸ ਨੂੰ ਦਸਮੇ ਪਾਤਸ਼ਾਹ ਨੇ ਕਰਮ ਨਾਮ, ਲਿਖਿਆ ਹੈ ਯਥਾ:

ਕਰਮ ਨਾਮ ਬਰਣਤ ਸੁਮਤਿ॥

ਇਸ ਤੋਂ ਧੁਨੀ ਨਿਕਲੀ ਕਿ ਇਸ ਹੋਰ ਨਾਮ ਹੈ ਜਿਸ ਨੂੰ 'ਅਕਿਰਤਮ' ਕਹਿਣਾ ਚਾਹੀਏ, ਇਸ ਨੂੰ ਗੁਰੂ ਜੀ ਨੇ ਪਰਾ ਪੂਰਬਲਾ ਦਾ ਵਿਸ਼ੇਸ਼ਣ ਦਿੱਤਾ ਹੈ ਤੇ ਇਸ ਦਾ ਵਿਸ਼ੇਸ਼ ਪਦ ਸਤਿ ਦਿੱਤਾ ਹੈ। ਯਥਾ:

ਸਤਿਨਾਮੁ ਤੇਰਾ ਪਰਾ ਪੂਰਬਲਾ (ਮਾਰੂ ਸੋਲਹੇ ਮਹਲਾ ੫)

ਕਿ ਹੇ ਪਰਮੇਸ਼ੁਰ! ਤੇਰਾ ਜੋ ਨਾਮ 'ਸਤਿ' ਹੈ, ਸਭ ਤੋਂ ਸਰੇਸ਼ਟ ਤੇ ਮੋਹਰਲਾ ਹੈ। ਨਾਮ ਨਿਰਾ ਸੰਗਯਾ ਮਾਤ੍ਰ ਨਹੀਂ, ਨਾਮ ਜਪ ਹੈ। ਨਾਮ ਸਿਮਰਨ ਹੈ। ਨਾਮ ਲਿਵ ਹੈ, ਨਾਮ ਵਯਾਪਕ ਨਾਮ ਵਿਚ ਪਹੁੰਚ ਕੇ ਤਦਰੂਪ ਹੁੰਦਾ ਹੈ। ਅੰਤ ਨਾਮ ਨਾਮੀ ਦੀ ਅਭੇਦਤਾ ਹੈ। ਅਰਥਾਤ ਨਾਮ ਪ੍ਰੇਮੀ, ਨਾਮੀ (ਵਾਹਿਗੁਰੂ) ਨੂੰ ਪ੍ਰਾਪਤ ਹੋ ਜਾਂਦਾ ਹੈ। ਯਥਾ:

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥ (ਸੂਹੀ ਮ:੩)

ਇਸ ਕਰ ਕੇ ਗੁਰਬਾਣੀ ਅਨੁਸਾਰ ਨਾਮ ਇਕ ਆਤਮ ਵਿਦਯਾ ਹੈ, ਜੋ ਜਗਯਾਸੂ ਦੀ ਈਸ਼੍ਵਰ ਪ੍ਰਾਪਤੀ ਦੀ ਅਕਾਂਖਯਾ ਤੋਂ ਲੈ ਕੇ, ਜਪ ਤੋਂ ਆਰੰਭ ਹੋ ਕੇ, ਸਾਈਂ ਮਿਲਾਪ ਤਕ ਲੈ ਜਾਂਦੀ ਹੈ। ਸਾਂਈ ਦੀ ਸਿਫਤ, ਕੀਰਤਨ, ਉਸ ਅਗੇ ਬੇਨਤੀ, ਉਸ ਦਾ ਸ਼ੁਕਰ, ਧੰਨਵਾਦ ਆਦਿ ਮਨ ਦੇ ਉੱਚੇ ਭਾਵ ਉਸ ਨਾਮ ਦੇ ਸਹਾਯਕ ਹਨ ਜੋ ਉਸ ਨੂੰ ਨਿਰਾ ਸਾਧਨ ਮਾਤ੍ਰ ਨਹੀਂ ਰਹਿਣ ਦੇਂਦੇ, ਨਾਮ ਨੂੰ ਉਹ ਜੀਉਂਦਾ ਜਾਗਦਾ ਪ੍ਰੇਮ ਬਣਾ ਦੇਂਦੇ ਹਨ, ਤੇ ਇਸ ਸਾਧਨ ਨੂੰ ਜੀਵਤ ਸਾਧਨ ਬਣਾ ਦੇਂਦੇ ਹਨ ਅਤੇ ਸਾਧਕ ਨੂੰ ਬੀ ਜਿਵਾ ਦੇਂਦੇ ਹਨ:-

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
(ਮਾਝ ਵਾਰ ਮ: ੧-੧੦)

ਸੋ ਨਾਮ ਪ੍ਰੇਮ ਹੈ ਤੇ ਪ੍ਰੇਮ ਪ੍ਰਾਪਤੀ ਹੈ:

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥ (ਮਾਰੂ ਮਹਲਾ ੧)

ਪੁਨਾ-ਸਾਚ ਕਹਉ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।
(ਅਕਾਲ ਉਸਤਤਿ)

ਨਾਮ ਪਹਿਲੋਂ ਰਸਨਾ ਨਾਲ ਜਪੀਦਾ ਹੈ, ਇਸ ਨੂੰ 'ਜਪੁ' ਕਹੀਦਾ ਹੈ। ਫਿਰ ਇਹ ਸੂਖਮ ਹੋ ਕੇ ਅੰਦਰ ਚਲਾ ਜਾਂਦਾ ਹੈ। ਮਨ ਵਿਚ ਗਿਆਂ ਇਸ ਨੂੰ 'ਸਿਮਰਨ' ਕਹੀਦਾ ਹੈ। ਜਦੋਂ ਭੁੱਲਦਾ ਨਹੀਂ, ਆਪੇ ਹੁੰਦਾ ਹੈ ਤੇ ਸਰੀਰ ਵਿਚ ਇਕ ਸੰਗੀਤਕ ਭਾਵ ਵਾਂਙੂ ਜਾਰੀ ਰਹਿੰਦਾ ਹੈ ਤਾਂ 'ਗੁਰਮਖਿ ਰੋਮਿ ਰੋਮਿ ਹਰਿ ਧਿਆਵੈ' ਕਹੀਦਾ ਹੈ। ਜਦ ਨਾਮ ਦੀ ਲਖਤਾ ਹੋ ਆਉਂਦੀ ਹੈ ਤਾਂ 'ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ' ਦਾ ਅਨੁਭਵ ਹੋ ਆਉਂਦਾ ਹੈ :

ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਮੰਤਰ ਸੁਣਾਇਆ॥
(ਵਾਰ ੧੨)

ਵਾਹਿਗੁਰੂ ਸਦਾ ਹਾਹੇ ਨੂੰ ਸਿਹਾਰੀ ਲਾ ਕੇ, ਰਾਰੇ ਨੂੰ ਦੂਲੈਂਕੜ ਲਾ ਕੇ ਪੜ੍ਹਨਾ, ਇਹ ਠੀਕ ਉਚਾਰਨ ਹੈ ਜੋ ਅੰਮ੍ਰਿਤ ਦੇ ਚੁਲੇ ਨਾਲ ਸਤਿਗੁਰਾਂ ਨੇ ਬਖਸ਼ਿਆ ਹੈ।

ਕਈ 'ਸਤਿਨਾਮ ਵਾਹਿਗੁਰੂ' ਜਪਣ ਵਾਸਤੇ ਕਹਿੰਦੇ ਹਨ। ਇਹ ਸਾਰੇ ਨਾਮ ਭਾਵੇਂ ਵਾਹਿਗੁਰੂ ਜੀ ਦੇ ਹੀ ਹਨ, ਪਰ ਗੁਰ ਮੰਤਰ ਰੂਪ ਅੰਮ੍ਰਿਤ ਛਕਣ ਵੇਲੇ ਜਪਣ ਵਾਸਤੇ ਕੇਵਲ ਵਾਹਿਗੁਰੂ ਹੀ ਬਖਸ਼ਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥